ISSN-0971-8397

# ਯੋਜਨਾ

ਇਕ ਵਿਕਾਸ ਮਾਸਿਕ

ਸਾਲ : 29 ਅੰਕ 6 ਜਨਵਰੀ, 2014 ₹10 ਸਾਲਾਨਾ ਚੰਦਾ ₹100

## ਆਦਿਵਾਸੀ ਤੇ ਹਾਸ਼ੀਆਕ੍ਰਿਤ ਸਮਾਜ


ਸੰਵਿਧਾਨਿਕ ਉਪਬੰਧ, ਕਾਨੂੰਨ ਤੇ ਆਦਿਵਾਸੀ
ਵਿਰਜੀਨੀਅਸ ਖਾਖਾ

ਆਦਿਵਾਸੀ ਸਵੈ-ਰਾਜ ਨੂੰ ਅਸਲ ਰੂਪ ਦੇਣਾ : ਸਭ ਸਮੱਸਿਆਵਾਂ ਦਾ ਹੱਲ
ਰਾਹੁਲ ਬੈਨਰਜੀ

ਖੁਰਾਕ ਬਿਲ, ਜੰਗਲੀ ਖਾਧ-ਖੁਰਾਕ ਤੇ ਆਦਿਵਾਸੀ ਲੋਕ
ਮਧੂ ਰਾਮਨਾਥ

ਸਮੁਦਾਇ ਸਰੋਤ ਵਿਅਕਤੀ : ਭੂਮੀ ਸ਼ਾਸਨ 'ਚ ਪਰਿਵਰਤਨ ਦਾ ਅਗਰਦੂਤ
ਸੰਜੈ ਪਟਨਾਇਕ

ਵਿਸ਼ੇਸ਼ ਲੇਖ
ਜਲਵਾਯੂ ਪਰਿਵਰਤਨ ਤੇ ਸਰਕਾਰ ਦੀਆਂ ਤਿਆਰੀਆਂ
ਸੁਭਾਸ਼ ਸ਼ਰਮਾ






## ਸੰਪਾਦਕੀ

# ਅਸੀਂ ਕਿਤੇ ਦੂਜੇ ਪੰਚਸ਼ੀਲ ਨੂੰ ਭੁੱਲ ਨਾ ਜਾਈਏ ...

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਪੰਡਿਤ ਜਵਾਹਰ ਲਾਲ ਨਹਿਰੂ ਨੇ ਅੰਤਰਰਾਸ਼ਟਰੀ ਸੰਬੰਧਾਂ ਨੂੰ ਸੁਖਾਵੇਂ ਅਤੇ ਸੁਚਾਰੂ ਰੂਪ ਵਿਚ ਚਲਾਉਣ ਲਈ ਪੰਜ ਅਸੂਲਾਂ ਦਾ ਨਾਅਰਾ ਦਿਤਾ ਜਿਸ ਨੂੰ *ਪੰਚਸ਼ੀਲ* ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਰ ਇਹ ਬਹੁਤ ਘੱਟ ਜਾਣਿਆ ਜਾਂਦਾ ਹੈ ਕਿ ਪੰਡਿਤ ਨਹਿਰੂ ਨੇ ਆਦਿਵਾਸੀ ਲੋਕਾਂ ਦੇ ਵਿਕਾਸ ਲਈ ਪੰਜ ਮੁਢਲੇ ਸਿਧਾਂਤ ਬਣਾਏ ਸਨ। ਇਹ ਸਿਧਾਂਤ ਏ *ਫ਼ਿਲਾਸਫ਼ੀ ਫਾਰ ਨਾਰਥ ਈਸਟਰਨ ਫਰੰਟੀਅਰ ਏਰੀਆ (ਨੇਫਾ)* ਕਿਤਾਬ ਦੇ ਮੁਢਲੇ ਸ਼ਬਦਾਂ ਵਿਚ ਦਰਜ ਹਨ। ਇਹ ਕਿਤਾਬ ਉੱਘੇ ਮਾਨਵ ਵਿਗਿਆਨੀ ਵੇਰੀਅਰ ਐਲਵਿਨ ਵਲੋਂ ਲਿਖੀ ਹੋਈ ਹੈ ਜਿਸ ਦੇ ਪੰਡਿਤ ਨਹਿਰੂ ਪ੍ਰਸ਼ੰਸਕ ਸਨ। ਆਦਿਵਾਸੀ ਵਿਕਾਸ ਲਈ ਨਹਿਰੂ ਦੇ ਸਿਧਾਂਤ ਦਾ ਮੁੱਖ ਮੁੱਦਾ ਭੂਮੀ ਅਤੇ ਜੰਗਲਾਂ 'ਤੇ ਆਦਿਵਾਸੀ ਲੋਕਾਂ ਦੇ ਹੱਕਾਂ ਦਾ ਸਤਿਕਾਰ ਕਰਨ 'ਤੇ ਆਧਾਰਤ ਹੈ। ਇਹ ਸੋਚ ਬਾਹਰੀ ਵਿਅਕਤੀਆਂ ਦੀ ਸੋਚ ਅਤੇ ਕਦਰਾਂ-ਕੀਮਤਾਂ ਨੂੰ ਆਦਿਵਾਸੀਆਂ 'ਤੇ ਥੋਪਣ ਦਾ ਵਿਰੋਧ ਕਰਦੀ ਹੈ ਅਤੇ ਦਲੀਲ ਦਿੰਦੀ ਹੈ ਕਿ ਉਨ੍ਹਾਂ ਨੂੰ ਸਥਾਨਕ ਰੀਤੀ ਰਿਵਾਜਾਂ, ਕਦਰਾਂ-ਕੀਮਤਾਂ ਮੁਤਾਬਕ ਵਿਗਸਣ, ਵਧਣ-ਫੁੱਲਣ ਦਾ ਮੌਕਾ ਦਿਤਾ ਜਾਵੇ। ਇਹ ਸਿਧਾਂਤ ਜਨਜਾਤੀ ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਖੁਦਮੁਖ਼ਤਿਆਰੀ ਦਾ ਪੂਰਨ ਸਤਿਕਾਰ ਕਰਨ ਅਤੇ ਇਸ ਨੂੰ ਬਰਕਰਾਰ ਰੱਖਣ ਲਈ ਬੜੀ ਸਪੱਸ਼ਟਤਾ ਨਾਲ ਜ਼ੋਰ ਦਿੰਦੇ ਹਨ। ਇਹ ਸਿਧਾਂਤ ਸੰਵਿਧਾਨ ਦੀ ਧਾਰਾ 244 ਦੇ ਬਿਲਕੁਲ ਅਨੁਰੂਪ ਹਨ ਜਿਹੜੀ ਆਦਿਵਾਸੀਆਂ ਅਤੇ ਆਦਿਵਾਸੀ ਖੇਤਰਾਂ ਦੇ ਰੀਤੀ ਰਿਵਾਜ ਅਤੇ ਸੱਭਿਆਚਾਰ ਨੂੰ ਸੰਭਾਲਣਾ ਜ਼ਰੂਰੀ ਕਰਾਰ ਦਿੰਦੀ ਹੈ।

ਆਦਿਵਾਸੀਆਂ ਨੂੰ ਗੁੱਠੇ ਲਾਉਣ ਦਾ ਇਤਿਹਾਸ ਬਹੁਤ ਪੁਰਾਣਾ ਹੈ। ਬਸਤੀਵਾਦੀ ਸ਼ਾਸਨ ਦੌਰਾਨ ਅਜਿਹੇ ਬਹੁਤ ਸਾਰੇ ਸੰਵਿਧਾਨਕ ਉਪਬੰਧਾਂ ਨੂੰ ਲਾਗੂ ਕੀਤਾ ਗਿਆ ਜਿਸ ਨਾਲ ਆਦਿਵਾਸੀਆਂ ਦੇ ਭੂਮੀ, ਜੰਗਲ ਅਤੇ ਦੂਸਰੇ ਕੁਦਰਤੀ ਸਰੋਤਾਂ ਤੋਂ ਹੱਕ ਖੋਹ ਲਏ ਗਏ। ਇੰਡੀਅਨ ਫਾਰੈਸਟ ਐਕਟ 1927 ਤਹਿਤ (ਇਕ ਦੀ ਮਲਕੀਅਤ ਵਾਲੀ ਭੂਮੀ) ਸਿਧਾਂਤ ਨੂੰ ਲਾਗੂ ਕੀਤਾ ਗਿਆ ਜਿਸ ਜ਼ਮੀਨ ਦਾ ਕੋਈ ਕਾਨੂੰਨੀ ਤੌਰ ਤੇ ਮਾਲਕ ਨਹੀਂ, ਉਸ ਜ਼ਮੀਨ ਨੂੰ ਸਰਕਾਰ ਆਪਣੇ ਅਧਿਕਾਰ ਹੇਠ ਲੈ ਸਕਦੀ ਹੈ। ਇਸ ਸਿਧਾਂਤ ਦੀ ਵਰਤੋਂ ਕਰਦਿਆਂ ਬਰਤਾਨਵੀ ਸ਼ਾਸਕਾਂ ਵਲੋਂ ਜ਼ਮੀਨ ਦੇ ਕਾਫੀ ਵੱਡੇ ਟੁਕੜੇ ਜੰਗਲਾਤ ਵਿਭਾਗ ਨੂੰ ਸੌਂਪ ਦਿਤੇ ਗਏ, ਜਿਸ ਨੂੰ ਬਣਾਇਆ ਹੀ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਸੀ। ਇਸੇ ਤਰ੍ਹਾਂ ਹੀ, ਰਾਜ ਅਧਿਕਾਰ ਖੇਤਰ ਦੀ ਧਾਰਣਾ ਦਾ ਜਨਮ 1894 ਦੇ ਭੂਮੀ ਪ੍ਰਾਪਤੀ ਕਾਨੂੰਨ ਵਿਚੋਂ ਹੋਇਆ ਜਿਹੜਾ ਸਰਕਾਰ ਨੂੰ ਜਨਤਕ ਵਰਤੋਂ ਲਈ ਕਿਸੇ ਵੀ ਜ਼ਮੀਨ ਨੂੰ ਪ੍ਰਾਪਤ ਕਰਨ ਦਾ ਪਹਿਲਾ ਹੱਕ ਦਿੰਦਾ ਹੈ। ਆਦਿਵਾਸੀਆਂ ਦੇ ਭੂਮੀ ਅਤੇ ਕੁਦਰਤੀ ਸਰੋਤਾਂ ਦੇ ਰਵਾਇਤੀ ਹੱਕਾਂ 'ਤੇ ਡਾਕਾ ਮਾਰਨ ਵਾਲੇ ਇਸ ਕਾਨੂੰਨ ਦੀ ਵੀ ਕਾਫ਼ੀ ਆਲੋਚਨਾ ਹੋਈ।

ਇਹ ਇਕ ਨੰਗਾ-ਚਿੱਟਾ ਸੱਚ ਹੈ ਕਿ ਵੱਖ-ਵੱਖ ਵਿਕਾਸ ਯੋਜਨਾਵਾਂ ਜਿਵੇਂ ਉਦਯੋਗ, ਖਣਨ ਅਤੇ ਵੱਡੇ ਡੈਮਾਂ ਦੀ ਉਸਾਰੀ ਖ਼ਾਤਰ ਆਦਿਵਾਸੀ ਲੋਕਾਂ ਨੂੰ ਉਜਾੜੇ ਅਤੇ ਗਰੀਬੀ ਦਾ ਸਾਹਮਣਾ ਕਰਨਾ ਪਿਆ। ਇਕ ਅੰਦਾਜ਼ੇ ਮੁਤਾਬਕ ਦੇਸ਼ ਵਿਚ ਅਜਿਹੀਆਂ ਵਿਕਾਸ ਗਤੀਵਿਧੀਆਂ ਕਾਰਨ 10 ਮਿਲੀਅਨ ਤੋਂ ਵੱਧ ਆਦਿਵਾਸੀ ਵਸੋਂ ਨੂੰ ਉਜਾੜੇ ਦਾ ਸਾਹਮਣਾ ਕਰਨਾ ਪਿਆ, ਜੀਵਿਕਾ ਤੋਂ ਹੱਥ ਧੋਣਾ ਪਿਆ। ਬੇਸ਼ੱਕ ਆਧੁਨਿਕ ਰਾਜ ਇਨ੍ਹਾਂ ਖੇਤਰਾਂ ਨੂੰ ਜਟਿਲ, ਇਕ ਦੂਸਰੇ ਨਾਲ ਲਗਦੇ ਰਾਜਨੀਤਕ ਅਤੇ ਆਰਥਿਕ ਖ਼ਿੱਤਿਆਂ ਵਿਚ ਵੰਡਦੇ ਹਨ, ਇਨ੍ਹਾਂ ਖੇਤਰਾਂ ਵਿਚ ਲੋਕਾਂ ਅਤੇ ਸਰੋਤਾਂ ਨੂੰ ਇਧਰ-ਉਧਰ ਕਰਦੇ ਹਨ, ਇਹ ਕਾਨੂੰਨ ਬਣਾਉਂਦੇ ਹਨ ਕਿ ਇਨ੍ਹਾਂ ਖ਼ਿੱਤਿਆਂ ਦਾ ਕਿਵੇਂ ਅਤੇ ਕਿਸ ਵਲੋਂ ਇਸਤੇਮਾਲ ਕੀਤਾ ਜਾਵੇ ਤਾਂ ਕਿ ਮਿੱਥੇ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ ਪਰ ਮੂਲ ਨਿਵਾਸੀਆਂ ਦੇ ਹੱਕਾਂ ਦੀ ਰਾਖੀ, ਉਨ੍ਹਾਂ ਦੇ ਸੱਭਿਆਚਾਰ ਅਤੇ ਜੀਵਿਕਾ ਦੀ ਰਾਖੀ ਨੂੰ ਰਾਜ ਦਾ ਮੁਢਲਾ ਫ਼ਰਜ਼ ਮੰਨਿਆ ਗਿਆ ਹੈ। ਭਾਰਤ ਵਿਚ ਵੀ ਸੰਵਿਧਾਨ ਦੇ ਪੰਜਵੇਂ ਅਤੇ ਛੇਵੇਂ ਸ਼ਡਿਊਲ ਦੇ ਉਪਬੰਧ ਆਦਿਵਾਸੀਆਂ ਨੂੰ ਉਨ੍ਹਾਂ ਦੀ ਜ਼ਮੀਨ ਦੇ ਇਤਿਹਾਸਕ ਹੱਕ ਦੀ ਜ਼ਾਮਨੀ ਦਿੰਦੇ ਹਨ। ਜਿਥੋਂ ਤਕ ਆਦਿਵਾਸੀ ਅਧਿਕਾਰਾਂ ਦੀ ਗੱਲ ਹੈ, ਇਨ੍ਹਾਂ ਨੂੰ 'ਸੰਵਿਧਾਨ ਦੇ ਅੰਦਰ ਸੰਵਿਧਾਨ' ਕਰਕੇ ਸਲਾਹਿਆ ਗਿਆ ਹੈ। ਪੰਚਾਇਤ (ਸ਼ਡਿਊਲਡ ਏਰੀਆ ਐਕਟ ਦਾ ਵਿਸਤਾਰ) ਕੁਦਰਤੀ ਸਰੋਤਾਂ ਦੇ ਪ੍ਰਬੰਧਨ ਅਤੇ ਸਵੈ-ਸ਼ਾਸਨ ਦੇ ਵੱਡੇ ਅਧਿਕਾਰ ਪ੍ਰਦਾਨ ਕਰਦੀ ਹੈ। ਜੰਗਲ ਅਧਿਕਾਰ ਕਾਨੂੰਨ ਵੀ ਨਿੱਜੀ ਅਧਿਕਾਰਾਂ ਤੋਂ ਇਲਾਵਾ, ਸਾਂਝੇ ਸਰੋਤਾਂ ਤੇ ਸਮੁਦਾਇਕ ਹੱਕਾਂ ਦੀ ਜ਼ਾਮਨੀ ਦਿੰਦਾ ਹੈ ਤਾਂ ਕਿ ਦੇਸ਼ ਦੇ ਗਰੀਬਾਂ ਵਿਚਲੇ ਕੁੱਝ ਸਭ ਤੋਂ ਗਰੀਬ ਲੋਕਾਂ ਦੀ ਜੀਵਿਕਾ ਦੇ ਹੱਕਾਂ ਦੀ ਰਾਖੀ ਹੋ ਸਕੇ। ਪਿੱਛੇ ਜਿਹੇ ਲਾਗੂ ਕੀਤਾ ਗਿਆ ਭੂਮੀ ਪ੍ਰਾਪਤੀ ਕਾਨੂੰਨ ਸ਼ਡਿਊਲ ਖੇਤਰਾਂ ਵਿਚ ਸਥਾਨਕ ਸਵੈ-ਸ਼ਾਸਨ ਅਦਾਰਿਆਂ ਦੀ ਸਹਿਮਤੀ ਤੋਂ ਬਿਨਾਂ ਭੂਮੀ ਪ੍ਰਾਪਤੀ ਕਰਨ ਤੋਂ ਮਨ੍ਹਾਂ ਕਰਦਾ ਹੈ। ਇਸ ਤਰ੍ਹਾਂ, ਇਹ ਕਾਨੂੰਨ ਵੰਚਿਤ ਲੋਕਾਂ ਦੇ ਜ਼ਮੀਨ 'ਤੇ ਹੱਕ ਤੇ ਜੀਵਿਕਾ ਸੰਬੰਧੀ ਮੁੱਦਿਆਂ ਨੂੰ ਹੱਲ ਕਰਨ ਦੀ ਦਿਸ਼ਾ ਵਿਚ ਇਕ ਕਦਮ ਹੈ।

ਮਾਰਸ਼ਲ ਸਾਹਲਿਨਜ਼ ਨੇ ਸ਼ਿਕਾਰ ਕਰਨ ਵਾਲਿਆਂ, ਆਦਿਵਾਸੀ ਅਤੇ ਮੂਲ ਨਿਵਾਸੀਆਂ ਨੂੰ 'ਮੂਲ ਸਮਰਿਧ ਸੋਸਾਇਟੀ' ਆਖਿਆ ਹੈ ਜਿਨ੍ਹਾਂ ਨੇ *ਖ਼ੁਸ਼ਹਾਲੀ ਲਈ ਜ਼ੇਨ ਮਾਰਗ,* ਸੀਮਤ ਅਤੇ ਥੋੜ੍ਹੇ ਸਰੋਤਾਂ ਨਾਲ ਸਨਮਾਨਜਨਕ ਜੀਵਨ ਜਿਉਣ ਦਾ ਰਾਹ ਚੁਣਿਆ। ਇਸ ਦੇ ਉਲਟ, ਅਜੋਕੇ ਪੱਛਮੀ ਪ੍ਰਭਾਵ ਅਧੀਨ ਸਮਰਿਧੀ ਵਾਲਾ ਮਾਰਗ ਸੀਮਤ ਸਾਧਨਾਂ ਨਾਲ ਮਨੁੱਖ ਦੀਆਂ ਅਸੀਮਤ ਲੋੜਾਂ ਪੂਰਨ ਕਰਨ ਵਾਲਾ ਮਾਰਗ ਹੈ। ਸਾਨੂੰ ਇਹ ਖੱਪਾ ਆਦਿਵਾਸੀ ਅਤੇ ਵੰਚਿਤ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨਾਲ ਨਹੀ ਭਰਨਾ ਚਾਹੀਦਾ ਕਿਉਂਕਿ ਚਿਰਾਂ ਤੋਂ ਰੋਕਿਆ ਗਿਆ ਹੰਝੂ ਦਾ ਤੁਪਕਾ ਸਾਡੇ ਸੁਨਹਿਰੇ ਸੁਪਨਿਆਂ ਨੂੰ ਖ਼ਾਕ ਵਿਚ ਮਿਲਾ ਸਕਦਾ ਹੈ।

▫▫

# CHECK LIST & IMPORTANT INSTRUCTIONS FOR SUBSCRIPTION OF JOURNAL(S)

1. Subscriber must ensure that DD/IPO/MOs are in favour of ADG (I/c), Publications Division, M/o I&B payable at New Delhi and of requisite amount. The annual subscription is following:

| | Ajkal/Kurukshetra/Yojana | Bal Bharti |
|---|---|---|
| One Year | ₹ 100/- | ₹ 80/- |
| Two Year | ₹ 180/- | ₹ 150/- |
| Three Year | ₹ 250/- | ₹ 200/- |
| For SAARC countries (for one year only) | ₹ 530/- | ₹ 510/- |
| For other countries (For one year only) | ₹ 730/- | ₹ 710/- |

2. Subscription for Ajkal Hindi/Urdu, Bal Bharti, Kurukshetra Hindi/English and Yojana Hindi/English/Urdu/Punjabi/Odia may sent to Business Manager, Publications Division, East Block 4, Level 7, R.K. Puram, New Delhi. The language of journal must be clearly indicated.

3. Subscriber must ensure that MOs (ordinary as well as e-MO) must contain name and language of journal required either in message box or at address column, otherwise it could not be accepted.

4. DD & IPO must be accompanied either with dully filled subscription coupon published in our Journals or in a plain paper containing name and address of subscriber alongwith name and language of Journal required.

5. In case of non receipt of magazine or any other problem please intimate to Business Manager (C&A) within a month period after which complaint will not be entertained.

6. Subscription for regional languages of Yojana shall be sent directly to Regional Centres on the following address:

| S. No | Magazine | Language | Officer Concerned | Office Address | Email/phone |
|---|---|---|---|---|---|
| 1 | Ajkal | Hindi/Urdu | Business Manager | Publications Division, Min. of I&B, East Block 4, Level 7, R.K. Puram, New Delhi 110066 | pdjucir@gmai.com<br>011-26100207 |
| 2. | Bal Bharti | Hindi | -do- | -do- | -do- |
| 3. | Kurukshetra | Hindi/ English | -do- | -do- | -do- |
| 4. | Yojana | Hindi/ English/ Punjabi/ Urdu/ Odia | -do- | -do- | -do- |
| 5. | Yojana | Assame | Business Manager | Sales Unit, Publications Division, KKB Road, New Colony, House no. 7, Chenikuthi, Guwahati, Assam 781003 | yojanaasomia@yahoo.co.in<br>0361-2665090 |
| 6 | Yojana | Bengali | Business Manager | Sales Emporium, Publications Division, 8, Esplanade East, Kolkatta, West Bengal 700069 | bengaliyojana@gmail.com<br>033-22488030 |
| 7. | Yojana | Gujrati | Business Manager | Sales Unit, Publications Division, Ambica Complex, 1st Floor, Paldi, Ahmedabad, Gujrat 380007 | yojanagujrati@gmail.com<br>079-26588669 |
| 8. | Yojana | Kannada | Business Manager | Sales Unit, Publications Division, 1st Floor, 'F' Wing, Kendriya Sadan, Kormangala, Bangalore 560034 | yojanakannada@yahoo.co.in<br>080-25537244 |
| 9 | Yojana | Marathi | Business Manager | Sales Unit, Publications Division, 701-C wing, 7th Floor, Kendriya Sadan, Belapur, Navi Mumbai, Maharastra 400614 | 022-27570686 |
| 10 | Yojana | Malayalam | Business Manager | Sales Emporium, Publications Division, Press Road, Near Govt. Press, Thiruvananthapuram, Kerala 695001 | yojanamalayalam@yahoo.co.in<br>0471-2330650 |
| 11 | Yojana (Thittam) | Tamil | Business Manager | Sales Emporium, Publications Division, 'A' wing, Rajaji Bhawan, Besant Nagar, Chennai, Tamil Nadu 600090 | editorthittam@yahoo.co.in<br>044-24917673 |
| 12 | Yojana | Telgu | Business Manager | Sales Emporium, Publications Division, Block 4, 1st Floor, Gruhakalpa Complex, M.G. Road, Nampally, Hyderabad, Andhra Pradesh 500001 | yojana_telgu@yahoo.co.in<br>040-24605383 |


YOJANA (Punjabi) January -2014 (Total Pages 52+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ





ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਯਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਂਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

**Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Chaardishayen Printers (P) Ltd., G-40, Sector-3, Noida-201301 (UP), Editor : Balbir Madhopuri.**

ISSN-0971-8354

# ਯੋਜਨਾ

ਯੋਜਨਾ ਅਤੇ ਵਿਕਾਸ ਨੂੰ ਸਮਰਪਿਤ
ਭਾਰਤ ਦੇ ਨਵ ਨਿਰਮਾਣ ਦਾ
**ਮਾਸਿਕ ਪੱਤਰ**

**ਸਾਲ : 29 ਅੰਕ 6 ਜਨਵਰੀ, 2014 ₹10 ਸਾਲਾਨਾ ਚੰਦਾ ₹100**


ਮੁੱਖ ਸੰਪਾਦਕ ਤੇ ਨਿਰਦੇਸ਼ਕ : **ਰਾਜੇਸ਼ ਕੇ. ਝਾ**
ਸੰਪਾਦਕ ਤੇ ਉਪ ਨਿਰਦੇਸ਼ਕ : **ਬਲਬੀਰ ਮਾਧੋਪੁਰੀ**
ਸੰਯੁਕਤ ਨਿਰਦੇਸ਼ਕ (ਉਤਪਾਦਨ) : **ਵੀ.ਕੇ. ਮੀਣਾ**

***ਸੰਪਾਦਕੀ ਦਫ਼ਤਰ***
***ਯੋਜਨਾ (ਪੰਜਾਬੀ)***
***ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,***
***ਨਵੀਂ ਦਿੱਲੀ-110066. ਫ਼ੋਨ ਤੇ ਫ਼ੈਕਸ : 011-26177591***

***e-mail : yojanapunjabi@yahoo.com***
ਵੈੱਬਸਾਈਟ ਪਤਾ : www.publicationsdivision.nic.in
ਈ-ਮੇਲ ਪਤਾ : a) dpd@sb.nic.in : b) dpd@hub.nic.in



ਦਰਾਂ (ਦੇਸ਼)

| | | | |
|---|---|---|---|
| ਇਕ ਕਾਪੀ : | ₹10 | ਸਾਲਾਨਾ : | ₹100 |
| ਦੋ ਸਾਲ : | ₹180 | ਤਿੰਨ ਸਾਲ : | ₹250 |

**ਹਵਾਈ ਡਾਕ ਦੁਆਰਾ : ਸਾਰਕ ਦੇਸ਼ਾਂ ਲਈ : ₹ 530 ਸਾਲਾਨਾ**
**ਹੋਰ ਦੇਸ਼ਾਂ ਲਈ : ₹ 730 ਸਾਲਾਨਾ**

ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ ADG (i/c), ਪ੍ਰਕਾਸ਼ਨ ਵਿਭਾਗ ਦੇ ਨਾਂ 'ਤੇ ਹੇਠ ਲਿਖੇ ਪਤੇ ਉੱਤੇ ਭੇਜੋ। ਚੰਦੇ ਭੇਜਣ, ਨਵਿਆਉਣ, ਸੁਝਾਵਾਂ, ਸ਼ਿਕਾਇਤਾਂ ਅਤੇ ਵਿਗਿਆਪਨਾਂ ਲਈ ਸੰਪਰਕ ਕਰੋ :

*ਬਿਜ਼ਨਿਸ ਮੈਨੇਜਰ (ਵਿਗਿਆਪਨ ਤੇ ਸਰਕੂਲੇਸ਼ਨ)*
ਸੂਰੀਆਕਾਂਤ ਸ਼ਰਮਾ
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ,
ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,
ਨਵੀਂ ਦਿੱਲੀ-110 066 ਫ਼ੋਨ: 011-26100207
ਟੈਲੀਫੈਕਸ : 011-26100207, *email-pdjucir@gmail.com*
**ਬਿਜ਼ਨਿਸ ਮੈਨੇਜਰ (ਹੈੱਡਕੁਆਰਟਰ):011-24367260, 24365609**


**ਯੋਜਨਾ (ਪੰਜਾਬੀ) ਮਾਸਿਕ ਪੱਤ੍ਰਿਕਾ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਹ ਸਿਰਫ ਸਰਕਾਰੀ ਦ੍ਰਿਸ਼ਟੀਕੋਣ ਨੂੰ ਹੀ ਪੇਸ਼ ਕਰਨ ਤਕ ਸੀਮਤ ਨਹੀਂ ਹੈ। 'ਯੋਜਨਾ' ਪੰਜਾਬੀ ਸਮੇਤ ਅਸਾਮੀ, ਬੰਗਾਲੀ, ਅੰਗਰੇਜ਼ੀ, ਗੁਜਰਾਤੀ, ਹਿੰਦੀ, ਕੰਨੜ, ਮਲਿਆਲਮ, ਮਰਾਠੀ, ਤਮਿਲ, ਤੇਲਗੂ, ਓਡੀਆ ਅਤੇ ਉਰਦੂ ਆਦਿ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ।**


- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਸਰਕਾਰ ਜਾਂ ਸੰਸਥਾਵਾਂ ਦੇ ਵਿਚਾਰਾਂ ਦੀ ਝਲਕ ਹੋਣ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ।
- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੀਆਂ ਸਾਮੱਗਰੀਆਂ ਸੰਸਥਾਵਾਂ ਜਾਂ ਉਨ੍ਹਾਂ ਦੇ ਪ੍ਰਤਿਨਿਧਾਂ ਨਾਲ ਸੰਬੰਧਤ ਹਨ। ਯੋਜਨਾ (ਪੰਜਾਬੀ) ਇਨ੍ਹਾਂ ਵਿਗਿਆਪਨਾਂ ਦੀਆਂ ਸਾਮੱਗਰੀਆਂ/ਮੂਲ-ਪਾਠ ਤੋਂ ਉਤਪੰਨ ਦੇਣਦਾਰੀਆਂ ਪ੍ਰਤਿ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੈ।


## ਇਸ ਅੰਕ ਵਿਚ


2. ਸੰਵਿਧਾਨਿਕ ਉਪਬੰਧ, ਕਾਨੂੰਨ ਤੇ ਆਦਿਵਾਸੀ – ਵਿਰਜੀਨੀਅਸ ਖਾਖਾ
5. ਆਦਿਵਾਸੀ ਸਵੈ-ਰਾਜ ਨੂੰ ਅਸਲ ਰੂਪ ਦੇਣਾ : ਸਭ ਸਮੱਸਿਆਵਾਂ ਦਾ ਹੱਲ – ਰਾਹੁਲ ਬੈਨਰਜੀ
9. ਖੁਰਾਕ ਬਿਲ, ਜੰਗਲੀ ਖਾਧ-ਖੁਰਾਕ ਤੇ ਆਦਿਵਾਸੀ – ਮਧੂ ਰਾਮਨਾਥ
11. ਸਮੁਦਾਇ ਸਰੋਤ ਵਿਅਕਤੀ : ਭੂਮੀ ਸ਼ਾਸਨ 'ਚ ਪਰਿਵਰਤਨ ਦਾ ਅਗਰਦੂਤ – ਸੰਜੈ ਪਟਨਾਇਕ
16. ਦੱਖਣੀ ਭਾਰਤ 'ਚ ਆਦਿਵਾਸੀਆਂ ਦਾ ਹਾਸ਼ੀਏ 'ਤੇ ਚਲੇ ਜਾਣ ਬਾਰੇ ਜਾਇਜ਼ਾ – ਰਿਤਾਂਭਰਾ ਹੈਂਬਰ
19. ਜਲਵਾਯੂ ਪਰਿਵਰਤਨ ਤੇ ਸਰਕਾਰ ਦੀਆਂ ਤਿਆਰੀਆਂ – ਸੁਭਾਸ਼ ਸ਼ਰਮਾ
25. ਆਦਿਵਾਸੀ ਸਮਾਜ : ਸਮੱਸਿਆਵਾਂ ਨੀਤੀਆਂ ਤੇ ਚੁਨੌਤੀਆਂ – ਬਾਲ ਆਨੰਦ
29. ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ ਬਰਾਬਰ ਦੇ ਮੌਕੇ – ਗੁਰਮੀਤ ਕੌਰ
32. ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਦਾ ਸੁਨੇਹਾ ਜਵਾਨਾਂ ਦੇ ਨਾਂ –
33. ਭਾਰਤ ਵਿਚ ਧਰਮ-ਨਿਰਪੇਖਤਾ – ਮਨੋਹਰ ਸਿੰਘ ਬਤਰਾ
36. ਵਿਕਾਸ ਅਤੇ ਪੰਚਾਇਤੀ ਰਾਜ ਪ੍ਰਣਾਲੀ – ਪ੍ਰਵੀਨ ਸਲਦੀ
38. ਸਾਡਾ ਸੰਵਿਧਾਨ – ਸਾਡਾ ਮਾਣ : ਆਪਣੇ ਫ਼ਰਜ਼ ਪਛਾਣੀਏ – ਰਣਜੀਤ ਸਿੰਘ
40. ਤੇਲ ਦੀ ਸਾਂਭ-ਸੰਭਾਲ ਤੇ ਬੱਚਤ – ਰਤਨ ਸਲਦੀ
43. ਨੌਜਵਾਨ ਕੁੜੀਆਂ ਦੇ ਸ਼ਕਤੀਕਰਨ ਤੇ ਸਵੈਮਾਣ ਦਾ ਰਸਤਾ – ਮਨੀਸ਼ਾ ਜੈਨ
45. 'ਕੱਠੀਆਂ ਹੋਣ ਵਾਲੀਆਂ ਕੁਰਸੀਆਂ ਵਾਲਾ ਯਾਤਰਾ ਬੈਗ – ਨਿਸ਼ਾ ਚੌਬੇ
46. ਕੀ ਤੁਸੀਂ ਜਾਣਦੇ ਹੋ?
47. ਭਾਰਤੀ ਸੈਰ-ਸਪਾਟਾ ਦਾ ਵਿਕਾਸ – ਬਲਵਿੰਦਰ ਅੱਤਰੀ
48. ਬਲੱਡ ਕੈਂਸਰ : ਕਾਰਨ, ਲੱਛਣ ਤੇ ਉਪਾਅ – ਅਜੀਤਪਾਲ ਸਿੰਘ ਐਮ ਡੀ
50. ਖ਼ਬਰਾਂ ਵਿਚੋਂ ਖ਼ਬਰਾਂ –
51. ਪੁਸਤਕ ਪੜਚੋਲ – ਦੇਵਿੰਦਰ ਸੈਫ਼ੀ, ਰਵੀ ਤਨੇਜਾ


***ਕਵਰ : ਗਜਾਨਨ ਪੀ. ਧੋਪੇ***

**ਯੋਜਨਾ (ਪੰਜਾਬੀ) ਡੀ. ਪੀ. ਆਈ. (ਕਾਲਜਾਂ) ਅਤੇ ਡੀ. ਪੀ. ਆਈ. (ਸਕੂਲਾਂ) ਪੰਜਾਬ, ਵਲੋਂ ਪੱਤਰ ਨੰ: 424- ਐਡੀਟਰ (ਬੁਕਸ) 2/14-89 ਮਿਤੀ 22-8-89 ਅਤੇ ਹੁਕਮ ਨੰ: 3/35-88-ਐਡੀਟਰ (ਪੰ:), ਮਿਤੀ 28-6-89 ਰਾਹੀਂ ਪੰਜਾਬ ਦੇ ਸਾਰੇ ਕਾਲਜਾਂ, ਸਕੂਲਾਂ ਅਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।**

# ਸੰਵਿਧਾਨਿਕ ਉਪਬੰਧ, ਕਾਨੂੰਨ ਤੇ ਆਦਿਵਾਸੀ

ਵਿਰਜੀਨੀਅਸ ਖਾਖਾ

**ਭਾਰਤ ਵਿਚ ਆਦਿਵਾਸੀਆਂ ਨੂੰ ਮੁਢਲੇ ਰੂਪ ਵਿਚ ਉਨ੍ਹਾਂ ਦੀ ਸਮਾਜਿਕ ਬਣਤਰ ਦੇ ਪ੍ਰਸੰਗ ਵਿਚ ਨਹੀਂ ਸਗੋਂ ਵੱਡੇ ਭਾਰਤੀ ਸਮਾਜ ਨਾਲੋਂ ਸਮਾਜਿਕ ਅਤੇ ਭੂਗੋਲਿਕ ਤੌਰ ਤੇ ਵੱਖਰਾ ਕਰਕੇ ਵੇਖਿਆ ਜਾਂਦਾ ਹੈ। ਇਸੇ ਕਾਰਨ ਸਮਾਜਿਕ ਬਣਤਰ ਦੇ ਵੱਖ-ਵੱਖ ਪੱਧਰਾਂ 'ਤੇ ਸਮੂਹ ਅਤੇ ਸਮੁਦਾਇ, ਵਿਆਪਕ ਆਧਾਰ 'ਤੇ ਆਦਿਵਾਸੀਆਂ ਵਜੋਂ ਸ਼੍ਰੇਣੀਬਧ ਕੀਤੇ ਗਏ ਹਨ। ਵੱਡੇ ਭਾਰਤੀ ਸਮਾਜ ਨਾਲੋਂ ਵੱਖਰੇ ਰਹਿ ਕੇ ਜਿਊਣ ਦੇ ਤੱਥ ਕਾਰਨ ਹੀ ਉਹ ਆਪਣੇ ਇਲਾਕੇ ਵਿਚ ਪ੍ਰਸ਼ਾਸਨਿਕ ਇੰਤਜ਼ਾਮਾਂ ਨੂੰ ਲੈ ਕੇ ਖ਼ੁਦਮੁਖ਼ਤਿਆਰੀ ਰੱਖਦੇ ਹਨ। ਉਹ ਆਪਣੀ ਜ਼ਮੀਨ, ਜੰਗਲ ਅਤੇ ਹੋਰ ਵਸੀਲਿਆਂ ਉਪਰ ਹੱਕ ਰੱਖਦੇ ਹਨ ਅਤੇ ਆਪਣੇ ਤੈਸ਼ੁਦਾ ਕਾਨੂੰਨਾਂ, ਰਸਮਾਂ ਅਤੇ ਰਵਾਇਤਾਂ ਤਹਿਤ ਪੂਰਾ ਕਾਰ-ਵਿਹਾਰ ਚਲਾਉਂਦੇ ਹਨ।**

ਬਸਤੀਵਾਦੀ ਰਾਜ ਦੀ ਸ਼ੁਰੂਆਤ ਨਾਲ ਜੰਗ ਰਾਹੀਂ ਜਿੱਤ ਕੇ ਅਤੇ ਆਪਣੇ ਨਾਲ ਮਿਲਾ ਕੇ ਕਬਾਇਲੀਆਂ ਅਤੇ ਗ਼ੈਰ-ਕਬਾਇਲੀਆਂ ਨੂੰ ਇਕਹਿਰੇ ਸਿਆਸੀ ਅਤੇ ਪ੍ਰਸ਼ਾਸਨਿਕ ਢਾਂਚੇ ਵਿਚ ਬੰਨ੍ਹ ਦਿਤਾ ਗਿਆ। ਇਸ ਤਰ੍ਹਾਂ ਨਵੇਂ ਅਤੇ ਇਕਸਾਰਤਾ ਵਾਲੇ ਸਿਵਲ ਅਤੇ ਮੁਜਿਰਮਾਨਾਂ ਕਾਨੂੰਨ ਹੋਂਦ ਵਿਚ ਆਏ ਅਤੇ ਅਜਿਹਾ ਪ੍ਰਸ਼ਾਸਨਿਕ ਢਾਂਚਾ ਕਾਇਮ ਹੋਇਆ ਜਿਸ ਤੋਂ ਕਬਾਇਲੀ ਰਵਾਇਤੀ ਸਭਿਆਚਾਰ ਅਤੇ ਮਿਜਾਜ਼ ਪੂਰੀ ਤਰ੍ਹਾਂ ਅਣਜਾਣ ਸੀ।

ਅਜਿਹੇ ਬਦਲਾਅ ਨਾਲ ਧੋਖਾਧੜੀ, ਜਾਲਸਾਜ਼ੀ ਅਤੇ ਜ਼ਮੀਨਾਂ ਗਹਿਣੇ ਰੱਖਣ ਵਰਗੇ ਅਮਲਾਂ ਰਾਹੀਂ ਕਬਾਇਲੀਆਂ ਤੋਂ ਗ਼ੈਰ-ਕਬਾਇਲੀਆਂ ਨੂੰ ਵੱਡੇ ਪੱਧਰ 'ਤੇ ਜ਼ਮੀਨਾਂ ਦੇ ਤਬਾਦਲੇ ਹੋਏ। ਇਸੇ ਦੇ ਮੱਦੇ-ਨਜ਼ਰ ਉਸ ਸਮੇਂ ਦੇ ਰਾਸ਼ਟਰੀ ਆਗੂਆਂ ਨੇ ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿਚ ਕਬਾਇਲੀਆਂ ਵੱਲ ਵਿਸ਼ੇਸ਼ ਧਿਆਨ ਦਿਤਾ, ਜਿਵੇਂ ਕਿ ਸੰਵਿਧਾਨ ਵਿਚ ਅਜਿਹਾ ਉਪਬੰਧ ਰੱਖੇ ਜਾਣ ਤੋਂ ਵੀ ਪਤਾ ਲਗਦਾ ਹੈ। ਕਬਾਇਲੀਆਂ ਨੂੰ ਆਜ਼ਾਦ ਭਾਰਤ ਦੇ ਨਾਗਰਿਕਾਂ ਵਜੋਂ ਬਰਾਬਰ ਦੇ ਨਾਗਰਿਕ, ਸਿਆਸੀ ਅਤੇ ਸਮਾਜਿਕ ਹੱਕ ਦਿਤੇ ਗਏ। ਨਾਗਰਿਕ ਅਤੇ ਸਿਆਸੀ ਹੱਕ ਭਾਰਤੀ ਸੰਵਿਧਾਨ ਵਿਚ ਬੁਨਿਆਦੀ ਹੱਕਾਂ ਵਜੋਂ ਦਿਤੇ ਗਏ ਜਦ ਕਿ ਸਮਾਜਿਕ ਹੱਕ ਦਿਸ਼ਾ-ਨਿਰਦੇਸ਼ਕ ਨੇਮਾਂ ਵਿਚ ਰੱਖੇ ਗਏ ਹਨ।

ਇਸ ਤੋਂ ਇਲਾਵਾ, ਇਕ ਨਵੇਕਲੇ ਸਮੁਦਾਇ ਦੇ ਮੈਂਬਰਾਂ ਵਜੋਂ ਕਬਾਇਲੀਆਂ ਨੂੰ ਕੁਝ ਵਿਸ਼ੇਸ਼ ਹੱਕ ਵੀ ਦਿਤੇ ਗਏ ਜਿਸ ਤਹਿਤ ਖੁਦ-ਮੁਖਤਿਆਰੀ ਮਾਨਤਾ (ਧਾਰਾ 342) ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਅਨੁਪਾਤ ਮੁਤਾਬਕ ਆਮ ਨਾਗਰਿਕ ਵਲੋਂ ਸੁਤੰਤਰਤਾ ਨਾਲ ਕੁਝ ਵਿਸ਼ੇਸ਼ ਇਲਾਕਿਆਂ ਵਿਚ ਜਾਣ ਅਤੇ ਉਥੇ ਜਾਇਦਾਦ ਦੀ ਮਲਕੀਅਤ ਹਾਸਲ ਕਰਨ ਉਪਰ ਰੋਕ (ਧਾਰਾ 19(5), ਆਪਣੀ ਭਾਸ਼ਾ, ਉਪ-ਭਾਸ਼ਾ ਅਤੇ ਸਭਿਆਚਾਰ ਨੂੰ ਬਚਾ ਕੇ ਰੱਖਣ (ਧਾਰਾ 29) ਆਦਿ ਉਪਬੰਧ ਸ਼ਾਮਿਲ ਹਨ। ਸੰਵਿਧਾਨ ਵਿਚ ਇਕ ਹੋਰ ਧਾਰਾ 14(4) ਤਹਿਤ ਰਾਜਾਂ ਨੂੰ ਆਮ ਰਾਖਵੇਂਕਰਨ ਅਤੇ ਕਬਾਇਲੀ ਸਮੁਦਾਇ ਲਈ ਨੌਕਰੀਆਂ ਅਤੇ ਨਿਯੁਕਤੀਆਂ ਵਿਚ ਵਿਸ਼ੇਸ਼ ਰਾਖਵੇਂਕਰਨ (ਧਾਰਾ 16(4)) ਦਾ ਵੀ ਉਪਬੰਧ ਹੈ। ਸੰਵਿਧਾਨ ਦੇ ਦਿਸ਼ਾ-ਨਿਰਦੇਸ਼ਕ ਨੇਮਾਂ ਤਹਿਤ ਧਾਰਾ 46 ਵਿਚ ਕਬਾਇਲੀਆਂ ਸਮੇਤ ਸਮਾਜ ਦੇ ਕਮਜ਼ੋਰ ਤਬਕਿਆਂ ਦੇ ਵਿਦਿਅਕ ਅਤੇ ਮਾਲੀ ਹਿੱਤਾਂ ਨੂੰ ਧਿਆਨ ਵਿਚ ਰੱਖੇ ਜਾਣ ਦੀ ਗੱਲ ਕਹੀ ਗਈ ਹੈ। ਇਸ ਤੋਂ ਇਲਾਵਾ, ਸੰਵਿਧਾਨ ਦੀ ਪੰਜਵੀਂ ਤੇ ਛੇਵੀਂ ਸੂਚੀ (ਧਾਰਾ 244 ਅਤੇ 244(ਏ)) ਤਹਿਤ ਰਾਜਾਂ ਨੂੰ ਕਬਾਇਲੀ ਹਲਕਿਆਂ ਨੂੰ ਵਿਸ਼ੇਸ਼ ਪ੍ਰਸ਼ਾਸਨਿਕ ਖਿੱਤੇ ਵਜੋਂ ਚਲਾਉਣ ਦੇ ਵੀ ਅਧਿਕਾਰ ਦਿਤੇ ਗਏ ਹਨ। ਸੰਖੇਪ ਵਿਚ, ਸੰਵਿਧਾਨ ਰਾਹੀ ਕਬਾਇਲੀ ਲੋਕਾਂ ਦੇ ਹਿੱਤਾਂ ਨੂੰ ਮਹਿਫੂਜ਼ ਕਰਨ ਅਤੇ ਅੱਗੇ ਵਧਾਉਣ ਦਾ ਟੀਚਾ ਰੱਖਿਆ ਗਿਆ।

**ਇਨ੍ਹਾਂ ਸਾਰੇ ਉਪਬੰਧਾਂ ਵਿਚੋਂ ਰੱਖਿਆਤਮਕ ਵਿਵੇਕ ਨੂੰ ਕਬਾਇਲੀ ਲੋਕਾਂ ਦੇ ਸਭ ਤੋਂ ਅਹਿਮ ਹੱਕ ਵਜੋਂ ਦੇਖਿਆ ਜਾਂਦਾ ਹੈ। ਸਰਕਾਰ ਨੇ ਸੰਵਿਧਾਨ ਵਿਚ ਕਬਾਇਲੀ ਲੋਕਾਂ ਲਈ ਰਾਖਵੇਂ ਹੱਕਾਂ ਨੂੰ ਲਾਗੂ ਕਰਨ ਦੇ ਮੱਦੇ-ਨਜ਼ਰ ਵਿਸ਼ੇਸ਼ ਉਪਾਅ ਕੀਤੇ ਹਨ।**

ਸਰਕਾਰੀ, ਗ਼ੈਰ-ਸਰਕਾਰੀ ਨੌਕਰੀਆਂ ਲਈ ਅਤੇ ਵਿਦਿਅਕ ਅਦਾਰਿਆਂ ਵਿਚ ਪੱਟੀਦਰਜ ਕਬੀਲਿਆਂ ਵਾਸਤੇ 7.5 ਪ੍ਰਤਿਸ਼ਤ ਰਾਖਵੇਂਕਰਨ ਦਾ ਉਪਬੰਧ ਕੀਤਾ ਗਿਆ। ਇਸੇ ਨੇਮ ਤਹਿਤ

ਪੱਟੀਦਰਜ ਕਬਾਇਲੀਆਂ ਦੇ ਉਮੀਦਵਾਰਾਂ ਨੂੰ ਕਈ ਛੋਟਾਂ ਵੀ ਦਿਤੀਆਂ ਗਈਆਂ ਹਨ। ਇਨ੍ਹਾਂ ਸਭ ਪ੍ਰਬੰਧਾਂ ਦੇ ਬਾਵਜੂਦ ਨਤੀਜੇ ਖ਼ਾਸ ਕਰਕੇ ਪੱਟੀਦਰਜ ਕਬੀਲਿਆਂ ਲਈ ਸੰਤੋਖਜਨਕ ਨਹੀਂ ਨਿਕਲੇ। ਫਿਰ ਵੀ ਰਾਜਾਂ ਵਲੋਂ ਅਜਿਹੇ ਉਮੀਦਵਾਰਾਂ ਦਾ ਕੋਟਾ ਨਾ ਭਰਨ ਨੂੰ ਸੰਵਿਧਾਨਕ ਹੱਕਾਂ ਦੀ ਉਲੰਘਣਾ ਵਜੋਂ ਨਹੀਂ ਵੇਖਿਆ ਜਾਂਦਾ। ਸੰਵਿਧਾਨ ਵਿਚ ਦਿਤੇ ਹੱਕਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਉਪਾਅ ਤਾਂ ਕਰ ਦਿਤੇ ਗਏ ਪਰ ਦੂਜੇ ਪਾਸੇ ਇਸ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵਾਂਕਰਨ ਸਵੈ-ਚਾਲਤ ਰੂਪ ਵਿਚ ਹਾਸਿਲ ਨਹੀਂ ਹੁੰਦਾ ਸਗੋਂ ਇਹ ਸੰਵਿਧਾਨ ਵਿਚ ਹੀ ਦਰਜ ਕੁਝ ਸ਼ਰਤਾਂ 'ਤੇ ਨਿਰਭਰ ਹੈ। ਜਿਵੇਂ ਕਿ ਧਾਰਾ 335 ਮੁਤਾਬਿਕ ਸੇਵਾਵਾਂ ਅਤੇ ਅਹੁਦਿਆਂ ਵਿਚ ਨਿਯੁਕਤੀ ਵਿਚ ਪੱਟੀਦਰਜ ਜਾਤੀਆਂ ਅਤੇ ਜਨਜਾਤੀਆਂ ਦਾ, ਪ੍ਰਸ਼ਾਸਨਿਕ ਕਾਰਜ-ਕੁਸ਼ਲਤਾ ਬਰਕਰਾਰ ਰਹਿਣ ਨਾਲ ਜੋੜ ਕੇ, ਖ਼ਿਆਲ ਰੱਖਿਆ ਜਾਵੇ। ਤੀਜਾ, ਭਾਵੇਂ ਕਬਾਇਲੀਆਂ ਨੂੰ ਹੱਕ ਦਿਤੇ ਗਏ ਹਨ ਪਰ ਉਹ ਇਨ੍ਹਾਂ ਦਾ ਫ਼ਾਇਦਾ ਕਬਾਇਲੀ ਸਮੁਦਾਇ ਦੇ ਮੈਂਬਰਾਂ ਵਜੋਂ ਹੀ ਉਠਾ ਸਕਦੇ ਹਨ। ਕਿਸੇ ਵਿਅਕਤੀ ਦਾ ਇਹ ਨਿੱਜੀ ਹੱਕ ਹੈ ਕਿ ਉਹ ਦੂਜਿਆਂ ਦੀ ਬਰਾਬਰੀ ਨਾਲ ਖੁਦ ਹਰ ਸੇਵਾ/ਫਾਇਦੇ ਤਕ ਪਹੁੰਚ ਕਰ ਸਕੇ। ਇਹ ਹੱਕ ਇੰਝ ਵੀ ਨਿੱਜੀ ਹੈ ਕਿਉਂਕਿ ਉਸ ਨੂੰ ਇਸ ਪ੍ਰਸੰਗ ਵਿਚ ਨਿੱਜੀ ਤੌਰ ਤੇ ਕੁਝ ਕਾਰਵਾਈ ਕਰਨੀ ਹੁੰਦੀ ਹੈ। ਅਜਿਹੇ ਮੁੱਦਿਆਂ ਦੇ ਮੱਦੇ-ਨਜ਼ਰ ਆਦਲਤਾਂ ਵਿਚ ਰਾਜ ਦੀ ਬੇਰੁਖੀ ਜਾਂ ਅਣਗੌਲਿਆ ਕੀਤੇ ਜਾਣ ਨੂੰ ਵੰਗਾਰਿਆ ਜਾਣਾ ਸੁਭਾਵਕ ਰੂਪ ਵਿਚ ਔਖਾ ਹੋ ਜਾਂਦਾ ਹੈ। ਕੁਝ ਵਿਸ਼ੇਸ਼ ਮਾਮਲੇ ਹੀ ਅਦਾਲਤ ਤਕ ਪਹੁੰਚਾਏ ਜਾ ਸਕਦੇ ਹਨ ਭਾਵੇਂ ਸੰਵਿਧਾਨ ਦੀ ਧਾਰਾ 335 ਤਹਿਤ ਇਸ ਗੱਲ ਦਾ ਤੋੜ ਵੀ ਦਿਤਾ ਜਾ ਸਕਦਾ ਹੈ। ਰਸਮੀ ਬਰਾਬਰੀ ਜਾਂ ਕਬਾਇਲੀਆਂ ਦੇ ਮਾਮਲੇ ਵਿਚ (ਰਖਿਆਤਮਕ ਵਿਵੇਕ) ਨੂੰ ਪ੍ਰਭਾਵਕਾਰੀ ਬਣਾਉਣ ਲਈ ਇਸ ਨੂੰ ਸਮਰੱਥਾ, ਵਸੀਲਿਆਂ ਅਤੇ ਅਸਲ ਮੌਕਿਆਂ ਵਾਲੀ 'ਅਸਲ ਬਰਾਬਰੀ' ਨਾਲ ਮਜ਼ਬੂਤ ਕੀਤਾ ਜਾਵੇ। ਇਸ ਦਾ ਭਾਵ ਇਹ ਨਿਕਲਿਆ ਕਿ ਨਾ ਸਿਰਫ਼ ਸੰਵਿਧਾਨਕ ਅਤੇ ਵਿਧਾਨਕ ਉਪਬੰਧਾਂ ਰਾਹੀਂ ਸਗੋਂ ਅਸਰਦਾਰ ਕਾਨੂੰਨੀ, ਪ੍ਰਸ਼ਾਸਨਿਕ, ਬੁਨਿਆਦੀ ਢਾਂਚੇ ਅਤੇ ਮਾਲੀ ਹਮਾਇਤ ਰਾਹੀਂ ਕਬਾਇਲੀਆਂ ਦੇ ਆਰਥਿਕ ਅਤੇ ਸਮਾਜਿਕ ਹੱਕਾਂ ਨੂੰ ਸਰਗਰਮ ਕੀਤੇ ਜਾਣ ਦੀ ਲੋੜ ਹੈ। ਜਿਵੇਂ ਕਿ 'ਰੱਖਿਆਤਮਕ ਵਿਵੇਕ' ਵਰਗੇ ਪ੍ਰਬੰਧਾਂ ਰਾਹੀਂ ਮਿਲੇ ਕੁਝ ਨਤੀਜਿਆਂ ਤੋਂ ਪਤਾ ਲਗਦਾ ਹੈ।ਪਰ ਜਿਥੇ ਵੀ ਇਹ ਉਪਾਅ ਗ਼ੈਰ-ਮੌਜੂਦ ਜਾਂ ਵਧੇਰੇ ਕਰਕੇ ਬੇ-ਅਸਰ ਰਹੇ ਉਥੇ ਸੰਵਿਧਾਨ ਵਿਚ ਦਰਜ ਉਪਬੰਧਾਂ ਦਾ ਕਬਾਇਲੀ ਲੋਕਾਂ ਨੂੰ ਸ਼ਾਇਦ ਹੀ ਕੋਈ ਫ਼ਾਇਦਾ ਮਿਲਿਆ ਹੋਵੇ।

ਅਜਿਹਾ ਨਹੀਂ ਕਿ ਅਸਰਦਾਰ ਸਮਾਜਿਕ ਅਤੇ ਮਾਲੀ ਹੱਕ ਕਬਾਇਲੀਆਂ ਨੂੰ ਨਹੀਂ ਦਿਤੇ ਗਏ ਪਰ ਉਨ੍ਹਾਂ ਕੋਲ ਪਹਿਲਾਂ ਤੋਂ ਮੌਜੂਦ ਜ਼ਮੀਨ ਅਤੇ ਜੰਗਲ ਦੇ ਅਧਿਕਾਰ, ਪਹਿਲਾਂ ਬਸਤੀਵਾਦੀ ਨਿਜ਼ਾਮ ਅਤੇ ਬਾਅਦ ਵਿਚ ਆਜ਼ਾਦ ਭਾਰਤ ਵਲੋਂ ਖੋਹ ਲਏ ਗਏ। ਇਹ ਮੰਨਿਆ-ਪ੍ਰਮੰਨਿਆ ਸੱਚ ਹੈ ਕਿ ਕਬਾਇਲੀ ਲੋਕ ਮੁੱਖ ਤੌਰ ਤੇ ਆਪਣੀ ਹੋਂਦ ਲਈ ਜ਼ਮੀਨ ਅਤੇ ਜੰਗਲ ਉਪਰ ਨਿਰਭਰ ਹਨ। ਇਸ ਦੇ ਬਾਵਜੂਦ, ਬਰਤਾਨਵੀ ਨਿਜ਼ਾਮ ਦੌਰਾਨ ਉਨ੍ਹਾਂ ਨੂੰ ਜ਼ਮੀਨ ਅਤੇ ਜੰਗਲ ਤੋਂ ਅਲਗ ਕਰਨ ਦਾ ਸ਼ੁਰੂ ਹੋਇਆ ਅਮਲ ਆਜ਼ਾਦੀ ਤੋਂ ਬਾਅਦ ਵੀ ਲਗਾਤਾਰ ਜਾਰੀ ਹੈ। ਬਰਤਾਨਵੀ ਕਾਲ ਦੌਰਾਨ ਹੋਂਦ ਵਿਚ ਆਏ ਛੋਟਾ-ਨਾਗਪੁਰ ਪੱਟੇ ਬਾਰੇ ਕਾਨੂੰਨ 1908 ਅਤੇ ਸੰਥਾਲ ਪ੍ਰਗਨਾ ਪੱਟੇ ਬਾਰੇ ਕਾਨੂੰਨ 1940 ਅਜੇ ਵੀ ਸਰਗਰਮ ਹਨ। ਭਾਵੇਂ ਬਰਤਾਨਵੀ ਨਿਜ਼ਾਮ ਨੇ ਇਨ੍ਹਾਂ ਨੂੰ ਪ੍ਰਸ਼ਾਸਨਿਕ ਅਤੇ ਸਿਆਸੀ ਕਾਰਨਾਂ ਕਰਕੇ ਹੋਂਦ ਵਿਚ ਲਿਆਂਦਾ ਸੀ ਅਤੇ ਇਨ੍ਹਾਂ ਦਾ ਉਦੇਸ਼ ਗ਼ੈਰ-ਕਬਾਇਲੀ ਵਸੋਂ ਦੀ ਕਬਾਇਲੀ ਹਲਕਿਆਂ ਵਿਚ ਆਵਾਜਾਈ ਉਪਰ ਰੋਕ ਲਗਾਉਣਾ ਅਤੇ ਕਬਾਇਲੀਆਂ ਨੂੰ ਜ਼ਮੀਨ ਤੋਂ ਨਿਖੇੜਨ ਨੂੰ ਰੋਕਣਾ ਸੀ।

**ਸੁਤੰਤਰਤਾ ਉਪਰੰਤ ਆਦਿਵਾਸੀ ਵਸੋਂ ਵਾਲੇ ਸਾਰੇ ਰਾਜਾਂ ਨੇ ਕਬਾਇਲੀ ਤੋਂ ਗ਼ੈਰ-ਕਬਾਇਲੀਆਂ ਬਾਰੇ ਨਵੇਂ ਕਾਨੂੰਨ ਘੜਦਿਆਂ ਗ਼ੈਰ-ਕਬਾਇਲੀਆਂ ਦੇ ਹਿੱਤਾਂ ਨੂੰ ਸਾਹਮਣੇ ਰੱਖਿਆ ਜਿਵੇਂ ਕਿ ਆਂਧਰ ਪ੍ਰਦੇਸ਼ (ਚੋਣਵੇਂ ਇਲਾਕੇ) ਜ਼ਮੀਨ ਤਬਾਦਲਾ ਨੇਮਬੰਦੀ 1959 ਨੂੰ 1970 ਵਿਚ ਗ਼ੈਰ-ਕਬਾਇਲੀਆਂ ਦੇ ਹੱਕ ਵਿਚ ਬਦਲਿਆ ਗਿਆ। ਅਜਿਹਾ ਹੀ ਕੇਰਲ ਪੱਟੀਦਰਜ ਕਬੀਲਿਆਂ ਦੇ ਜ਼ਮੀਨ ਦੀ ਬਹਾਲੀ ਅਤੇ ਤਬਾਦਲੇ ਬਾਰੇ ਕਾਨੂੰਨ 1975 ਨੂੰ ਰੱਦ ਕਰਕੇ ਕੀਤਾ ਗਿਆ। ਇੰਝ ਕਬਾਇਲੀ ਜ਼ਮੀਨ ਲਗਾਤਾਰ ਗ਼ੈਰ ਕਬਾਇਲੀਆਂ ਦੇ ਹੱਥਾਂ ਵਿਚ ਪਹੁੰਚਦੀ ਰਹੀ।**

ਉਸ ਤੋਂ ਬਾਅਦ ਦੇ ਵਰ੍ਹਿਆਂ ਵਿਚ ਕਬਾਇਲੀ ਹੱਕਾਂ ਵਾਲੇ ਦੋ ਅਹਿਮ ਕਾਨੂੰਨ ਹੋਂਦ ਵਿਚ ਆਏ। ਪਹਿਲਾ, ਪੰਚਾਇਤ (ਪੱਟੀਦਰਜ ਹਲਕਿਆਂ ਵੱਲ ਪਾਸਾਰ) ਕਾਨੂੰਨ 1996 ਜਿਸ ਤਹਿਤ ਪੱਟੀਦਰਜ ਕਬਾਇਲੀਆਂ ਨੂੰ ਗ੍ਰਾਮ ਸਭਾ ਰਾਹੀਂ ਆਪਣੀ ਸਭਿਆਚਾਰਕ ਸ਼ਨਾਖ਼ਤ, ਸਮੁਦਾਇ ਵਸੀਲਿਆਂ ਅਤੇ ਝਗੜਿਆਂ ਦੇ ਆਪਣੀ ਰਵਾਇਤ ਮੁਤਾਬਿਕ ਨਿਬੇੜੇ ਦਾ ਹੱਕ ਦਿਤਾ ਗਿਆ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਪੰਚਾਇਤ ਕਾਨੂੰਨ ਸਹੀ ਰੂਪ ਵਿਚ ਲਾਗੂ ਹੀ ਨਹੀਂ ਹੋ ਸਕਿਆ। ਅੱਗੋਂ ਭਾਵੇਂ ਭਾਗ 9(ਏ) (ਨਗਰ-ਪਾਲਿਕਾਵਾਂ) ਨੂੰ ਤੈਸ਼ੁਦਾ ਹਲਕਿਆਂ ਤਕ ਵਧਾਉਣ ਲਈ ਕਾਨੂੰਨ ਨਹੀਂ ਬਣਾਇਆ ਗਿਆ। ਅਜਿਹੇ ਹਲਕਿਆਂ ਵਾਲੇ ਸਾਰੇ ਰਾਜਾਂ ਵਿਚ ਅਜਿਹਾ ਹੋ ਰਿਹਾ ਹੈ। ਇਸੇ ਸਿਲਸਿਲੇ ਵਿਚ ਦੂਜਾ ਕਾਨੂੰਨ ਪੱਟੀਦਰਜ ਕਬੀਲਿਆਂ ਅਤੇ ਹੋਰ ਪੁਰਾਤਨ ਜੰਗਲ ਦੇ ਬਾਸ਼ਿੰਦਿਆਂ ਬਾਰੇ ਕਾਨੂੰਨ 2006 ਹੈ ਜਿਸ ਦਾ ਉਦੇਸ਼ ਕਬਾਇਲੀਆਂ ਦੇ ਮੂਲ ਰੂਪ ਵਿਚ ਹਾਸਲ ਹੱਕਾਂ ਨੂੰ ਮਾਨਤਾ ਦੇ ਕੇ ਬਹਾਲ ਕਰਨਾ ਅਤੇ ਉਨ੍ਹਾਂ ਨਾਲ ਹੁੰਦੀ ਆ ਰਹੀ ਲੰਮੀ ਨਾ-ਇਨਸਾਫ਼ੀ ਦਾ ਖਾਤਮਾ ਕਰਨਾ ਹੈ। ਇਸ ਵਿਚ ਵੀ ਮਾਨਤਾ ਦੇਣ ਅਤੇ ਬਹਾਲ ਕੀਤੇ ਜਾਣ ਦੇ ਅਮਲ ਨੂੰ ਵੱਡੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੰਵਿਧਾਨਿਕ ਉਪਬੰਧ ਦੇ ਦਿਸ਼ਾ-ਨਿਰਦੇਸ਼ਕ ਨੇਮਾਂ ਤਹਿਤ ਕਬਾਇਲੀਆਂ ਲਈ ਰਾਜ ਦੀ ਮਹੱਤਵਪੂਰਨ ਭੂਮਿਕਾ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਹੈ। ਇਸ ਨੂੰ ਪੰਜ ਨੇਮਾਂ (ਪੰਚਸ਼ੀਲ) ਤਹਿਤ ਸੰਵਿਧਾਨਕ ਪ੍ਰਬੰਧ ਮੰਨਦਿਆਂ ਨਿਭਾਇਆ ਜਾਣਾ ਸੀ ਜਿਸ ਬਾਰੇ ਵੇਰੀਅਰ ਐਲਵੇਨ ਦੀ ਕਿਤਾਬ 'ਏ ਫਿਲੌਸਫ਼ੀ ਆਫ਼ ਨੇਫਾ' ਦੀ ਭੂਮਿਕਾ ਵਿਚ ਨਹਿਰੂ ਨੇ ਲਿਖਿਆ ਹੈ। ਉਸੇ ਸਮੇਂ ਤੋਂ ਇਨ੍ਹਾਂ ਨੇਮਾਂ ਨੂੰ ਸਤੰਤਰਤਾ ਬਾਅਦ ਦੇ ਭਾਰਤ ਵਿਚ ਕਬਾਇਲੀ ਵਿਕਾਸ ਲਈ ਮੁੱਖ ਮਾਪਦੰਡ

ਵਜੋਂ ਲਿਆ ਜਾਂਦਾ ਹੈ। ਇਨ੍ਹਾਂ ਨੇਮਾਂ ਤਹਿਤ ਆਪਣੀ ਸੁਭਾਵਿਕ ਪ੍ਰਤਿਭਾ ਦੀਆਂ ਲੀਹਾਂ ਤੇ ਵਿਕਾਸ, ਜ਼ਮੀਨ ਅਤੇ ਜੰਗਲ ਵਿਚ ਕਬਾਇਲੀ ਹੱਕਾਂ ਦਾ ਸਨਮਾਨ, ਪ੍ਰਸ਼ਾਸਨ ਅਤੇ ਵਿਕਾਸ ਕਾਰਜਾਂ ਲਈ ਆਪਣੇ ਲੋਕਾਂ ਦੀ ਟੀਮ ਤਿਆਰ ਕਰਨੀ ਅਤੇ ਸਿਖਲਾਈ ਦੇਣਾ, ਨਗਰਪਾਲਿਕਾਵਾਂ ਵਾਲੀ ਸਕੀਮ ਵਿਚ ਵਧੇਰੇ ਪ੍ਰਸ਼ਾਸਨਿਕ ਸਰਗਰਮੀਆਂ ਨਾ ਕਰਨਾ ਅਤੇ ਮੁਕਾਬਲੇਬਾਜ਼ੀ ਵਿਚ ਨਾ ਜਾਂਦਿਆਂ ਉਨ੍ਹਾਂ ਰਾਹੀਂ ਸਮਾਜਿਕ ਅਤੇ ਸਭਿਆਚਾਰਕ ਅਦਾਰਿਆਂ ਦਾ ਕਾਰ-ਵਿਹਾਰ ਨਿਭਾਉਣਾ ਸ਼ਾਮਿਲ ਹਨ।

ਪਰ ਰਾਸ਼ਟਰੀ ਵਿਕਾਸ ਦੇ ਢਾਂਚੇ ਨੂੰ ਸਾਹਮਣੇ ਰਖਦਿਆਂ ਕਬਾਇਲੀਆਂ ਲਈ ਜੋ ਰਵੱਈਆ ਅਖ਼ਤਿਆਰ ਕੀਤਾ ਗਿਆ ਉਹ ਉਕਤ ਗੱਲਾਂ ਤੋਂ ਉਲਟ ਸੀ। ਕਬਾਇਲੀ ਵਿਕਾਸ ਦੇ ਮੁੱਦੇ ਨੂੰ ਰਾਸ਼ਟਰੀ ਵਿਕਾਸ ਦੇ ਮੁੱਦਿਆਂ ਤੋਂ ਬਾਹਰ ਰੱਖ ਕੇ ਨਹੀਂ ਨਿਬੇੜਿਆ ਜਾ ਸਕਿਆ। ਅਸਲ ਵਿਚ, ਤੇਜ਼ ਰਾਸ਼ਟਰੀ ਵਿਕਾਸ ਲਿਆਉਣ ਲਈ ਕੀਤੇ ਗਏ ਉਪਾਵਾਂ ਨੂੰ ਇਕ ਅਜਿਹੇ ਅਹਿਮ ਸਿਲਸਿਲੇ ਵਜੋਂ ਦੇਖਿਆ ਗਿਆ ਜਿਸ ਰਾਹੀਂ ਕਬਾਇਲੀ ਸਮਾਜ ਨੂੰ ਸਮਾਜ ਦੀ ਮੁੱਖ-ਧਾਰਾ ਨਾਲ ਜੋੜਿਆ ਜਾ ਸਕੇਗਾ। ਭਵਿੱਖ ਦੇ ਵਿਕਾਸ ਅਤੇ ਵਸੀਲੇ ਇਕੱਠੇ ਕਰਨ ਲਈ ਉਤਪਾਦਨਸ਼ੀਲ ਢਾਂਚਾ ਤਿਆਰ ਕਰਨ ਦਾ ਰਾਸ਼ਟਰੀ ਟੀਚਾ ਕਬਾਇਲੀਆਂ ਦੀ ਭਲਾਈ ਅਤੇ ਹਿੱਤਾਂ ਨਾਲੋਂ ਕਿਤੇ ਅਹਿਮ ਸੀ। ਇਸ ਲਈ ਰਾਸ਼ਟਰੀ ਵਿਕਾਸ ਦੇ ਨਾਂ 'ਤੇ ਕਬਾਇਲੀ ਹਿੱਤਾਂ ਅਤੇ ਭਲਾਈ ਲੋੜਾਂ ਨੂੰ ਕੁਰਬਾਨ ਕਰ ਦਿਤਾ ਗਿਆ।

ਸੰਵਿਧਾਨ ਦੀ ਧਾਰਾ 19(5) ਦੇ ਬਾਵਜੂਦ ਕਬੀਲੇ ਆਪਣੀ ਭਾਸ਼ਾ, ਸਭਿਆਚਾਰ ਅਤੇ ਧਰਮ ਦੀ ਰੱਖਿਆ ਅਤੇ ਇਨ੍ਹਾਂ ਨੂੰ ਉਤਸ਼ਾਹਿਤ ਕਰਨ ਵਿਚ ਅਸਫਲ ਰਹੇ ਹਨ। ਇਸ ਕਾਨੂੰਨ ਤਹਿਤ ਰਾਜ ਕਬਾਇਲੀਆਂ ਨੂੰ ਆਪਣੀ ਭਾਸ਼ਾ ਵਰਤਣ ਅਤੇ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਇਤਿਹਾਸ, ਸਭਿਆਚਾਰ, ਰਵਾਇਤਾਂ, ਵਿਰਸੇ ਆਦਿ ਦੇ ਅਧਿਐਨ ਦਾ ਹੱਕ ਦਿੰਦਾ ਹੈ। ਇਸ ਕਾਨੂੰਨ ਤਹਿਤ ਰਾਜ ਆਪਣੇ ਸਭਿਆਚਾਰਕ ਜਾਂ ਭਾਸ਼ਾ ਨੂੰ ਉਨ੍ਹਾਂ ਉਪਰ ਥੋਪ ਨਹੀਂ ਸਕਦਾ ਪਰ ਇਸ ਸੰਬੰਧ ਵਿਚ ਕੀਤੀਆਂ ਗਈਆਂ ਸਰਕਾਰੀ ਕਾਰਵਾਈਆਂ ਸੰਵਿਧਾਨਕ ਪ੍ਰਬੰਧਾਂ ਤੋਂ ਕੋਹਾਂ ਦੂਰ ਹਨ। ਰਾਜਾਂ ਦਾ ਵਤੀਰਾ ਯਕੀਨੀ ਤੌਰ ਤੇ ਉਨ੍ਹਾਂ ਨੂੰ ਆਪਣੀ ਭਾਸ਼ਾ, ਸਭਿਆਚਾਰ ਆਦਿ ਦੀ ਸੁਰੱਖਿਆ ਅਤੇ ਉਤਸ਼ਾਹਿਤ ਕਰਨ ਦੀ ਥਾਂ ਬਹੁ-ਗਿਣਤੀ ਦੇ ਸਭਿਆਚਾਰ ਅਤੇ ਭਾਸ਼ਾ ਵਿਚ ਸਮੋ ਲੈਣ ਦੀ ਹੈ। ਜਿਵੇਂ ਕਬਾਇਲੀ ਬੱਚਿਆਂ ਨੂੰ ਸਕੂਲਾਂ ਵਿਚ ਪੜ੍ਹਾਈ ਉਨ੍ਹਾਂ ਰਾਜਾਂ ਦੀ ਮੁੱਖ ਖੇਤਰੀ ਸਮੁਦਾਇਕ ਭਾਸ਼ਾ ਵਿਚ ਕਰਵਾਈ ਜਾਂਦੀ ਹੈ। ਜਿਸ ਨਾਲ ਕਬਾਇਲੀ ਆਪਣੀ ਭਾਸ਼ਾ ਤੇ ਸਭਿਆਚਾਰ ਨੂੰ ਅੱਗੇ ਵਧਾਉਣ ਦਾ ਜ਼ਿੰਮਾ ਕਬਾਇਲੀਆਂ 'ਤੇ ਛੱਡ ਦਿਤਾ ਗਿਆ ਹੈ। ਪਰ ਮਨੁੱਖੀ, ਅਦਾਰਾਗਤ ਅਤੇ ਮਾਲੀ ਵਸੀਲਿਆਂ ਉਪਰ ਨਿਯੰਤਰਨ ਦੀ ਅਣਹੋਂਦ ਵਿਚ ਉਹ ਇਸ ਦਿਸ਼ਾ ਵਿਚ ਕੋਈ ਉਸਾਰੂ ਕੰਮ ਨਹੀਂ ਕਰ ਸਕੇ ਜਦ ਕਿ ਅਜਿਹੇ ਵਸੀਲੇ ਮਿਲਣ 'ਤੇ ਉਸਾਰੂ ਫਲ ਵੀ ਮਿਲੇ ਹਨ। ਇਥੋਂ ਪਤਾ ਲਗਦਾ ਹੈ ਕਿ ਪੱਛਮੀ, ਉੱਤਰੀ ਅਤੇ ਦੱਖਣੀ ਭਾਰਤ ਵਿਚ ਕਬਾਇਲੀ ਭਾਸ਼ਾ ਅਤੇ ਸਭਿਆਚਾਰਕ ਦਾ ਵਧੇਰੇ ਘਾਣ ਹੋਇਆ ਹੈ। ਪੂਰਬੀ ਭਾਰਤ ਵਿਚ ਖ਼ਾਸ ਕਰਕੇ ਉੱਤਰ-ਪੂਰਬ ਵਿਚ ਸਥਿਤੀ ਕੁਝ ਬੇਹਤਰ ਹੈ ਜਿਸ ਦਾ ਕਾਰਨ ਇਕ ਤਰ੍ਹਾਂ ਦਾ ਅਦਾਰਾਗਤ ਪ੍ਰਬੰਧ ਹੈ ਜਿਸ ਨੇ ਅਜਿਹੇ ਵਿਕਾਸ ਨੂੰ ਜਨਮ ਦਿਤਾ। ਇਸ ਨੂੰ ਅੱਗੋਂ ਕਬਾਇਲੀ ਰਾਜਾਂ ਅਤੇ ਖੁਦ-ਮੁਖ਼ਤਿਆਰ ਜ਼ਿਲ੍ਹੇ ਕਾਇਮ ਕੀਤੇ ਜਾਣ ਨਾਲ ਵੱਡਾ ਹੁਲਾਰਾ ਮਿਲਿਆ। ਇਥੋਂ ਪਤਾ ਲਗਦਾ ਹੈ ਕਿ ਸਮੁੱਚੇ ਵਡੇਰੇ ਹੱਕ ਉਥੇ ਹੀ ਹਾਸਲ ਕੀਤੇ ਜਾ ਸਕਦੇ ਹਨ ਜਿਥੇ ਕਬਾਇਲੀ ਖੁਦ-ਮੁਖ਼ਤਿਆਰੀ ਨਾਲ ਖ਼ੁਦ ਆਪਣਾ ਸਾਰਾ ਕਾਰ-ਵਿਹਾਰ ਚਲਾਉਣ।

**ਅਜੀਬ ਗੱਲ ਹੈ ਕਿ ਸੰਵਿਧਾਨਕ ਉਪਬੰਧਾਂ ਤੇ ਆਦਿਵਾਸੀ ਸਮੁਦਾਇਆਂ ਦੀ ਭਲਾਈ ਅਤੇ ਹਿੱਤਾਂ ਦੀ ਸੁਰੱਖਿਆ ਬਾਰੇ ਕਾਨੂੰਨ ਦੇ ਬਾਵਜੂਦ ਆਦਿਵਾਸੀਆਂ ਦਾ ਹਾਸ਼ੀਏ 'ਤੇ ਪੈਂਦੇ ਜਾਣਾ ਲਗਾਤਾਰ ਜਾਰੀ ਹੈ। ਅਸਲ ਵਿਚ, ਇਸ ਦਾ ਕਾਰਨ ਇਸ ਸਮੱਸਿਆ ਦੇ ਹੱਲ ਲਈ ਘੜੇ ਗਏ ਕਾਨੂੰਨ ਖ਼ੁਦ ਹਨ। ਆਦਿਵਾਸੀਆਂ ਕੋਲ ਪੜ੍ਹਨ-ਲਿਖਣ ਦੀ ਕੋਈ ਰਵਾਇਤ ਨਹੀਂ ਹੈ। ਇਸੇ ਕਰਕੇ ਅਜਿਹੇ ਕਾਨੂੰਨਾਂ ਦਾ ਲੇਖਾ-ਜੋਖਾ ਰੱਖਣ ਅਤੇ ਇਸ ਤੋਂ ਲਾਹਾ ਲੈਣ ਦੀ ਵੀ ਉਨ੍ਹਾਂ ਕੋਲ ਕੋਈ ਰਵਾਇਤ ਨਹੀਂ ਹੈ। ਉਹ ਅਦਾਲਤੀ ਭਾਸ਼ਾ ਅਤੇ ਅਮਲਾਂ ਤੋਂ ਜਾਣੂ ਨਹੀਂ ਹਨ, ਜਿਸ ਕਾਰਨ ਗ਼ੈਰ-ਆਦਿਵਾਸੀ ਅਜਿਹੇ ਕਾਨੂੰਨਾਂ ਦਾ ਫ਼ਾਇਦਾ ਉਠਾਉਂਦਿਆਂ ਆਦਿਵਾਸੀਆਂ ਦੀਆਂ ਜ਼ਮੀਨਾਂ ਲੁੱਟ ਰਹੇ ਹਨ।**

ਸਥਾਨਕ ਪ੍ਰਸ਼ਾਸਨ ਜੋ ਕਿ ਆਮ ਤੌਰ ਤੇ ਗ਼ੈਰ-ਬਕਾਇਲੀਆਂ ਦੇ ਹੱਥ ਵਿਚ ਹੈ, ਕਬਾਇਲੀਆਂ ਤੋਂ ਗ਼ੈਰ-ਕਬਾਇਲੀਆਂ ਨੂੰ ਜ਼ਮੀਨ ਦੇ ਤਬਾਦਲੇ ਕਰਾਉਣ ਵਿਚ ਦਲਾਲਾਂ ਦਾ ਸਾਥ ਦੇ ਰਿਹਾ ਹੈ।

ਇਕ ਪਾਸੇ ਜੇ ਕਬਾਇਲੀ ਸੁਰੱਖਿਆ ਵਾਲੇ ਕਾਨੂੰਨ ਹਨ ਅਤੇ ਇਸ ਦੇ ਨਾਲ-ਨਾਲ ਆਮ ਨਾਗਰਿਕਾਂ ਜਾਂ ਵਿਅਕਤੀਆਂ ਲਈ ਵੀ ਕਾਨੂੰਨ ਹਨ। ਆਮ ਨਾਗਰਿਕਾਂ ਜਾਂ ਵਿਅਕਤੀਆਂ ਬਾਰੇ ਕਾਨੂੰਨ ਨੂੰ ਮਨੁੱਖੀ ਹੱਕਾਂ ਨਾਲ ਜੋੜਿਆ ਜਾਂਦਾ ਹੈ। ਕਬਾਇਲੀਆਂ ਦੇ ਹੱਕਾਂ ਦੀ ਅਜਿਹੇ ਨਾਗਰਿਕ ਹੱਕਾਂ ਜਾਂ ਮਨੁੱਖੀ ਹੱਕਾਂ ਅੱਗੇ ਕੋਈ ਵੁਅੱਕਤ ਨਹੀਂ ਪੈਣ ਦਿਤੀ ਜਾਂਦੀ। ਇਸ ਅਮਲ ਵਿਚ ਹਾਸ਼ੀਏ 'ਤੇ ਪਏ ਹੋਣ ਦੇ ਬਾਵਜੂਦ ਇਕ ਵਿਸ਼ੇਸ਼ ਧੜੇ ਲਈ ਬਣਿਆ ਖ਼ਾਸ ਕਾਨੂੰਨ ਵੀ ਆਮ ਕਾਨੂੰਨਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਜਿਥੇ ਇਕ ਪਾਸੇ ਕਬਾਇਲੀ ਸੁਰੱਖਿਆ ਬਾਰੇ ਕਾਨੂੰਨ ਹਨ, ਦੂਜੇ ਪਾਸੇ ਜ਼ਮੀਨ ਹਾਸਿਲ ਕਰਨ, ਸਾਂਭ-ਸੰਭਾਲ, ਜੰਗਲ, ਵਣ-ਜੀਵਨ ਰੱਖ ਆਦਿ ਬਾਰੇ ਕਾਨੂੰਨ ਹਨ ਜੋ ਆਮ ਜਨਤਾ ਦੇ ਹਿੱਤ ਨਾਲ ਜੋੜ ਕੇ ਵੇਖੇ ਜਾਂਦੇ ਹਨ ਅਤੇ ਜਿਨ੍ਹਾਂ ਹੇਠ ਕਬਾਇਲੀ ਹੱਕਾਂ ਦੀ ਸੁਰੱਖਿਆ ਦਬਾਅ ਦਿਤੀ ਜਾਂਦੀ ਹੈ। ਸੰਖੇਪ ਵਿਚ, ਕਹਿ ਸਕਦੇ ਹਾਂ ਕਿ ਭਾਰਤ ਵਿਚ ਅਦਾਲਤੀ ਨਿਜ਼ਾਮ ਅਤੇ ਇਸ ਦੇ ਅਹੁਦੇਦਾਰ ਆਮ ਤੌਰ ਤੇ ਕਬਾਇਲੀ ਸਮੁਦਾਇਆਂ ਲਈ ਮੌਜੂਦ ਸੰਵਿਧਾਨਕ ਉਪਬੰਧਾਂ ਅਤੇ ਕਾਨੂੰਨੀ ਹੱਕਾਂ ਨੂੰ ਲੈ ਕੇ ਗ਼ੈਰ-ਸੰਵੇਦਨਸ਼ੀਲ ਹਨ।

***(ਲੇਖਕ ਪ੍ਰੋਫੈਸਰ ਅਤੇ ਉਪ-ਨਿਰਦੇਸ਼ਕ, ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼, ਗੁਵਾਹਾਟੀ ਕੈਂਪਸ ਹੈ।)***

***e-mail :virg1978@gmail.com***

# ਆਦਿਵਾਸੀ ਸਵੈ-ਰਾਜ ਨੂੰ ਅਸਲ ਰੂਪ ਦੇਣਾ : ਸਭ ਸਮੱਸਿਆਵਾਂ ਦਾ ਹੱਲ

ਰਾਹੁਲ ਬੈਨਰਜੀ

## ਸੰਵਿਧਾਨਕ ਗੁੰਝਲਾਂ

ਅਪ੍ਰੈਲ 2001 ਦੀ ਇਕ ਤਪਦੀ ਦੁਪਹਿਰ ਨੂੰ ਮੋਤੀਆਭਾਈ, ਜੋ ਮੱਧ ਪ੍ਰਦੇਸ਼ ਵਿਚ ਕਾਤੁਕੀਆ ਪਿੰਡ, ਬਾਰਾਲੀ ਤਹਿਸੀਲ, ਜ਼ਿਲ੍ਹਾ ਦੇਵਾਸ ਦਾ ਭਿਲਾਲਾ ਆਦਿਵਾਸੀ ਪਟੇਲ ਹੈ, ਆਪਣੇ ਖੋਲ਼ਾ ਹੋ ਚੁੱਕੇ ਘਰ ਵਿਚ ਬੈਠਾ, ਉਸ ਸਮੇਂ ਦੇ ਰਾਸ਼ਟਰੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਕਮਿਸ਼ਨ ਦੇ ਚੇਅਰਮੈਨ ਦਲੀਪ ਸਿੰਘ ਭੂਰੀਆ ਨੂੰ ਸੋਗ ਭਰੇ ਢੰਗ ਨਾਲ ਪੁੱਛ ਰਿਹਾ ਸੀ ਕਿ ਭਾਰਤ ਦਾ ਨਾਗਰਿਕ ਹੋਣ ਦੇ ਨਾਤੇ ਉਸ ਨੂੰ ਆਪਣੀ ਛੱਤ ਥੱਲੇ ਸਵੈਮਾਣ ਨਾਲ ਰਹਿਣ ਦਾ ਕੀ ਅਧਿਕਾਰ ਨਹੀਂ?

ਅਜਿਹਾ ਕਿਉਂ ਹੈ ਕਿ ਆਜ਼ਾਦ ਭਾਰਤ ਵਿਚ ਮੋਤੀਆ ਪਟੇਲ ਵਰਗੇ ਆਦਿਵਾਸੀਆਂ ਨੂੰ ਬਾਰ-ਬਾਰ ਇਹ ਸਵਾਲ ਪੁੱਛਣਾ ਪੈ ਰਿਹਾ ਹੈ, ਜਿਸ ਦਾ ਕਦੀ ਵੀ ਸੰਤੋਖਜਨਕ ਉੱਤਰ ਨਹੀਂ ਮਿਲਦਾ? ਅਜਿਹਾ ਕਿਉਂ ਹੁੰਦਾ ਹੈ ਕਿ ਸੰਵਿਧਾਨਕ ਸੁਰੱਖਿਆ ਅਤੇ ਦੂਸਰੇ ਸੁਧਾਰਵਾਦੀ ਕਾਨੂੰਨ ਹੋਣ ਦੇ ਬਾਵਜੂਦ, ਜਦੋਂ ਵੀ ਆਦਿਵਾਸੀ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਨੂੰ ਸਥਾਪਤੀ ਦੇ ਕਹਿਰ ਦਾ ਸਾਹਮਣਾ ਕਰਨਾ ਪੈਂਦਾ ਹੈ? ਸ਼ਡਿਊਲਡ ਏਰੀਆਜ਼ ਐਕਟ 1996 ਅਧੀਨ ਪੰਚਾਇਤ ਆਰਜ਼ੀ ਵਿਸਤਾਰ, ਜਿਸ ਨੂੰ ਸ਼ੁਰੂਆਤ ਵਿਚ ਆਦਿਵਾਸੀ ਵਸਨੀਕਾਂ ਦੀਆਂ ਵਿਕਾਸ ਸੰਬੰਧਿਤ ਸਮੱਸਿਆਵਾਂ ਦਾ ਇਕੋ-ਇਕ ਇਲਾਜ ਦੱਸਿਆ ਗਿਆ ਸੀ, ਇਹ ਕਾਨੂੰਨ ਵੀ ਉਨ੍ਹਾਂ ਦੀ ਕੋਈ ਖ਼ਾਸ ਮਦਦ ਨਹੀਂ ਕਰ ਸਕਿਆ। ਕਿਉਂ? ਆਜ਼ਾਦੀ ਪ੍ਰਾਪਤੀ ਦੇ 60 ਸਾਲ ਬਾਅਦ ਵੀ ਆਦਿਵਾਸੀਆਂ ਲਈ ਸਵੈ-ਰਾਜ, ਸਵੈ-ਨਿਰਣੇ ਦਾ ਅਧਿਕਾਰ ਹਜ਼ਰਤ ਈਸਾ ਦੀ ਪਵਿੱਤਰ ਥਾਲੀ ਵਾਂਗ ਉਨ੍ਹਾਂ ਤੋਂ ਦੂਰ-ਦੂਰ ਹੀ ਰਹਿ ਰਿਹਾ ਹੈ? ਇਨ੍ਹਾਂ ਸਾਰਿਆਂ ਸਵਾਲਾਂ ਦੇ ਹੱਲ ਜਾਣਨ ਲਈ ਉਨ੍ਹਾਂ ਸਾਰੇ ਕਾਨੂੰਨੀ ਪ੍ਰਾਵਧਾਨਾਂ ਦੀ ਗਹਿਰਾਈ ਨਾਲ ਪੜਚੋਲ ਕਰਨੀ ਪਵੇਗੀ ਜਿਨ੍ਹਾਂ ਕਰਕੇ ਸ਼ਡਿਊਲਡ ਏਰੀਆਜ਼ ਐਕਟ 1996 ਬਣਿਆ ਜਿਹੜਾ ਬਾਅਦ ਵਿਚ ਸਹੀ ਅਰਥਾਂ ਵਿਚ ਲਾਗੂ ਨਹੀਂ ਕੀਤਾ ਜਾ ਸਕਿਆ।

ਸਪੱਸ਼ਟ ਸੋਚ ਵਾਲੇ ਆਦਿਵਾਸੀ ਨੇਤਾਵਾਂ - ਖ਼ਾਨ ਅਬਦੁੱਲ ਗ਼ੱਫਾਰ ਖ਼ਾਨ ਅਤੇ ਜੈਪਾਲ ਸਿੰਘ ਦੀ ਹਾਜ਼ਰੀ ਸਦਕਾ ਸੰਵਿਧਾਨ ਸਭਾ ਵਿਚ ਵਿਚਾਰ ਵਟਾਂਦਰਾ ਹੋਇਆ ਜਿਸ ਵਿਚ ਆਦਿਵਾਸੀਆਂ ਦੇ ਸਹਿਜ ਰੂਪ ਵਿਚ ਲੋਕਤੰਤਰਿਕ ਅਤੇ ਗ਼ੈਰ-ਸ਼ੋਸ਼ਣਕਾਰੀ ਸੁਭਾਅ ਨੂੰ ਸਲਾਹਿਆ ਗਿਆ ਅਤੇ ਉਨ੍ਹਾਂ ਦੇ ਫ਼ਾਇਦੇ ਲਈ 'ਅਜੋਕੀ ਆਰਥਿਕਤਾ ਵਿਚ ਉਨ੍ਹਾਂ ਦੇ ਸੁਮੇਲ ਵਾਸਤੇ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ ਗਿਆ (ਭਾਰਤ ਸਰਕਾਰ 1954)। ਨਤੀਜੇ ਵਜੋਂ, ਆਦਿਵਾਸੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਹਾਲਾਤ ਬੇਹਤਰ ਬਣਾਉਣ ਲਈ ਸੰਵਿਧਾਨ ਵਿਚ ਬਹੁਤ ਸਾਰੇ ਪ੍ਰਾਵਧਾਨ ਕੀਤੇ ਗਏ ਅਤੇ ਕਈ ਕਾਨੂੰਨ ਵੀ ਬਣਾਏ ਗਏ। ਤਾਂ ਵੀ, ਅਜੋਕੇ ਸੱਨਅਤੀ ਵਿਕਾਸ ਨਾਲ ਕੇਂਦਰੀ ਯੋਜਨਾਬੰਦੀ 1950 ਤੋਂ ਸ਼ੁਰੂ ਹੋਈ। ਰਾਜ ਦੇ ਸਾਹਮਣੇ ਆਦਿਵਾਸੀਆਂ ਦੀ ਬੇਵਸੀ ਕਰਕੇ ਆਦਿਵਾਸੀ ਖੇਤਰਾਂ ਵਿਚ ਘੁਸਪੈਠ ਹੋਰ ਜ਼ਿਆਦਾ ਵਧ ਗਈ ਜੋ ਸਾਮਰਾਜੀ ਰਾਜ ਦੇ ਸਮੇਂ ਨਾਲੋਂ ਵੀ ਵੱਧ ਸੀ। ਮਤਲਬ ਸਾਫ਼ ਸੀ - ਇਨ੍ਹਾਂ ਇਲਾਕਿਆਂ ਵਿਚ ਮੌਜੂਦ ਬੇਤਹਾਸ਼ਾ ਕੁਦਰਤੀ ਭੰਡਾਰਾਂ ਦਾ ਸ਼ੋਸ਼ਣ ਕਰਨਾ।

ਆਜ਼ਾਦ ਭਾਰਤ ਸਰਕਾਰ ਨੇ ਅਸਲ ਵਿਚ ਕੁਦਰਤੀ ਸਰੋਤਾਂ ਨੂੰ ਪ੍ਰਾਪਤ ਕਰਨ ਲਈ ਅੰਗਰੇਜ਼ਾਂ ਵਾਲਾ ਰਸਤਾ ਹੀ ਅਖਤਿਆਰ ਕੀਤਾ, ਜਿਸ ਸਦਕਾ ਅਜੋਕਾ ਸੱਨਅਤੀ ਵਿਕਾਸ ਹੋਰ ਤੇਜ਼ ਹੋ ਸਕੇ। ਅੰਗਰੇਜ਼ਾਂ ਨੇ 1860 ਵਿਚ ਇੰਡੀਅਨ ਪੀਨਲ ਕੋਡ ਅਤੇ 1861 ਵਿਚ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਲਾਗੂ ਕਰ ਦਿਤੇ। ਥੋੜ੍ਹੀਆਂ ਬਹੁਤੀਆਂ ਸੋਧਾਂ ਨੂੰ ਛੱਡ ਕੇ, ਇਹ ਕਾਨੂੰਨ ਅੱਜ ਵੀ ਲਾਗੂ ਹਨ। ਇਨ੍ਹਾਂ ਨੂੰ ਅਜਿਹੇ ਨਾਮ ਦੇ ਦਿਤੇ ਗਏ ਹਨ ਜਿਸ ਨਾਲ ਸਥਾਪਤੀ ਨੂੰ ਆਮ ਲੋਕਾਂ ਵਿਚ ਫ਼ੈਲੀ ਬੇਚੈਨੀ ਨੂੰ ਦਬਾਉਣ ਲਈ ਤਰੀਕੇ ਲੱਭ ਸਕਣ।

ਸਭ ਤੋਂ ਵੱਡਾ ਨੁਕਸ ਸੀ ਕਿ ਮਹਾਤਮਾ ਗਾਂਧੀ ਨੇ ਗ੍ਰਾਮ ਸਵਰਾਜ ਜਾਂ ਖ਼ੁਦਮੁਖਤਿਆਰ ਪਿੰਡਾਂ ਦੀ ਸਥਾਪਨਾ ਕਰਕੇ ਜਮਾਂਦਰੂ ਲੋਕਤੰਤਰ ਨੂੰ ਮਜ਼ਬੂਤ ਕਰਨ ਦਾ ਜੋ ਸੁਪਨਾ ਵੇਖਿਆ ਸੀ, ਉਹ ਛੂਮੰਤਰ ਹੋ ਗਿਆ। ਪੰਚਾਇਤੀ ਰਾਜ, ਸੂਬਿਆਂ ਦੇ ਨਿਰਦੇਸ਼ਤ ਕਾਨੂੰਨਾਂ ਵਿਚ ਸ਼ਾਮਿਲ ਸੀ, ਜਿਨ੍ਹਾਂ ਨੂੰ ਬੁਨਿਆਦੀ ਅਧਿਕਾਰਾਂ ਵਾਂਗ ਅਦਾਲਤ ਰਾਹੀਂ ਜ਼ਬਰਦਸਤੀ ਲਾਗੂ ਨਹੀਂ ਕੀਤਾ ਜਾ ਸਕਦਾ ਸੀ। ਇਸ ਅਨੁਭਾਗ ਵਿਚ ਮੌਲਿਕ ਅਧਿਕਾਰ - ਜਿਵੇਂ ਮੁਫ਼ਤ ਸਿੱਖਿਆ, ਸਿਹਤ ਅਤੇ ਪੌਸ਼ਟਿਕ ਭੋਜਨ, ਸਵੈਮਾਣ ਭਰੀ ਜ਼ਿੰਦਗੀ ਜਿਉਣ ਲਈ ਹੱਕ ਆਦਿ ਇਸ ਵਿਚ ਸ਼ਾਮਿਲ ਸਨ। ਸੋ, ਉਹ ਪ੍ਰਾਵਧਾਨ ਜਿਨ੍ਹਾਂ ਕਰਕੇ ਇਕ ਜਾਗਰੂਕ, ਸਿਹਤਮੰਦ ਅਤੇ ਸਪੱਸ਼ਟ ਸੋਚ ਵਾਲੀ ਆਦਿਵਾਸੀ ਵਸੋਂ ਉੱਭਰ ਸਕਦੀ ਸੀ, ਜਿਸ ਨਾਲ ਆਦਿਵਾਸੀਆਂ ਦੀ ਸੋਚ ਮੁਤਾਬਕ ਵਿਕਾਸ ਲਈ ਸੰਸਥਾਗਤ ਢਾਂਚਾ ਖੜ੍ਹਾ ਕੀਤਾ ਜਾ ਸਕਦਾ ਸੀ। ਇਸ ਸਭ ਨੂੰ ਆਜ਼ਾਦੀ ਤੋਂ ਬਾਅਦ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਪੂਰਨ ਰੂਪ ਵਿਚ ਅਣਗੌਲਿਆ ਜਾਂਦਾ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਸਾਡੇ ਦੇਸ਼ ਵਿਚ ਅੰਦਰੂਨੀ ਸਾਮਰਾਜ ਅਤੇ ਸਾਮੰਤਵਾਦੀ ਸ਼ਕਤੀਆਂ ਸਿਰ ਚੁੱਕ ਰਹੀਆਂ ਹਨ। ਮਸਲੇ ਹੋਰ ਵੀ ਗੁੰਝਲਦਾਰ ਹੋ ਗਏ ਕਿਉਂਕਿ ਮੌਲਿਕ ਅਧਿਕਾਰ

ਵੀ ਸੁਰੱਖਿਅਤ ਕਰਨੇ ਔਖੇ ਹੋ ਗਏ। ਕਾਰਨ– ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਚਾਰਾਜੋਈ 'ਤੇ ਆਉਂਦਾ ਭਾਰੀ ਖਰਚਾ। ਜਦ ਕਿ ਸ਼ਹਿਜ਼ਾਦੇ, ਜਾਗੀਰਦਾਰ ਅਤੇ ਉਦਯੋਗਪਤੀ ਗਰੀਬਾਂ ਨੂੰ ਦਿਤੇ ਜਾਣ ਵਾਲੇ ਨਿਆਂ ਦਾ ਰੋੜਾ ਬਣਨ ਲਈ ਅਕਸਰ ਕਚਹਿਰੀਆਂ ਵਿਚ ਜਾਂਦੇ ਰਹੇ ਗਰੀਬਾਂ ਲਈ ਇਹ ਕਰਨਾ ਔਖਾ ਸੀ। ਇਸ ਕਰਕੇ ਉਨ੍ਹਾਂ ਨੂੰ ਸਥਾਪਤੀ ਦੇ ਅੰਗਾਂ ਦੀ ਸ਼ਹਿ 'ਤੇ ਸ਼ਾਸਕਾਂ ਦੁਆਰਾ ਕੀਤਾ ਜਾ ਰਿਹਾ ਜਬਰ ਸਹਿਣਾ ਪਿਆ।

## ਆਦਿਵਾਸੀ ਦੁਬਿਧਾ

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸੰਵਿਧਾਨ ਵਿਚ ਆਦਿਵਾਸੀਆਂ ਦੀ ਭਲਾਈ ਲਈ ਵਿਸ਼ੇਸ਼ ਪ੍ਰਾਵਧਾਨ ਕੀਤੇ ਗਏ ਸਨ। ਅਸਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਵਿਚਲੇ ਆਦਿਵਾਸੀ ਛੇਵੇਂ ਸ਼ਡਿਊਲ ਦੇ ਪ੍ਰਾਵਧਾਨਾਂ ਤਹਿਤ ਕੀਤਾ ਗਿਆ ਜਦਕਿ ਆਂਧਰ ਪ੍ਰਦੇਸ਼, ਓਡੀਸ਼ਾ, ਝਾਰਖੰਡ , ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਂਰਾਸ਼ਟਰ, ਗੁਜਰਾਤ ਅਤੇ ਰਾਜਸਥਾਨ ਦੇ ਆਦਿਵਾਸੀਆਂ ਨੂੰ ਪੁਰਾਣੇ ਪੰਜਵੇਂ ਸ਼ਡਿਊਲ ਦੇ ਪ੍ਰਾਵਧਾਨਾਂ ਤਹਿਤ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਪ੍ਰਾਵਧਾਨਾਂ ਦੇ ਪਿੱਛੇ ਮੁਢਲੀ ਸੋਚ ਸੀ ਕਿ ਆਦਿਵਾਸੀਆਂ ਦਾ ਇਕ ਨਿਵੇਕਲਾ, ਭਾਈਚਾਰਕ ਸੱਭਿਆਚਾਰ ਹੈ ਜਿਹੜਾ ਇਕੱਠ ਵਿਚ ਜੀਵਨ ਨਿਰਬਾਹ ਕਰਨ ਦੇ ਸਿਧਾਂਤ 'ਤੇ ਆਧਾਰਿਤ ਹੈ। ਇਹ ਅਜੋਕੇ ਸੱਨਅਤੀ ਵਿਕਾਸ ਦੁਆਰਾ ਫੈਲਾਏ ਪਦਾਰਥਵਾਦੀ ਸੱਭਿਆਚਾਰ ਤੋਂ ਬਿਲਕੁਲ ਉਲਟ ਹੈ। ਇਸ ਕਰਕੇ, ਇਸ ਸਭਿਆਚਾਰ ਨੂੰ ਅਜੋਕੇ, ਹਮਲਾਵਰ ਵਿਕਾਸ ਦੀ ਮਾਰ ਤੋਂ ਬਚਾਉਣ ਅਤੇ ਸੁਰੱਖਿਅਤ ਕਰਨ ਦੀ ਲੋੜ ਸੀ। ਬ੍ਰਿਟਿਸ਼ ਪ੍ਰਬੰਧਕ, ਚਿੰਤਕ ਅਤੇ ਸਮਾਜਿਕ ਕਾਰਜਕਰਤਾ ਵੇਰੀਅਰ ਏਲਵਿਨ ਇਸ ਵਿਚਾਰ ਦਾ ਝੰਡਾ ਬਰਦਾਰ ਸੀ। ਉਸ ਨੇ ਹੀ ਇਸ ਮਾਮਲੇ ਵਿਚ ਨਹਿਰੂ ਨੂੰ ਪ੍ਰਭਾਵਿਤ ਕੀਤਾ। 'ਪੰਚਸ਼ੀਲ' ਸਿਧਾਂਤ ਪਿੱਛੇ ਵੀ ਉਸੇ ਦਾ ਹੀ ਦਿਮਾਗ ਸੀ ਜਿਹੜਾ ਆਦਿਵਾਸੀਆਂ ਦੇ ਵਿਕਾਸ, ਉਨ੍ਹਾਂ ਦੇ ਨਿਵੇਕਲੇਪਨ ਨੂੰ ਧਿਆਨ ਵਿਚ ਰੱਖਦੇ ਹੋਏ, ਲਈ ਬਣਾਇਆ ਗਿਆ ਸੀ। ਪਰ ਸੱਤਾ ਦੇ ਬੇਹੱਦ ਅਸੰਤੁਲਿਤ ਸਮੀਕਰਨਾਂ ਨੇ ਇਨ੍ਹਾਂ ਉੱਚ ਵਿਚਾਰਾਂ ਨੂੰ ਅਮਲੀ ਜਾਮਾ ਨਹੀਂ ਪਹਿਨਣ ਦਿਤਾ। ਇਹ ਕਦੇ ਵੀ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤੇ ਜਾ ਸਕੇ।

ਛੇਵੇਂ ਸ਼ਡਿਊਲ ਦੇ ਪ੍ਰਾਵਧਾਨਾਂ ਮੁਤਾਬਕ ਖੁਦਮੁਖਤਿਆਰ ਜ਼ਿਲ੍ਹਾ ਪਰਿਸ਼ਦਾਂ ਦੀ ਸਥਾਪਨਾ ਨਾਲ, ਆਦਿਵਾਸੀਆਂ ਨੂੰ ਉਨ੍ਹਾਂ ਦੇ ਖੇਤਰਾਂ ਵਿਚ ਸਵੈ-ਸ਼ਾਸ਼ਨ ਦੀ ਗੱਲ ਕਰਦਾ ਹੈ। ਬਾਵਜੂਦ ਇਸ ਦੇ ਕਿ ਖੁਦਮੁਖਤਿਆਰ ਜ਼ਿਲ੍ਹਾਂ ਪਰਿਸ਼ਦਾਂ ਨੇ ਆਦਿਵਾਸੀਆਂ ਨੂੰ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਲਈ ਕੁੱਝ ਸ਼ਕਤੀਆਂ ਦਿਤੀਆਂ, ਪਰ ਇਹ ਸ਼ਕਤੀਆਂ ਰਾਜ ਦੀਆਂ ਸ਼ਕਤੀਆਂ ਸਾਹਮਣੇ ਬੌਣੀਆਂ ਸਾਬਤ ਹੋਈਆਂ। ਮਿਸਾਲ ਦੇ ਤੌਰ ਤੇ ਅਸਮ ਤੇ ਤ੍ਰਿਪੁਰਾ ਦੇ ਗ਼ੈਰ-ਆਦਿਵਾਸੀ, ਜਿਹੜੇ ਰਾਜ ਵਿਧਾਨ ਸਭਾਵਾਂ ਵਿਚ ਭਾਰੂ ਸਨ, ਆਦਿਵਾਸੀਆਂ ਨੂੰ ਰਿਆਇਤਾਂ ਦੇਣ ਦੇ ਸਖ਼ਤ ਖ਼ਿਲਾਫ਼ ਸਨ। ਉਨ੍ਹਾਂ ਨੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਸ਼ਕਤੀਆਂ ਨੂੰ ਸੀਮਤ ਕਰ ਦਿਤਾ। ਮੇਘਾਲਿਆ ਅਤੇ ਮਿਜ਼ੋਰਮ ਦੇ ਰਾਜ ਪੱਧਰੀ ਆਦਿਵਾਸੀ ਨੇਤਾਵਾਂ ਨੇ ਸਾਰੀਆਂ ਸ਼ਕਤੀਆਂ ਹੜੱਪ ਕਰਕੇ ਜ਼ਿਲ੍ਹਾ ਪਰਿਸ਼ਦਾਂ ਨੂੰ ਨਿਤਾਣਾ ਕਰ ਦਿਤਾ। ਜ਼ਿਲ੍ਹਾ ਕੌਂਸਿਲਾਂ ਵਲੋਂ ਪਾਸ ਕਾਨੂੰਨਾਂ ਨੂੰ ਮਾਨਤਾ ਨਾ ਦੇ ਕੇ, ਉਨ੍ਹਾਂ ਨੂੰ ਵਿਕਾਸ ਕਾਰਜਾਂ ਲਈ ਦਿਤੇ ਜਾਂਦੇ ਫ਼ੰਡ ਘਟਾ ਕੇ, ਅੜਚਣਾਂ ਖੜ੍ਹੀਆਂ ਕੀਤੀਆਂ ਗਈਆਂ ਹਨ। ਕੇਂਦਰੀਕ੍ਰਿਤ ਵਿਕਾਸ ਅਤੇ ਆਦਿਵਾਸੀਆਂ ਦਾ ਸੁਰੱਖਿਆ ਕਾਨੂੰਨ ਹਨ ਅਤੇ ਜ਼ਿਲ੍ਹਾ ਪਰਿਸ਼ਦਾਂ ਉੱਤਰ ਪੂਰਬ ਦੇ ਲੋਕਾਂ ਦੀਆਂ ਆਸਾਂ 'ਤੇ ਪੂਰਾ ਉੱਤਰਨ ਵਿਚ ਅਸਫਲ ਰਹੀਆਂ ਹਨ। (ਰਾਇ-ਬਰਮਨ, 1997)।

ਪੰਜਵੇਂ ਸ਼ਡਿਊਲ ਅਧੀਨ ਆਉਂਦੇ ਇਲਾਕਿਆਂ ਵਿਚ ਹਾਲਾਤ ਹੋਰ ਵੀ ਖਰਾਬ ਹਨ। ਪੰਜਵੇਂ ਸ਼ਡਿਊਲ ਦੇ ਅਨੁਭਾਗ 5 ਵਿਚ ਇਸ ਤਰ੍ਹਾਂ ਲਿਖਿਆ ਹੈ :-

5(2) ਰਾਜਪਾਲ ਸ਼ਾਂਤੀ ਅਤੇ ਚੰਗੀ ਸਰਕਾਰ ਵਾਸਤੇ ਰਾਜ ਦੇ ਕਿਸੇ ਵੀ ਭਾਗ ਲਈ ਨਿਯਮ ਬਣਾ ਸਕਦਾ ਹੈ ਜੋ ਹਾਲ ਦੀ ਘੜੀ ਇਕ ਅਨੁਸੂਚਿਤ ਇਲਾਕਾ ਹੈ। ਮੌਜੂਦਾ ਸ਼ਕਤੀਆਂ ਦੇ ਖ਼ਿਲਾਫ਼ ਨਾ ਜਾਂਦੇ ਹੋਏ ਇਹ ਨਿਯਮ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ :

(ੳ) ਅਜਿਹੇ ਇਲਾਕਿਆਂ ਵਿਚ ਆਦਿਵਾਸੀਆਂ ਕਬੀਲਿਆਂ ਦਰਮਿਆਨ ਭੋਇੰ ਦੇ ਤਬਾਦਲੇ 'ਤੇ ਪਾਬੰਦੀ ਲਾਉਣੀ ਜਾਂ ਸੀਮਤ ਪਾਬੰਦੀ ਲਾਉਣੀ।

(ਅ) ਅਜਿਹੇ ਖੇਤਰਾਂ ਵਿਚ ਆਦਿਵਾਸੀ ਕਬੀਲਿਆਂ ਨੂੰ ਭੋਇੰ ਸੌਂਪਣ ਸੰਬੰਧੀ ਨਿਯਮ ਬਣਾਉਣਾ।

(ੲ) ਅਜਿਹੇ ਖੇਤਰਾਂ ਵਿਚ ਸ਼ਾਹੂਕਾਰਾਂ ਦੇ ਵਪਾਰ ਲਈ ਨਿਯਮ ਬਣਾਉਣਾ ਜੋ ਆਦਿਵਾਸੀ ਕਬੀਲਿਆਂ ਨੂੰ ਵਿਆਜ 'ਤੇ ਪੈਸੇ ਦਿੰਦੇ ਹਨ।

5(ੳ) - ਇਸ ਪੈਰੇ ਦੇ ਉਪ ਪੈਰਾ (2) ਵਿਚ ਜਿਵੇਂ ਕਿ ਦੱਸਿਆ ਗਿਆ ਹੈ। ਅਜਿਹੇ ਨਿਯਮ ਬਣਾਉਣ ਵੇਲੇ ਰਾਜਪਾਲ ਰਾਜ ਵਿਧਾਨ ਸਭਾ ਜਾਂ ਸੰਸਦ ਵਲੋਂ ਬਣਾਏ ਕਿਸੇ ਵੀ ਕਾਨੂੰਨ ਵਿਚ ਸੋਧ ਜਾਂ ਖਤਮ ਕਰ ਸਕਦਾ ਹੈ ਜਿਹੜਾ ਉਸ ਖ਼ਾਸ ਇਲਾਕੇ ਵਿਚ ਉਸ ਵੇਲੇ ਲਾਗੂ ਹੋਵੇ।

ਸੋ, ਸਿਧਾਂਤਕ ਤੌਰ ਤੇ ਇਕ ਰਾਜ ਦਾ ਰਾਜਪਾਲ, ਆਦਿਵਾਸੀ ਸਲਾਹਕਾਰ ਪਰਿਸ਼ਦ, ਜਿਸ ਵਿਚ ਉਸ ਰਾਜ ਦੇ ਆਦਿਵਾਸੀ ਵਿਧਾਨਕਾਰ ਵੀ ਸ਼ਾਮਿਲ ਹੁੰਦੇ ਹਨ, ਦੀ ਸਲਾਹ ਤੇ ਭਾਰਤੀ ਵਣ ਕਾਨੂੰਨ ਅਤੇ ਭੌਂ ਪ੍ਰਾਪਤੀ ਕਾਨੂੰਨ ਨੂੰ ਲਾਗੂ ਕਰਨ ਜਾਂ ਖਤਮ ਕਰਨ ਦੇ ਸਮਰਥ ਹੈ। ਇਨ੍ਹਾਂ ਪ੍ਰਾਵਧਾਨਾਂ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਰਾਜਪਾਲ ਆਦਿਵਾਸੀ ਖੇਤਰਾਂ ਵਿਚ ਸ਼ਾਂਤੀ ਅਤੇ ਸੁਸ਼ਾਸਨ ਲਈ ਇਨ੍ਹਾਂ ਨੂੰ ਲਾਗੂ ਕਰ ਸਕਦਾ ਹੈ। ਕਿਉਂਕਿ ਸੰਵਿਧਾਨ ਨਿਰਮਾਤਾਵਾਂ ਅਨੁਸਾਰ ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਆਦਿਵਾਸੀਆਂ ਨੂੰ ਉਨ੍ਹਾਂ ਦੇ ਰੀਤੀ ਰਿਵਾਜਾਂ ਅਨੁਸਾਰ ਵਧਣ ਫੁੱਲਣ ਦੇ ਮੌਕੇ ਦਿਤੇ ਜਾਣ। ਪਰ ਇਹ ਕਦੇ ਹੋ ਨਹੀਂ ਸਕਿਆ ਕਿਉਂਕਿ ਇਹ ਲਾਜ਼ਮੀ ਪ੍ਰਾਵਧਾਨ ਨਹੀਂ, ਸਿਰਫ਼ ਇਕ ਸੁਝਾਅ ਹੈ, ਜਿਵੇਂ ਕਿ ਰਾਜ ਦੀ ਨੀਤੀ ਦੇ ਨਿਰਦੇਸ਼ਿਤ ਅਸੂਲ, ਜਿਨ੍ਹਾਂ ਨੂੰ ਅਖੀਰ ਵਿਚ ਲਾਗੂ ਕਰਨ ਲਈ ਕਾਰਜਪਾਲਿਕਾ 'ਤੇ ਨਿਰਭਰ ਹੋਣਾ ਪੈਂਦਾ ਹੈ।

ਸਿੱਟੇ ਵਜੋਂ, ਆਦਿਵਾਸੀ ਖੇਤਰਾਂ ਵਿਚ ਨਾ ਤਾਂ ਸ਼ਾਂਤੀ ਸਥਾਪਤ ਹੋਈ ਅਤੇ ਨਾ ਹੀ ਸੁਸ਼ਾਸਨ। ਆਜ਼ਾਦੀ ਤੋਂ ਬਾਅਦ ਪਿਛਲੇ 60 ਸਾਲਾਂ ਦਾ ਇਤਿਹਾਸ ਅਜਿਹੀਆਂ ਸੈਂਕੜੇ ਮਿਸਾਲਾਂ ਨਾਲ ਭਰਿਆ ਪਿਆ ਹੈ ਜਦੋਂ ਆਦਿਵਾਸੀਆਂ ਨੂੰ ਭਾਰਤੀ ਰਾਜ ਵਲੋਂ ਉਨ੍ਹਾਂ ਨਾਲ ਕੀਤੇ ਜਾਂਦੇ ਅਨਿਆਂ ਵਿਰੁੱਧ ਸੰਘਰਸ਼ ਕਰਨਾ ਪਿਆ ਕਿਉਂਕਿ ਸਰਕਾਰ ਵਲੋਂ ਭਾਰਤੀ ਵਣ ਕਾਨੂੰਨ ਅਤੇ ਭੌਂ ਪ੍ਰਾਪਤੀ ਕਾਨੂੰਨ ਨੂੰ ਬੇਰਹਿਮ ਤਰੀਕੇ ਨਾਲ ਲਾਗੂ ਕਰਨ ਅਤੇ ਪੰਜਵੇਂ ਸ਼ਡਿਊਲ ਨੂੰ ਲਾਗੂ ਨਾ ਕਰਨ ਕਰਕੇ ਆਦਿਵਾਸੀਆਂ ਦੇ ਜ਼ਖਮਾਂ 'ਤੇ ਲੂਣ ਭੁੱਕਿਆ ਗਿਆ। ਇਸ ਸਾਰੇ ਖ਼ਿਲਾਫ਼ ਆਦਿਵਾਸੀ

ਸੰਸਥਾਵਾਂ ਵਲੋਂ ਵੱਡੇ ਪੈਮਾਨੇ 'ਤੇ ਰੋਸ ਵਿਖਾਵੇ ਕੀਤੇ ਗਏ ਸਨ।

ਸਾਮਥਾ ਦਾ ਆਂਧਰ ਪ੍ਰਦੇਸ਼ ਸਰਕਾਰ ਖ਼ਿਲਾਫ਼ ਮਾਮਲਾ, 1977 8 ਐਸ ਐਸ ਸੀ 191 ਸਾਹਮਣੇ ਹੈ ਜਿਸ ਨੇ ਸੁਪਰੀਮ ਕੋਰਟ ਵਿਚ ਆਦਿਵਾਸੀ ਖੇਤਰਾਂ ਦੀ ਜ਼ਮੀਨ ਨਿੱਜੀ ਕੰਪਨੀਆਂ ਨੂੰ ਖਣਿਜ ਪਦਾਰਥ ਕੱਢਣ ਲਈ ਪੱਟੇ 'ਤੇ ਦੇਣ ਵਿਰੁੱਧ ਲੜਾਈ ਲੜੀ।

**ਸੁਪਰੀਮ ਕੋਰਟ ਨੇ ਆਪਣੇ ਇਕ ਇਤਿਹਾਸਕ ਫ਼ੈਸਲੇ ਵਿਚ ਕਿਹਾ ਕਿ ਸੰਵਿਧਾਨ ਨਿਰਮਾਤਾਵਾਂ ਨੇ ਜਦੋਂ ਪੰਜਵੇਂ ਸ਼ਡਿਊਲ ਨੂੰ ਲਿਖਿਆ ਤਾਂ ਉਨ੍ਹਾਂ ਦੀ ਇੱਛਾ ਸੀ ਕਿ ਆਦਿਵਾਸੀਆਂ ਤੋਂ ਜ਼ਮੀਨ ਜਬਰੀ ਨਾ ਖੋਹੀ ਜਾਵੇ। ਭਾਵੇਂ ਕਿ ਸੰਵਿਧਾਨ ਵਿਚ ਅਸਲ ਸ਼ਬਦ ਹੈ ਕਿ ਰਾਜਪਾਲ ਆਦਿਵਾਸੀਆਂ ਦੀ ਭਲਾਈ ਲਈ ਕਾਰਵਾਈ ਕਰ ਸਕਦਾ ਹੈ ਪਰ ਇਸ ਨੂੰ 'ਕਰੇਗਾ' ਦੇ ਤੌਰ ਤੇ ਪੜ੍ਹਿਆ ਜਾਣਾ ਚਾਹੀਦਾ ਹੈ। ਇਸ ਨਾਲ ਆਦਿਵਾਸੀ ਵਿਅਕਤੀਆਂ ਦੀ ਜ਼ਮੀਨ ਗ਼ੈਰ-ਆਦਿਵਾਸੀਆਂ ਨੂੰ ਤਬਦੀਲ ਕਰਨ ਨੂੰ ਕਾਫੀ ਠੱਲ੍ਹ ਪਈ ਹੈ। ਇਸ ਵਿਚਾਰ ਨੂੰ ਸੁਪਰੀਮ ਕੋਰਟ ਦੇ ਹਾਲੀਆ ਓਡੀਸ਼ਾ ਦੇ ਨਿਆਮਗਿਰੀ ਮੁਕੱਦਮੇ ਦੇ ਫ਼ੈਸਲੇ ਨਾਲ ਕਾਫ਼ੀ ਮਜ਼ਬੂਤੀ ਮਿਲੀ ਹੈ ਜਿਸ ਵਿਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ ਕਿ ਆਦਿਵਾਸੀ ਗ੍ਰਾਮ ਸਭਾਵਾਂ ਨੂੰ ਇਹ ਆਖਰੀ ਤੇ ਫ਼ੈਸਲਾਕੁਨ ਅਖ਼ਤਿਆਰ ਹੋਵੇਗਾ ਇਹ ਤਹਿ ਕਰਨ ਦਾ ਕਿ ਉਨ੍ਹਾਂ ਦੀਆਂ ਜ਼ਮੀਨਾਂ ਰਵਾਇਤੀ ਵਰਤੋਂ ਤੋਂ ਬਿਨਾਂ ਕਿਸੇ ਹੋਰ ਮੰਤਵ ਲਈ ਵਰਤੀਆਂ ਜਾਣ ਜਾਂ ਨਾ। ਇਸ ਨਾਲ ਆਦਿ-ਵਾਸੀਆਂ ਲਈ ਸਵੈ-ਸ਼ਾਸਨ ਦੀ ਲਹਿਰ ਨੂੰ ਉਤਸ਼ਾਹ ਮਿਲਿਆ ਹੈ ਜਿਸ ਦਾ ਅੱਗੇ ਚੱਲ ਕੇ ਵਿਸਥਾਰ ਨਾਲ ਜ਼ਿਕਰ ਆਵੇਗਾ।**

## 3 ਜ਼ਮੀਨ ਦੇਣ ਦਾ ਇਕਰਾਰ

ਸਪੱਸ਼ਟ ਤੌਰ ਤੇ, ਸ਼ਾਸਨ ਸੰਬੰਧੀ ਮੁਢਲੇ ਅਦਾਰਿਆਂ ਦੀ ਅਣਹੋਂਦ ਵੱਡੀ ਸਮੱਸਿਆ ਬਣਦੀ ਜਾ ਰਹੀ ਸੀ ਕਿਉਂਕਿ ਰਾਜਨੀਤਕ ਚੇਤਨਾ ਅਤੇ ਸਾਖਰਤਾ ਦਾ ਪੱਧਰ ਵਧ ਰਿਹਾ ਸੀ ਅਤੇ ਕੇਂਦਰੀਕ੍ਰਿਤ ਥੋੜ੍ਹਾ-ਥੋੜ੍ਹਾ ਕਰਕੇ ਹੋਣ ਵਾਲੇ ਵਿਕਾਸ ਦੀਆਂ ਪਰਤਾਂ ਖੁੱਲ੍ਹ ਗਈਆਂ ਸਨ। ਕੇਂਦਰ ਅਤੇ ਰਾਜ ਸਰਕਾਰਾਂ ਦੇ ਮੋਢਿਆਂ 'ਤੇ ਜਵਾਬਦੇਹੀ ਦਾ ਭਾਰ ਘੱਟ ਕਰਨ ਲਈ ਤੀਜੀ ਪੱਧਰ ਦੀਆਂ ਲੋਕਤੰਤਰਿਕ ਸੰਸਥਾਵਾਂ ਪੈਦਾ ਕਰਨ ਦੀ ਲੋੜ ਸੀ। ਸਿੱਟੇ ਵਜੋਂ ਮੁੱਖ ਰਾਜਨੀਤਕ ਪਾਰਟੀਆਂ, ਵੱਖ-ਵੱਖ ਧਿਰਾਂ ਅਤੇ ਗ਼ੈਰ-ਸਰਕਾਰੀ ਸਭਾਵਾਂ ਦੇ ਦਬਾਅ ਅਧੀਨ 1992 ਵਿਚ ਸੰਵਿਧਾਨ ਵਿਚ 73ਵੀਂ ਸੋਧ ਕੀਤੀ ਗਈ ਜਿਸ ਨਾਲ ਪੰਚਾਇਤੀ ਰਾਜ ਲਾਜ਼ਮੀ ਬਣਾਇਆ। ਸੰਵਿਧਾਨ ਦੀ ਧਾਰਾ 243 ਐਮ(4) (2) ਭਾਗ 9 ਬਿਆਨ ਕਰਦੀ ਹੈ ਕਿ, "ਸੰਸਦ ਕਾਨੂੰਨ ਦੁਆਰਾ ਇਸ ਭਾਗ ਦੇ ਪ੍ਰਾਵਧਾਨ ਸੂਚੀ ਕੀਤੇ ਖੇਤਰਾਂ ਤਕ ਪੁੱਜਦੇ ਕਰੇ .... ਅਜਿਹੇ ਅਪਵਾਦ ਅਤੇ ਸੋਧਾਂ, ਜੋ ਇਸ ਕਾਨੂੰਨ ਵਿਚ ਦਰਸਾਏ ਗਏ ਹਨ, ਦੀ ਮਨਜ਼ੂਰੀ ਨਾਲ।" ਇਸ ਤਰ੍ਹਾਂ ਇਹ ਪਹਿਲੀ ਵਾਰ ਸੀ ਕਿ ਇਕ ਕੇਂਦਰੀ ਕਾਨੂੰਨ ਸਵੈਚਾਲਿਤ ਤਰੀਕੇ ਨਾਲ ਸੂਚੀਬੱਧ ਖੇਤਰਾਂ 'ਤੇ ਲਾਗੂ ਨਹੀਂ ਸੀ ਕੀਤਾ ਗਿਆ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸੰਸਦ ਵਲੋਂ ਪਾਸ ਅਜਿਹਾ ਕਾਨੂੰਨ ਸੰਵਿਧਾਨ ਦੀ ਸੋਧ ਨਹੀਂ ਮੰਨਿਆ ਜਾਵੇਗਾ ਅਤੇ ਇਸ ਨੂੰ ਸਧਾਰਨ ਬਹੁਮਤ ਨਾਲ ਪਾਸ ਕੀਤਾ ਜਾ ਸਕੇਗਾ। ਇਸ ਵਿਸ਼ੇਸ਼ ਕਾਨੂੰਨ ਦੇ ਪ੍ਰਾਵਧਾਨ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਕਿਉਂਕਿ ਰਾਜਾਂ ਦੇ ਰਾਜਪਾਲ ਪੰਜਵੀਂ ਸੂਚੀ ਦੇ ਪ੍ਰਾਵਧਾਨ ਨੂੰ ਲਾਗੂ ਕਰਨ ਵਿਚ ਨਾਕਾਮ ਰਹੇ ਸਨ।

ਪਰ ਕੇਂਦਰ ਸਰਕਾਰ ਵਲੋਂ ਇਸ ਵਿਸ਼ੇਸ਼ ਕਾਨੂੰਨ ਨੂੰ ਪਾਸ ਕਰਨ, ਸੰਵਿਧਾਨ ਦੀ 73ਵੀਂ ਸੋਧ ਦੇ ਪ੍ਰਾਵਧਾਨਾਂ ਨੂੰ ਸੂਚੀਬੱਧ ਖੇਤਰਾਂ ਤਕ ਪਹੁੰਚਾਉਣ ਲਈ ਉਤਸ਼ਾਹ ਨਹੀਂ ਦਿਖਾਇਆ ਗਿਆ। ਅਖੀਰ 1944 ਵਿਚ ਭਾਰਤ ਸਰਕਾਰ ਵਲੋਂ ਸੰਸਦ ਮੈਂਬਰਾਂ ਅਤੇ ਮਾਹਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦਾ ਕੰਮ ਇਸ ਵਿਸ਼ੇਸ਼ ਕਾਨੂੰਨ ਦਾ ਖਾਕਾ ਬਣਾਉਣਾ ਅਤੇ ਨਵੇਂ ਬਣਨ ਵਾਲੇ ਕਾਨੂੰਨ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਪੁਰਾਣੇ ਕਾਨੂੰਨਾਂ ਵਿਚ ਬਦਲਾਅ ਦੇ ਸੁਝਾਅ ਦੇਣੇ ਸਨ। ਸਾਬਕਾ ਸੰਸਦ ਮੈਂਬਰ ਦਲੀਪ ਸਿੰਘ ਭੂਰੀਆ ਦੀ ਪ੍ਰਧਾਨਗੀ ਵਾਲੀ 'ਭੂਰੀਆ ਕਮੇਟੀ' ਨੇ 17 ਜਨਵਰੀ 1995 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿਤੀ। ਇਸ ਕਮੇਟੀ ਨੇ ਸ਼ਾਸਨ ਅਤੇ ਵਿਕਾਸ ਦੇ ਮਾਮਲਿਆਂ ਵਿਚ ਆਦਿਵਾਸੀ ਗ੍ਰਾਮ ਸਭਾ ਦੀ ਸਰਵੋਚਤਾ ਨੂੰ ਸਵੀਕਾਰ ਕੀਤਾ ਅਤੇ ਗ੍ਰਾਮ ਸਭਾ ਨੂੰ ਇਕ ਪਿੰਡ, ਨਾ ਕਿ ਪ੍ਰਬੰਧਕੀ ਪੰਚਾਇਤ ਦੇ ਤੌਰ ਤੇ ਦੱਸਿਆ ਜਿਸ ਵਿਚ ਇਕ ਜਾਂ ਇਕ ਤੋਂ ਵੱਧ ਪਿੰਡ ਹੋ ਸਕਦੇ ਹਨ। ਸਿੱਧੇ ਲੋਕਤੰਤਰ ਰਾਹੀਂ ਇੰਨੀ ਵੱਡੀ ਇਕਾਈ ਦਾ ਸੰਚਾਲਨ ਗ੍ਰਾਮ ਸਭਾ ਲਈ ਮੁਸ਼ਕਿਲ ਸੀ। ਸ਼ਡਿਊਲਡ ਏਰੀਆਜ਼ ਐਕਟ ਦੇ ਪਾਸ ਹੋਣ ਨਾਲ ਆਦਿਵਾਸੀ ਖੇਤਰਾਂ ਵਿਚ ਗ੍ਰਾਮ ਸਭਾਵਾਂ ਦੀ ਸਰਵੋਚਤਾ ਸਥਾਪਿਤ ਹੋ ਗਈ ਹੈ ਹਾਲਾਂ ਕਿ ਇਸ ਨੂੰ ਉਹ ਸ਼ਕਤੀਆਂ ਨਹੀਂ ਦਿਤੀਆਂ ਗਈਆਂ ਜੋ ਦੇਣੀਆਂ ਬਣਦੀਆਂ ਸਨ।

## 4. ਭੁਲੇਖੇ ਅਤੇ ਹਕੀਕਤ

ਮੱਧ ਪ੍ਰਦੇਸ਼ ਪੰਚਾਇਤੀ ਰਾਜ ਕਾਨੂੰਨ 1997 ਵਿਚ ਸ਼ਡਿਊਲਡ ਏਰੀਆਜ਼ ਐਕਟ 1996 ਅਨੁਸਾਰ ਸੋਧਿਆ ਗਿਆ ਅਤੇ 1998 ਵਿਚ ਇਸ ਨੂੰ ਲਾਗੂ ਕਰ ਦਿਤਾ ਗਿਆ। ਗ੍ਰਾਮ ਸਭਾ ਜਾਂ ਪਿੰਡ ਪਰਿਸ਼ਦ ਨੂੰ ਫ਼ੈਸਲੇ ਲੈਣ ਵਾਲੀ ਸਰਵੋਚ ਸੰਸਥਾ ਬਣਾਇਆ ਗਿਆ। ਸੋ, ਆਦਿਵਾਸੀ ਜੀਵਨ ਜਾਚ ਅਤੇ ਸੱਭਿਆਚਾਰ ਮੁਤਾਬਕ ਵਿਸ਼ੇਸ਼ ਸਥਾਨਕ ਸ਼ਾਸਨ ਦੀ ਪ੍ਰਣਾਲੀ ਦੀ ਇਕ ਕਾਨੂੰਨੀ ਸੰਭਾਵਨਾ ਬਣ ਗਈ। ਇਨ੍ਹਾਂ ਪ੍ਰਾਵਧਾਨਾਂ ਨੂੰ ਲਾਗੂ ਕਰਵਾਉਣ ਲਈ ਪੱਛਮੀ ਮੱਧ ਪ੍ਰਦੇਸ਼ ਦੇ ਭੀਲ ਆਦਿਵਾਸੀ ਬਹੁਲ ਇਲਾਕਿਆਂ ਵਿਚ ਲੋਕਾਂ ਨੂੰ ਨਾਲ ਜੋੜ ਕੇ, ਦਬਾਅ ਬਣਾਉਣ ਲਈ ਮੁਹਿੰਮ ਸ਼ੁਰੂ ਹੋ ਗਈ।

1999 ਤੋਂ ਇਸ ਇਲਾਕੇ ਵਿਚ ਬਾਰਸ਼ ਬਹੁਤ ਘੱਟ ਹੋ ਰਹੀ ਹੈ। ਜਦ ਕਿ ਬਰਵਾਨੀ ਅਤੇ ਝਬੂਆ ਜ਼ਿਲ੍ਹਿਆਂ ਨੂੰ ਸਰਕਾਰ ਵਲੋਂ ਸੋਕਾ ਗ੍ਰਸਤ ਐਲਾਨ ਦਿਤਾ ਗਿਆ, ਦੂਜੇ ਖੇਤਰ ਇੰਨੇ ਖ਼ੁਸ਼ਕਿਸਮਤ ਨਹੀਂ ਸਨ ਕਿਉਂਕਿ ਉਥੇ ਫ਼ਸਲ ਦੀ ਪੈਦਾਵਾਰ 37 ਪ੍ਰਤਿਸ਼ਤ ਤੋਂ ਘੱਟ ਸੀ ਜੋ ਕਿ ਕਿਸੇ ਤਹਿਸੀਲ ਜਾਂ ਜ਼ਿਲ੍ਹੇ ਨੂੰ ਸੋਕਾ ਗ੍ਰਸਤ ਐਲਾਨਣ ਦਾ ਜ਼ਰੂਰੀ ਮਾਪਦੰਡ ਹੈ। ਇਨ੍ਹਾਂ ਜ਼ਿਲ੍ਹਿਆਂ ਨੂੰ ਸੋਕਾ ਗ੍ਰਸਤ ਐਲਾਨਣ ਦੇ ਬਾਵਜੂਦ ਵੀ ਰਾਹਤ ਕਾਰਜਾਂ ਲਈ 3 ਜਾਂ 4 ਕਰੋੜ ਰੁਪਏ ਦੀਆਂ ਨਿਗੂਣੀਆਂ ਰਕਮਾਂ ਹੀ ਜਾਰੀ ਕੀਤੀਆਂ ਗਈਆਂ। ਇਹ ਰਾਸ਼ੀ ਆਮ ਹਾਲਾਤ ਵਿਚ ਕੇਂਦਰੀ ਸਕੀਮਾਂ ਤਹਿਤ ਮਿਲਣ ਵਾਲੀ ਰਾਸ਼ੀ ਤੋਂ ਇਲਾਵਾ ਸੀ। ਬਾਕੀ ਖੇਤਰਾਂ ਨੂੰ ਤਾਂ ਇਹ ਭੂਰਾ ਚੂਰਾ ਵੀ ਨਸੀਬ

ਨਾ ਹੋਇਆ। ਆਦਿਵਾਸੀ ਸਭਾਵਾਂ ਵਲੋਂ ਸਰਕਾਰ 'ਤੇ ਦਬਾਅ ਪਾਉਣ ਲਈ ਵੱਡੇ ਪੱਧਰ 'ਤੇ ਲਾਮਬੰਦੀ ਸ਼ੁਰੂ ਕੀਤੀ ਗਈ ਤਾਂ ਕਿ ਜ਼ਰੂਰੀ ਰਾਹਤ ਕਾਰਜ ਕਰਵਾਏ ਜਾ ਸਕਣ। ਪਾਣੀ ਅਤੇ ਮਿੱਟੀ ਦੀ ਸੰਭਾਲ ਲਈ ਲੋਕਾਂ ਵਲੋਂ ਯੋਜਨਾਵਾਂ ਬਣਾਈਆਂ ਗਈਆਂ ਜਿਨ੍ਹਾਂ ਨੂੰ ਗ੍ਰਾਮ ਸਭਾਵਾਂ ਦੀ ਮਨਜ਼ੂਰੀ ਉਪਰੰਤ ਲਾਗੂ ਕਰਨ ਲਈ ਪ੍ਰਸ਼ਾਸਨ ਨੂੰ ਭੇਜ ਦਿਤਾ ਗਿਆ।

ਨਤੀਜਾ ਇਹ ਨਿਕਲਿਆ ਕਿ ਸ਼ਾਹੂਕਾਰਾਂ ਦੇ ਵਾਰੇ-ਨਿਆਰੇ ਹੋ ਗਏ। ਕਿਸੇ ਹੋਰ ਸਹਾਇਕ ਪ੍ਰਣਾਲੀ ਦੀ ਅਣਹੋਂਦ ਵਿਚ ਆਦਿਵਾਸੀਆਂ ਨੂੰ ਸ਼ਾਹੂਕਾਰਾਂ ਦੇ ਦਰ 'ਤੇ ਜਾਣਾ ਪਿਆ ਅਤੇ 10 ਪ੍ਰਤਿਸ਼ਤ ਮਹੀਨਾ ਦੀਆਂ ਵਿਆਜ ਦਰਾਂ 'ਤੇ ਕਰਜ਼ੇ ਲੈਣੇ ਪਏ। ਸਥਿਤੀ ਦਾ ਜਾਇਜ਼ਾ ਲੈਂਦਿਆਂ ਆਦਿਵਾਸੀਆਂ ਦੀਆਂ ਸੰਸਥਾਵਾਂ ਨੇ ਇਹ ਮਹਿਸੂਸ ਕੀਤਾ ਕਿ ਸ਼ਾਹੂਕਾਰਾਂ ਦੇ ਚੁੰਗਲ ਵਿਚੋਂ ਨਿਕਲਣ ਦਾ ਇਕ ਹੀ ਤਰੀਕਾ ਹੈ – ਸਰਕਾਰ ਬਣਾਏ ਹੋਏ ਕਾਨੂੰਨਾਂ ਮੁਤਾਬਕ ਸ਼ਾਹੂਕਾਰਾਂ ਖ਼ਿਲਾਫ਼ ਕਾਰਵਾਈ ਕਰੇ। ਪਰ ਇਸ ਦਾ ਕੋਈ ਬਹੁਤਾ ਫ਼ਾਇਦਾ ਨਾ ਹੋਇਆ ਕਿਉਂਕਿ ਆਦਿਵਾਸੀ ਸੰਸਥਾਵਾਂ ਇੰਨੀਆਂ ਮਜ਼ਬੂਤ ਨਹੀਂ ਸਨ ਜਿਸ ਨਾਲ ਸ਼ਡਿਊਲਡ ਏਰੀਆਜ਼ ਐਕਟ 1996 ਦੇ ਪ੍ਰਾਵਧਾਨਾਂ ਨੂੰ ਲਾਗੂ ਕਰਵਾਇਆ ਜਾ ਸਕੇ। ਬਹੁਤੇ ਖੇਤਰਾਂ ਵਿਚ ਇਹੀ ਸਮੱਸਿਆ ਰਹੀ ਅਤੇ ਸ਼ਡਿਊਲਡ ਏਰੀਆਜ਼ ਐਕਟ 1996 ਸਿਰਫ਼ ਕਾਗ਼ਜ਼ਾਂ ਤਕ ਹੀ ਸੀਮਤ ਰਹਿ ਗਿਆ।

## 5. ਅਗਲਾ ਰਸਤਾ

ਸ਼ਡਿਊਲਡ ਏਰੀਆਜ਼ ਐਕਟ 1996, ਸਹੀ ਅਰਥਾਂ ਵਿਚ ਲਾਗੂ ਨਾ ਹੋਣ ਦੇ ਬਾਵਜੂਦ ਵੀ, ਆਦਿਵਾਸੀਆਂ ਲਈ ਵਧੇਰੇ ਖ਼ੁਦਮੁਖਤਿਆਰੀ ਅਤੇ ਕਾਨੂੰਨੀ ਪ੍ਰਾਵਧਾਨਾਂ ਦੀ ਰਾਹ ਦਿਖਾਉਂਦਾ ਹੈ, ਵਿਸ਼ੇਸ਼ ਕਰਕੇ ਸੁਪਰੀਮ ਕੋਰਟ ਵਲੋਂ ਸਾਮਥਾ ਅਤੇ ਨਿਆਮਗਿਰੀ ਫ਼ੈਸਲਿਆਂ ਦੇ ਫ਼ੈਸਲੇ ਤੋਂ ਬਾਅਦ ਆਦਿਵਾਸੀ ਗ੍ਰਾਮ ਸਭਾਵਾਂ ਵਧੇਰੇ ਸ਼ਕਤੀਸ਼ਾਲੀ ਹੋਈਆਂ ਹਨ। ਨਿਆਂਪਾਲਿਕਾ ਅਤੇ ਮੀਡੀਆ ਦੀ ਮਦਦ ਨਾਲ ਇਸ ਦਲੀਲ ਨੂੰ ਉਤਸ਼ਾਹ ਮਿਲੇਗਾ ਕਿ ਆਦਿਵਾਸੀਆਂ ਦੀ ਕੀਮਤ ਤੇ ਆਧੁਨਿਕ ਵਿਕਾਸ ਨੂੰ ਅੰਜਾਮ ਨਹੀਂ ਦਿਤਾ ਜਾ ਸਕਦਾ। ਸੋ, ਇਸ ਨਾਲ ਇਕ ਸੰਭਾਵਨਾ ਪੈਦਾ ਹੋ ਗਈ ਹੈ ਕਿ ਆਦਿਵਾਸੀ ਖੇਤਰਾਂ ਵਿਚ ਸਰਕਾਰ ਵਲੋਂ ਉਦਾਰਵਾਦੀ ਲੋਕਤੰਤਰਿਕ ਸ਼ਾਸਨ ਦੇ ਅਸੂਲਾਂ ਦਾ ਸ਼ਰੇਆਮ ਉਲੰਘਣ ਨਹੀਂ ਕੀਤਾ ਜਾ ਸਕੇਗਾ ਜੋ ਕਿ ਪਹਿਲਾਂ ਹੁੰਦਾ ਆਇਆ ਹੈ।

**ਆਦਿਵਾਸੀ ਸੱਭਿਆਚਾਰ ਨੂੰ ਸੁਰੱਖਿਅਤ ਅਤੇ ਵਿਕਸਤ ਕਰਨ ਵੱਲ ਸ਼ਡਿਊਲਡ ਏਰੀਆਜ਼ ਐਕਟ 1996 ਪਹਿਲਾ ਕਦਮ ਹੈ। ਇਸ ਨਾਲ ਇਕ ਸੰਤੁਲਿਤ, ਸਿਆਣਪ ਭਰਿਆ ਸਮਾਜ ਸਿਰਜਿਆ ਜਾ ਸਕੇਗਾ ਜਿਥੇ ਵਸੀਲਿਆਂ ਦੀ ਜ਼ਿਆਦਾ ਚੰਗੀ ਵਰਤੋਂ ਹੋ ਸਕੇਗੀ ਅਤੇ ਜ਼ਿਆਦਾ ਬਰਾਬਰੀ ਵਾਲੇ ਆਪਸੀ ਰਿਸ਼ਤੇ ਪਨਪ ਸਕਣਗੇ ਬਜਾਏ ਅਜਿਹੇ ਰਿਸ਼ਤਿਆਂ ਦੇ ਜਿਨ੍ਹਾਂ ਵਿਚ ਅੱਜਕੱਲ੍ਹ ਅਸੀਂ ਜੀ ਰਹੇ ਹਾਂ (ਰਾਹੁਲ 1977)। ਇਸ ਦਾ ਸਬੂਤ ਹੈ ਕਿ ਮੈਕਸੀਕੋ ਦੇ ਛੀਆਪਾਸ ਲੋਕਾਂ ਦੀ ਲਹਿਰ ਵਲੋਂ ਸ਼ਡਿਊਲਡ ਏਰੀਆਜ਼ ਐਕਟ ਨੂੰ ਆਪਣੇ ਪ੍ਰਸਤਾਵਿਤ ਸੰਵਿਧਾਨ ਦੀ ਤਿਆਰੀ ਲਈ ਇਕ ਹਵਾਲੇ ਵਜੋਂ ਵਰਤਿਆ ਗਿਆ ਹੈ। ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਜ਼ਾਮਨੀ ਕਾਨੂੰਨ ਅਤੇ ਸੂਚਨਾ ਦਾ ਅਧਿਕਾਰ ਕਾਨੂੰਨ 2006 ਦੇ ਪਾਸ ਹੋਣ ਨਾਲ ਸ਼ਡਿਊਲਡ ਏਰੀਆਜ਼ ਐਕਟ 1996 ਦੀ ਮਹੱਤਤਾ ਹੋਰ ਵੀ ਵਧ ਗਈ ਹੈ।**

ਦੇਸ਼ ਵਿਚ ਅਜਿਹੀਆਂ ਕਈ ਉਦਾਹਰਣਾਂ ਮਿਲ ਸਕਦੀਆਂ ਹਨ ਜਦੋਂ ਛੋਟੀਆਂ ਜਨਤਕ ਸਭਾਵਾਂ ਨੇ ਇਨ੍ਹਾਂ ਪ੍ਰਾਵਧਾਨਾਂ ਦੀ ਮਦਦ ਨਾਲ ਪੰਜਵੇਂ ਸ਼ਡਿਊਲ ਅਧੀਨ ਆਉਂਦੇ ਖੇਤਰਾਂ ਦੇ ਲੋਕਾਂ ਦੀਆਂ ਸਵੈ-ਸ਼ਾਸਨ ਦੀਆਂ ਆਸਾਂ ਨੂੰ ਬੂਰ ਆਇਆ ਹੈ। ਇਹੀ ਸ਼ਡਿਊਲਡ ਏਰੀਆਜ਼ ਐਕਟ 1996 ਦਾ ਮੁੱਖ ਮੰਤਵ ਹੈ। ਇਸੇ ਤਰ੍ਹਾਂ, ਆਦਿਵਾਸੀਆਂ ਦੀਆਂ ਜਨਤਕ ਸੰਸਥਾਵਾਂ ਨੇ ਲੰਮੀਆਂ ਲੜਾਈਆਂ ਲੜੀਆਂ ਜਿਸ ਨਾਲ ਸ਼ਡਿਊਲ ਟ੍ਰਾਈਬਜ਼ ਐਂਡ ਅਦਰ ਫਾਰੈਸਟ ਡਵੈਲਪਰਜ਼ (ਪਛਾਣ ਅਤੇ ਹੱਕ) ਐਕਟ 2006 ਹੋਂਦ ਵਿਚ ਆਇਆ ਹੈ ਜਿਸ ਨੂੰ ਆਮ ਬੋਲਚਾਲ ਵਿਚ ਵਣ ਅਧਿਕਾਰ ਕਾਨੂੰਨ ਆਖਿਆ ਜਾਂਦਾ ਹੈ। ਇਹ ਕਾਨੂੰਨ ਪੰਜਵੇਂ ਸ਼ਡਿਊਲ ਦੇ ਪ੍ਰਾਵਧਾਨਾਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ, ਭਾਰਤੀ ਵਣ ਕਾਨੂੰਨ, ਜਿਸ ਦੁਆਰਾ ਗ੍ਰਾਮ ਸਭਾਵਾਂ ਨੂੰ ਸਰਵੋਚ ਬਣਾ ਦਿਤਾ ਗਿਆ ਸੀ – ਉਸ ਦੁਆਰਾ ਆਦਿਵਾਸੀਆਂ ਨਾਲ ਹੋਏ ਅਨਿਆਂ ਨੂੰ ਖਤਮ ਕਰਨ ਵੱਲ ਕਦਮ ਚੁੱਕਦਾ ਪ੍ਰਤੀਤ ਹੁੰਦਾ ਹੈ।

ਇਸ ਚੱਲ ਰਹੇ ਸੰਵਾਦ ਤੋਂ ਇਹ ਕਾਫ਼ੀ ਸਪੱਸ਼ਟ ਹੋ ਜਾਂਦਾ ਹੈ ਕਿ ਆਦਿਵਾਸੀ ਸਵੈ-ਸ਼ਾਸਨ ਤਾਂ ਹੀ ਸੰਭਵ ਹੋਵੇਗਾ ਜੇ ਇਸ ਦੇ ਹੱਕ ਵਿਚ ਲੋਕਾਂ ਨੂੰ ਹੇਠਲੇ ਪੱਧਰ 'ਤੇ ਜਾਗਰੂਕ ਕੀਤਾ ਜਾਵੇ। ਆਜ਼ਾਦੀ ਤੋਂ ਬਾਅਦ ਦੀਆਂ ਵੱਡੀਆਂ ਨੀਤੀਆਂ ਨੇ ਆਦਿਵਾਸੀਆਂ ਦੀਆਂ ਰਵਾਇਤੀ ਭਾਈਚਾਰਕ ਨੀਤੀਆਂ ਨੂੰ ਨੁਕਸਾਨ ਪਹੁੰਚਾਇਆ ਹੈ ਇਸ ਕਰਕੇ ਉਨ੍ਹਾਂ ਭਾਈਚਾਰਕ ਨੀਤੀਆਂ ਦੇ ਪੁਨਰ ਜਾਗਰਣ ਲਈ ਆਦਿਵਾਸੀਆਂ ਨੂੰ ਆਪ ਹੀ ਹੰਭਲਾ ਮਾਰਨਾ ਪਵੇਗਾ। ਵਿਸ਼ੇਸ਼ ਕਰਕੇ ਅਜਿਹੇ ਭਾਈਚਾਰਕ ਸੱਭਿਆਚਾਰਕ ਸਦਕਾ ਸ਼ਾਂਤੀ ਅਤੇ ਸੁਸ਼ਾਸਨ ਤਾਂ ਸਥਾਪਤ ਹੋਵੇਗਾ ਹੀ, ਇਸ ਨਾਲ ਕੁਦਰਤੀ ਸਰੋਤਾਂ ਦੀ ਰੱਖਿਆ ਹੋ ਸਕੇਗੀ ਅਤੇ ਵਾਤਾਵਰਨ ਬਦਲਾਅ 'ਤੇ ਵੀ ਚੰਗਾ ਅਸਰ ਪਵੇਗਾ। (ਕਰੂਜ਼, 2009)। ਇਸ ਕਰਕੇ ਭਵਿੱਖ ਦਾ ਰਸਤਾ ਆਦਿਵਾਸੀਆਂ ਲਈ ਬਣੇ ਸਵੈ-ਸ਼ਾਸਨ ਦੇ ਕਾਨੂੰਨਾਂ ਨੂੰ ਸਹੀ ਰੂਪ ਵਿਚ ਲਾਗੂ ਕਰਨ ਵਿਚ ਹੈ ਜਿਵੇਂ ਕਿ ਸੰਵਿਧਾਨ ਦੇ ਪੰਜਵੇਂ ਸ਼ਡਿਊਲ ਵਿਚ ਕਿਹਾ ਗਿਆ ਹੈ। ਸ਼ਾਂਤੀ ਅਤੇ ਸੁਸ਼ਾਸਨ ਦੀ ਅਣਹੋਂਦ ਵਿਚ ਇਹੀ ਇਕ ਹੱਲ ਹੈ।

***(ਲੇਖਕ ਸਮਾਜਿਕ ਕਾਰਜਕਰਤਾ ਤੇ ਵਿਕਾਸ ਖੋਜੀ ਹੈ।)***

***e-mail :rahul.indauri@gmail.com***

**ਵਿਚਾਰ**

- **ਜਿਨ੍ਹਾਂ ਨੇ ਸੁਤੰਤਰ ਹੋਣਾ ਹੁੰਦਾ ਹੈ, ਉਨ੍ਹਾਂ ਨੂੰ ਆਪ ਹੀ ਜਤਨ ਕਰਨੇ ਪੈਂਦੇ ਹਨ। –(ਬਾਇਰਨ)**
- **ਸੁਤੰਤਰ ਰਹਿ ਕੇ ਰਾਹ ਦਾ ਕੁੱਤਾ ਬਣਨਾ ਮੈਨੂੰ ਮਨਜ਼ੂਰ ਹੈ, ਪਰ ਅਧੀਨ ਹੋ ਕੇ ਤਿੰਨ ਲੋਕ ਦਾ ਸਵਾਮੀ ਬਣਨਾ ਮਨਜ਼ੂਰ ਨਹੀਂ। – (ਰਾਮ ਚੰਦਰ ਟੰਡਨ)**
- **ਸੁਤੰਤਰਤਾ ਤਾਕਤ ਨਾਲ ਹੀ ਕਾਇਮ ਰਹਿੰਦੀ ਹੈ। – (ਸ਼ਿੱਲਰ)**

# ਖ਼ੁਰਾਕ ਬਿਲ, ਜੰਗਲੀ ਖਾਧ-ਖ਼ੁਰਾਕ ਤੇ ਆਦਿਵਾਸੀ ਲੋਕ

ਮਧੂ ਰਾਮਨਾਥ

ਬੋਲਨਗੀਰ ਤੋਂ ਲਗਭਗ 60 ਕਿਲੋਮੀਟਰ ਦੂਰ, ਗੰਧਮਰਧਨ ਪਹਾੜੀਆਂ ਦੀ ਤਲਵੱਟੀ ਵਿਚ ਕੇਂਦਰਭੱਟ ਪਿੰਡ ਹੈ। ਇਹ ਇਕ ਜੰਗਲਾਤੀ ਪਿੰਡ ਹੈ ਭਾਵੇਂ ਇਸ ਦੇ ਨੇੜੇ ਦੇ ਖੇਤਾਂ ਵਿਚ ਕਪਾਹ ਦੀ ਖੇਤੀ ਹੁੰਦੀ ਹੈ ਜਿਸ ਤਰ੍ਹਾਂ ਇਸ ਦੇ ਨਾਲ ਲਗਦੇ ਜ਼ਿਲ੍ਹੇ ਨਵਰੰਗਪੁਰ ਵਿਚ ਮੱਕੀ ਦੀ ਫ਼ਸਲ ਹੁੰਦੀ ਹੈ। ਪਿੰਡ ਦੇ ਲੋਕਾਂ ਨਾਲ ਮੇਰੀ ਗੱਲਬਾਤ ਇਮਾਰਤੀ ਲੱਕੜੀ ਅਤੇ ਪਹਾੜੀ ਜੰਗਲਾਂ ਵਿਚੋਂ ਦਵਾਈ ਦੀਆਂ ਜੜੀ-ਬੂਟੀਆਂ ਦੇ ਪੌਦਿਆਂ ਦੀ ਤਸਕਰੀ ਤੋਂ ਇਲਾਵਾ, ਜੋ ਰਾਮਾਇਣ ਦੇ ਸਮੇਂ ਤੋਂ ਮਸ਼ਹੂਰ ਹਨ, ਪਿੰਡ ਦੇ ਆਦਿਵਾਸੀ ਲੋਕਾਂ ਵਲੋਂ ਜੰਗਲਾਂ ਵਿਚੋਂ ਖ਼ੁਰਾਕ ਇਕੱਠੀ ਕਰਨ ਵਿਚ ਵੀ ਸੀ। ਜਿਸ ਘਰ ਵਿਚ ਬੈਠ ਕੇ ਮੈਂ ਲੋਕਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਪਿਛਲੇ ਚਾਰ ਸਾਲ ਤੋਂ ਅਰਬੀ ਜ਼ਮੀਨ ਵਿਚੋਂ ਕੱਢ ਕੇ ਨਹੀਂ ਖਾਧੀ। ਇਹ ਇਸ ਲਈ ਕਿ ਇਹ ਉਥੇ ਉਪਲਬਧ ਨਹੀਂ ਸੀ ਪਰ ਇਸ ਲਈ ਕਿ ਨਾ ਤਾਂ ਔਰਤਾਂ ਅਤੇ ਨਾ ਹੀ ਨੌਜਵਾਨ ਉਥੇ ਜੰਗਲ ਵਿਚੋਂ ਖ਼ੁਰਾਕ ਇਕੱਠੀ ਕਰਨ ਲਈ ਜਾਂਦੇ ਹਨ। ਉਹ ਸਿਰਫ਼ ਲੱਕੜੀ ਜਾਂ ਬਾਂਸ ਲੈਣ ਲਈ ਜਾਂਦੇ ਹਨ। ਦੂਸਰੇ ਪਿੰਡਾਂ ਵਿਚ ਵੀ, ਜਿਥੇ ਕਿਤੇ ਮੈਂ ਗਿਆ, ਇਹੋ ਕਹਾਣੀ ਸੀ। ਹਰੀ ਖਾਧ ਖ਼ੁਰਾਕ ਇਕੱਠੀ ਕਰਨ ਅਤੇ ਉਸ ਦੀ ਵਰਤੋਂ ਵਿਚ ਕਮੀ ਆਈ ਸੀ। ਪਹਿਲੀ ਪੀੜ੍ਹੀ ਦੇ ਸਿਵਾਇ ਬਹੁਤੇ ਲੋਕ ਤਾਂ ਖਾਣ ਵਾਲੇ ਪੌਦਿਆਂ, ਖ਼ਾਸ ਤੌਰ ਤੇ ਖੁੰਬਾਂ ਦੀ ਪਛਾਣ ਵੀ ਨਹੀਂ ਕਰ ਸਕਦੇ ਸਨ। ਖ਼ੁਰਾਕ ਨੂੰ ਇਕੱਠੀ ਕਰਨ ਲਈ ਬਾਹਰ ਜਾਣ ਦੀ ਬਜਾਇ, ਲੋਕ ਕਿਸੇ ਕਿਸਮ ਦੀ ਵੀ ਮਿਹਨਤ ਮਜ਼ਦੂਰੀ ਕਰਨੀ ਪਸੰਦ ਕਰਦੇ ਹਨ, ਜੋ ਆਮ ਤੌਰ ਤੇ ਪਿੰਡ ਤੋਂ ਦੂਰ ਹੁੰਦੀ ਹੈ। ਇਹ ਉਨ੍ਹਾਂ ਦੀ ਸਿਹਤ 'ਤੇ ਅਸਰ ਕਰਦਾ ਹੈ, ਖ਼ਾਸ ਤੌਰ ਤੇ ਔਰਤਾਂ ਦੀ ਸਿਹਤ 'ਤੇ ਜੋ ਅਕਸਰ ਅਨੀਮੀਆ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਰਾਸ਼ਟਰੀ ਖ਼ੁਰਾਕ ਸੁਰੱਖਿਆ ਬਿਲ 2013 ਲੋਕਾਂ ਨੂੰ ਇੱਜ਼ਤ ਦੀ ਰੋਟੀ ਅਤੇ ਸਭ ਸੰਬੰਧਿਤ ਮਸਲੇ ਅਤੇ ਉਨ੍ਹਾਂ ਲਈ ਲੋੜੀਂਦੀ ਉੱਤਮ ਕਿਸਮ ਦੀ ਖ਼ੁਰਾਕ ਵਾਜਬ ਕੀਮਤਾਂ 'ਤੇ ਅਤੇ ਉਨ੍ਹਾਂ ਨੂੰ ਖ਼ੁਰਾਕ ਅਤੇ ਪੌਸ਼ਟਿਕ ਆਹਾਰ ਦੇਣ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ। ਇਸ ਦੇ 15 ਅਧਿਆਏ ਹਨ ਜੋ ਇਸ ਉਤਸ਼ਾਹਪੂਰਨ ਟੀਚੇ ਦੀਆਂ ਵੱਖ-ਵੱਖ ਮਦਾਂ ਉਪਰ ਆਧਾਰਤ ਹਨ। ਉਨ੍ਹਾਂ ਵਿਚੋਂ 14ਵੇਂ ਅਧਿਆਇ ਵਿਚ, ਸਰਸਰੀ ਤੌਰ ਤੇ, ਕਮਜ਼ੋਰ ਵਰਗਾਂ ਅਤੇ ਆਦਿਵਾਸੀ ਖੇਤਰਾਂ ਬਾਰੇ ਕਿਹਾ ਗਿਆ ਹੈ। ਸ਼ਡਿਊਲ 2 ਵਿਚ ਪੌਸ਼ਟਿਕਤਾ ਦੇ ਅੰਕੜੇ ਦਿਤੇ ਗਏ ਹਨ ਅਤੇ ਸ਼ਡਿਊਲ 3(1)(ਡੀ) ਤਹਿਤ ਭੂਮੀ ਅਤੇ ਪਾਣੀ ਨੂੰ ਖ਼ੁਰਾਕ ਉਤਪਾਦਨ ਤੋਂ ਅਣਚਾਹੀ ਅਲਗ ਕਰਨ ਦੀ ਪ੍ਰਕਿਰਿਆ ਦਾ ਵਿਰੋਧ ਕਰ ਕੇ ਖੇਤੀ ਖੇਤਰ ਨੂੰ ਮਜ਼ਬੂਤ ਕਰਨ ਦੇ ਇਸ ਦੇ ਨਾਲ ਲਿਆਂਦਾ ਗਿਆ। ਸਮੁੱਚੇ ਬਿਲ ਵਿਚ ਅਨਾਜ (ਚੌਲ ਅਤੇ ਕਣਕ) ਅਤੇ ਮੋਟੇ ਅਨਾਜਾਂ ਅਤੇ ਕੁਝ ਹੋਰ ਖੇਤੀਬਾੜੀ ਉਤਪਾਦਨਾਂ ਉਪਰ ਜ਼ੋਰ ਦਿਤਾ ਗਿਆ ਹੈ ਅਤੇ ਇਸ ਵਿਚ ਕਿਤੇ ਵੀ ਜੰਗਲੀ ਅਤੇ ਗ਼ੈਰ ਖੇਤੀਬਾੜੀ ਖ਼ੁਰਾਕ ਬਾਰੇ ਜੋ ਆਦਿਵਾਸੀ ਅਤੇ ਪੇਂਡੂ ਲੋਕ ਖਾਂਦੇ ਹਨ, ਜ਼ਿਕਰ ਨਹੀਂ ਕੀਤਾ ਗਿਆ ਹੈ। ਇਹ ਇਕ ਹੈਰਾਨਕੁਨ ਭੁੱਲ ਹੈ ਕਿਉਂਕਿ ਇਨ੍ਹਾਂ ਖ਼ੁਰਾਕਾਂ ਵਿਚ, ਜਿਵੇਂ ਕਿ ਕੇਂਦਰੀ ਭਾਰਤ ਵਿਚ 400 ਤੋਂ ਵੱਧ ਕਿਸਮਾਂ ਉਪਲਬਧ ਹਨ ਜਿਨ੍ਹਾਂ ਉਪਰ ਉਨ੍ਹਾਂ ਨੂੰ ਬਾਹਰ ਜਾ ਕੇ ਲੈ ਆਉਣ ਤੋਂ ਇਲਾਵਾ ਕੋਈ ਖਰਚਾ ਨਹੀਂ ਆਉਂਦਾ।

ਆਖਰ, ਸੁਰੱਖਿਆ ਦੀ ਵਿਆਖਿਆ ਕੀ ਹੈ? ਇਹ ਖ਼ਤਰੇ ਜਾਂ ਬੇਚੈਨੀ ਤੋਂ ਆਜ਼ਾਦੀ ਜੋ ਖ਼ੁਰਾਕ ਸੁਰੱਖਿਆ ਦੀ ਹਾਲਤ ਵਿਚ, ਰਾਜ ਵਲੋਂ ਉਸ ਦੇ ਲੋਕਾਂ ਨੂੰ ਖ਼ੁਰਾਕ ਅਤੇ ਪੌਸ਼ਟਿਕਤਾ ਦਾ ਭਰੋਸਾ ਦੇਣਾ ਹੈ। ਕੀ ਸਾਡੇ ਪੇਂਡੂ ਅਤੇ ਜੰਗਲਾਂ ਵਿਚ ਰਹਿਣ ਵਾਲੇ ਲੋਕ ਗੁਜ਼ਾਰੇ ਲਾਇਕ ਖ਼ੁਰਾਕ ਅਤੇ ਪੌਸ਼ਟਿਕਤਾ ਹਾਸਲ ਕਰਨ ਵਿਚ ਅਸੁਰੱਖਿਅਤ ਮਹਿਸੂਸ ਕਰਦੇ ਹਨ ਜਾਂ ਉਹ ਆਪਣੇ ਉਨ੍ਹਾਂ ਸਰੋਤਾਂ ਬਾਰੇ ਅਸੁਰੱਖਿਅਤ ਮਹਿਸੂਸ ਕਰਦੇ ਹਨ ਜੋ ਉਨ੍ਹਾਂ ਨੂੰ ਉਨ੍ਹਾਂ ਦੀ ਖ਼ੁਰਾਕ ਦਾ ਵੱਡਾ ਹਿੱਸਾ ਦਿੰਦੀ ਹੈ? ਇਹ ਇਕ ਮਹੱਤਵਪੂਰਨ ਸਵਾਲ ਹੈ ਜਿਸ ਦਾ ਜਵਾਬ ਸਹਿਜੇ ਹੀ ਇਕ ਸਥਾਨ ਤੋਂ ਦੂਸਰੇ ਸਥਾਨ ਤੋਂ ਕੁਦਰਤੀ ਸਾਧਨਾਂ ਦੀ ਉਪਲਬਧਤਾ ਦੇ ਮੱਦੇਨਜ਼ਰ ਅਲਗ-ਅਲਗ ਹੋ ਸਕਦਾ ਹੈ। ਪਰ ਬਦਕਿਸਮਤੀ ਇਹ ਹੈ ਕਿ ਪਿਛਲੇ 2–3 ਦਹਾਕਿਆਂ ਤੋਂ ਜੋ ਖ਼ੁਰਾਕ ਸੁਰੱਖਿਆ ਸਾਡੀ ਆਬਾਦੀ ਦੇ ਵੱਡੇ ਹਿੱਸੇ ਨੂੰ ਸੁਭਾਵਕ ਹੀ ਮਿਲ ਰਹੀ ਸੀ ਉਸ ਨੂੰ ਸਰਕਾਰੀ ਨੀਤੀਆਂ ਅਤੇ ਸਰਕਾਰੀ ਢਿੱਲ-ਮੱਠ ਕਾਰਨ ਘੱਟ ਕਰਕੇ ਦੇਖਿਆ ਜਾ ਰਿਹਾ ਹੈ। ਖਣਿਜ, ਉਤਪਾਦਨ, ਦਰਿਆਵਾਂ ਅਤੇ ਪਾਣੀ ਸਰੋਤਾਂ ਦੀ ਪਲੀਤੀ, ਵੱਡੇ ਪੈਮਾਨੇ 'ਤੇ ਪਾਣੀ ਅਤੇ ਭੂਮੀ ਦੀ ਕੁਵਰਤੋਂ ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਨੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਬਿਲ 2013 ਨੂੰ ਜ਼ਰੂਰੀ ਅਤੇ ਲੋਕਾਂ ਵਲੋਂ ਸਵੀਕਾਰ ਕਰਨ ਯੋਗ ਬਣਾ ਦਿਤਾ ਹੈ।

ਜਿਵੇਂ ਕਿ ਉਪਰ ਕਿਹਾ ਗਿਆ ਹੈ, ਮੱਧ ਭਾਰਤ ਦੇ ਪੇਂਡੂ ਤਬਕਿਆਂ ਵਾਂਗ, ਉੱਤਰ ਭਾਰਤ ਦੇ ਕਈ ਹਿੱਸਿਆਂ ਵਿਚ ਵੀ ਇਹੋ ਜਿਹੇ ਹਾਲਾਤ ਹਨ। ਉਹ ਵੀ ਰਵਾਇਤੀ ਤੌਰ ਤੇ 400 ਤੋਂ ਵੱਧ ਕਿਸਮਾਂ ਦੇ ਜੰਗਲੀ ਖ਼ੁਰਾਕ ਦੇ ਪੌਦੇ ਕੱਟ ਲੈਂਦੇ ਹਨ ਅਤੇ ਵਰਤੋਂ ਕਰਦੇ ਹਨ ਜਿਵੇਂ ਕਿ ਅਰਬੀ, ਖੁੰਬਾਂ, ਸਦਾਬਹਾਰ ਬੈਂਗਨੀ ਫੁੱਲ, ਕੰਦਮੂਲ,

ਕੀੜੇ-ਮਕੌੜੇ, ਮੱਛੀ ਅਤੇ ਕੇਕੜੇ ਆਦਿ। ਇਨ੍ਹਾਂ ਵਿਚੋਂ ਹਰ ਇਕ ਵਿਚ ਪੌਸ਼ਟਿਕ ਤੱਤ ਜਿਵੇਂ ਕਿ ਖਣਿਜ, ਵਿਟਾਮਿਨ ਅਤੇ ਲਘੂ ਪੌਸ਼ਟਿਕ ਤੱਤ ਹੁੰਦੇ ਹਨ ਜੋ ਆਮ ਤੌਰ ਤੇ ਦੁਕਾਨਾਂ 'ਤੇ ਵਿਕਣ ਵਾਲੀ ਮੁੱਖ ਪੈਦਾਵਾਰ ਜੋ ਉਗਾਈ ਅਤੇ ਵੇਚੀ ਜਾਂਦੀ ਹੈ, ਵਿਚ ਨਹੀਂ ਮਿਲਦੇ। ਸਭ ਤੋਂ ਵੱਧ ਮਹੱਤਵਪੂਰਨ ਇਹ ਹੈ ਕਿ ਇਹ ਸਿਰਫ਼ ਬਨਸਪਤੀ ਖਾਧ ਖੁਰਾਕ ਹੀ ਨਹੀਂ ਹੈ ਪਰ ਉਸ ਤੋਂ ਵੀ ਅੱਗੇ ਹੈ, ਉਹ ਬਨਸਪਤੀ ਜਗਤ ਤੋਂ ਅੱਗੇ ਹਨ। ਇਹ ਪਿੰਡਾਂ ਦੇ ਆਲੇ-ਦੁਆਲੇ ਖੁੱਲ੍ਹੀਆਂ ਥਾਵਾਂ ਵਿਚ, ਅਣਬੀਜੀ ਜ਼ਮੀਨ ਵਿਚ, ਖੇਤਾਂ ਦੀਆਂ ਵੱਟਾਂ 'ਤੇ, ਨਦੀਆਂ ਕਿਨਾਰੇ ਜਾਂ ਖ਼ਾਸ ਜੰਗਲੀ ਇਲਾਕਿਆਂ ਵਿਚ ਮਿਲਦੇ ਹਨ।

ਭਾਵੇਂ ਇਹ ਸਪੱਸ਼ਟ ਹੈ ਕਿ ਬਹੁਤ ਸਾਰੀ ਜੀਵਨ ਰੱਖਿਅਕ ਖਾਧ ਖੁਰਾਕ ਜੰਗਲਾਂ ਤੋਂ ਮਿਲ ਜਾਂਦੀ ਹੈ ਪਰ ਇਸ ਰਵਾਇਤ ਦਾ ਸਿਹਤ ਅਤੇ ਅਰਥ ਵਿਵਸਥਾ ਉਪਰ ਅਸਰ ਨੂੰ, ਅਧਿਕਾਰਕ ਤੌਰ ਤੇ ਮਾਨਤਾ ਨਹੀਂ ਦਿਤੀ ਗਈ ਹੈ। ਇਹ ਹੈ ਜੰਗਲੀ ਖਾਧ ਖੁਰਾਕ ਜਿਵੇਂ ਕਿ ਮੱਛੀ, ਕੇਕੜੇ, ਛੋਟੀ ਮੱਛੀ ਅਤੇ ਮੌਸਮੀ ਹਰੀਆਂ ਸਬਜ਼ੀਆਂ ਜੋ ਪੌਸ਼ਟਿਕਤਾ ਦੀ ਘਾਟ ਨੂੰ ਦੂਰ ਰਖਦੀ ਹੈ। ਇਨ੍ਹਾਂ ਵਿਚੋਂ ਕਈ ਖੁਰਾਕਾਂ ਦਵਾਈ ਲਈ ਕੰਮ ਆਉਂਦੀਆਂ ਹਨ। ਜੇ ਇਨ੍ਹਾਂ ਨੂੰ ਇਕੱਠੇ ਕਰਨ ਦੀ ਮੁਹਾਰਤ ਹਾਸਲ ਹੋਵੇ ਅਤੇ ਉਸ ਸਭਿਆਚਾਰ ਵਿਚ ਵਿਆਪਕ ਜਨਜੀਵਨ ਵਿਚ ਜੰਗਲੀ ਖੁਰਾਕਾਂ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕਰਦੀ ਹੈ, ਖ਼ਾਸ ਤੌਰ ਤੇ ਕਈ ਜੰਗਲਾਂ ਵਿਚ ਰਹਿਣ ਵਾਲੇ ਕਬੀਲੇ ਆਪਣੀ ਖੁਰਾਕ ਦਾ ਵੱਡਾ ਹਿੱਸਾ ਸਿੱਧਿਆਂ ਵਾਤਾਵਰਨ ਵਿਚੋਂ ਹਾਸਲ ਕਰਦੇ ਹਨ। ਇਹ ਵੀ ਵਿੰਡਬਨਾ ਹੈ ਕਿ ਪਿਛਲੇ ਇਕ ਦਹਾਕੇ ਵਿਚ ਜੰਗਲਾਂ ਅਤੇ ਖੇਤੀਬਾੜੀ ਯੋਗ ਭੂਮੀ ਨੂੰ ਵਰਤੋਂ ਲਈ ਵਰਤਣਾ ਵਧ ਗਿਆ ਹੈ। ਖੁਰਾਕ ਸੁਰੱਖਿਆ ਅਤੇ ਖਾਧ ਖੁਰਾਕ ਦਾ ਅਧਿਕਾਰ ਰਾਜਨੀਤਕ ਰੌਲੇ-ਰੱਪੇ ਦੇ ਤੌਰ ਤੇ ਇਕ ਖ਼ਾਸ ਭੂਮਿਕਾ ਨਿਭਾਉਣ ਲੱਗੇ ਹਨ। ਖੁਰਾਕ ਬਿਲ ਵਿਚ ਜੋ ਮੁੱਖ ਪੈਦਾਵਾਰਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਨੇ ਜਵਾਰ, ਬਾਜਰੇ ਅਤੇ ਦਾਲਾਂ ਆਦਿ ਜਿਹੀਆਂ ਰਵਾਇਤੀ ਫ਼ਸਲਾਂ ਦੇ ਬਦਲ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੀ ਬਜਾਇ ਚੌਲ ਅਤੇ ਮੱਕੀ ਦੀਆਂ ਦੋਗਲੀਆਂ ਕਿਸਮਾਂ ਉਪਰ ਜ਼ੋਰ ਦਿਤਾ ਗਿਆ ਹੈ। ਇਹ ਉਗਾਈਆਂ ਹੋਈਆਂ ਮੁੱਖ ਫ਼ਸਲਾਂ ਦੇ ਪੂਰਕ ਦੇ ਤੌਰ ਤੇ ਇਕੱਠੀਆਂ ਕੀਤੀਆਂ ਫ਼ਸਲਾਂ ਦੀ ਭੂਮਿਕਾ ਨੂੰ ਘੱਟ ਕਰਨ ਲਈ ਜ਼ਿੰਮੇਵਾਰ ਹਨ।

ਲਗਭਗ ਉਹ ਸਾਰੀਆਂ ਖੁਰਾਕਾਂ ਜੋ ਆਦਿਵਾਸੀ ਲੋਕਾਂ ਵਲੋਂ ਜੰਗਲ ਵਿਚੋਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ, ਪਾਣੀ ਅਤੇ ਜ਼ਮੀਨ ਦੀ ਕਿਸਮ ਅਤੇ ਵਾਤਾਵਰਨ ਦੇ ਸੰਕੇਤਕ ਹਨ। ਉਹ ਦੂਸ਼ਤ ਦਰਿਆਵਾਂ ਵੱਲ ਸੰਕੇਤ ਕਰਦੇ ਹਨ (ਜਿਥੇ ਕੁਝ ਖ਼ਾਸ ਕਿਸਮ ਦੀ ਮੱਛੀ ਨਹੀਂ ਹੋ ਸਕਦੀ) ਜਾਂ ਜੰਗਲ ਜਿਨ੍ਹਾਂ ਦਾ ਉੱਪਰੀ ਭਾਗ ਖਤਮ ਹੋ ਰਿਹਾ ਹੈ (ਜਦੋਂ ਖ਼ਾਸ ਕਿਸਮ ਦੀਆਂ ਖੁੰਬਾਂ ਨਹੀਂ ਉੱਗਦੀਆਂ); ਮੌਨਸੂਨ ਤਸੱਲੀਬਖਸ਼ ਹੋਣਾ ਜਾਂ ਨਾ ਹੋਣਾ ਜਾਂ ਕਿੰਨਾ ਸਮਾਂ ਗਰਮੀ ਦਾ ਮੌਸਮ ਰਹੇਗਾ ਇਸ ਦਾ ਪਤਾ ਦਰੱਖ਼ਤਾਂ ਉਪਰ ਫੁੱਲ ਲੱਗਣ ਅਤੇ ਫਲ ਆਉਣ ਤੋਂ ਪਤਾ ਲੱਗ ਜਾਂਦਾ ਹੈ। ਕੁਦਰਤ ਵਿਗਿਆਨੀ ਸ਼ਾਇਦ ਹੀ ਕਦੇ ਵਾਤਾਵਰਨ ਅਤੇ ਜਲਵਾਯੂ ਦਾ ਅੰਦਾਜ਼ਾ ਲਗਾਉਣ ਲਈ ਅਜਿਹੇ ਨੁਕਤਿਆਂ ਨਾਲ ਸਹਿਮਤ ਹੁੰਦੇ ਹਨ ਪਰ ਇਹ ਸਥਾਨਕ ਆਦਿਵਾਸੀ ਲੋਕਾਂ ਦੀ ਅਮਲੀ ਜਾਣਕਾਰੀ ਹੈ ਜੋ ਸਾਨੂੰ ਇਨ੍ਹਾਂ ਖੇਤਰਾਂ ਵਿਚ ਉਪਯੋਗੀ ਜਾਣਕਾਰੀ ਉਪਲਬਧ ਕਰਾ ਸਕਦੀ ਹੈ।

ਜੰਗਲੀ ਖੁਰਾਕ ਦੀਆਂ ਕਈ ਕਿਸਮਾਂ ਨੂੰ ਇਕੱਠੀਆਂ ਕਰਨ ਜਾਂ ਖਾਣ ਲਈ ਵਿਸ਼ੇਸ਼ ਮੁਹਾਰਤ ਅਤੇ ਸਾਜ਼-ਸਾਮਾਨ ਦੀ ਲੋੜ ਹੁੰਦੀ ਹੈ। ਮੱਛੀ ਫੜਨ ਲਈ ਬਾਂਸ ਨਾਲ ਲੱਗੇ ਫੰਦਿਆਂ, ਫੰਦਿਆ ਵਿਚ ਫਸਾਉਣ ਲਈ ਖ਼ਾਸ ਮੁਹਾਰਤ ਅਤੇ ਮੱਛੀਆਂ ਦੇ ਚਲਣ ਬਾਰੇ ਜਾਣਕਾਰੀ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਢੁਕਵੀਂ ਜਗਹ 'ਤੇ ਲਿਆ ਕੇ ਫਸਾਈਆਂ ਜਾ ਸਕਣ। ਕਈ ਮੱਛੀਆਂ ਫੜਨ ਲਈ ਪੌਦਿਆਂ ਦੇ ਜ਼ਹਿਰ ਦਾ ਇਸਤੇਮਾਲ ਹੁੰਦਾ ਹੈ ਪਰ ਉਸ ਲਈ ਪੌਦੇ ਦੇ ਕਿਸ ਹਿੱਸੇ ਦੀ ਲੋੜ ਹੁੰਦੀ ਹੈ ਅਤੇ ਕਿੰਨੀ ਮਾਤਰਾ ਵਿਚ ਉਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਕਾਮਯਾਬੀ ਮਿਲ ਸਕੇ, ਦਾ ਗਿਆਨ ਹੋਣਾ ਜ਼ਰੂਰੀ ਹੈ। ਤਾੜੀ ਕੱਢਣ ਲਈ ਰਸ ਦੇ ਸਹੀ ਵੇਗ ਲਈ ਦਰੱਖ਼ਤ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਅਰਬੀ ਦੀਆਂ ਕਈ ਕਿਸਮਾਂ ਨੂੰ ਪਹਿਲਾਂ ਖ਼ਾਸ ਪ੍ਰਕਿਰਿਆ ਵਿਚੋਂ ਕੱਢਿਆ ਜਾਂਦਾ ਹੈ ਤਾਂ ਕਿ ਉਹ ਗਲ਼ੇ ਵਿਚ ਖਰਾਸ਼ ਪੈਦਾ ਨਾ ਕਰਨ ਅਤੇ ਹੋਰ ਕਿਸੇ ਕਿਸਮ ਦੇ ਮਾੜੇ ਅਸਰ ਨਾ ਕਰਨ। ਖੁਰਾਕ ਬਿਲ ਦੇ ਇਰਾਦਿਆਂ ਦੇ ਇਲਾਵਾ, ਜੋ ਕਿ ਸਿਰਫ਼ ਇਕ ਇਸ਼ਤਿਹਾਰ ਹੈ ਅਤੇ ਬਹੁਤੇ ਨਿਵੇਸ਼ ਵਾਲੀ ਖੇਤੀਬਾੜੀ ਨੂੰ ਉਤਸ਼ਾਹ ਦਿੰਦਾ ਹੈ ਅਤੇ ਲੰਬੀ ਮਿਆਦ ਵਿਚ ਪਾਣੀ ਅਤੇ ਭੂਮੀ ਦੀ ਪਲੀਤੀ ਕਰੇਗਾ।

**ਖੁਰਾਕ ਇਕੱਠੀ ਕਰਨ ਦੀ ਮੰਗ ਹੈ ਕਿ ਲੋਕ ਆਪਣੀ ਜਾਣਕਾਰੀ ਅਤੇ ਮੁਹਾਰਤ ਦਾ ਖੁਰਾਕ ਇਕੱਠੀ ਕਰਨ ਲਈ ਇਸਤੇਮਾਲ ਕਰਨ ਅਤੇ ਵਾਤਾਵਰਨ ਉਪਰ ਤਿੱਖੀ ਨਜ਼ਰ ਰਖਣ। ਇਸ ਲੇਖਕ ਦੀ ਇਹ ਮਨਸ਼ਾ ਨਹੀਂ ਹੈ ਕਿ ਹਰ ਕੋਈ ਖੁਰਾਕ ਇਕੱਠੀ ਕਰਨ ਲੱਗ ਜਾਵੇ ਪਰ ਇਹ ਸਪੱਸ਼ਟਤਾ ਜ਼ਰੂਰੀ ਹੈ ਕਿ ਖੁਰਾਕ ਬਿਲ ਨੀਤੀ ਉੱਪਰ ਅੱਖਾਂ ਮੀਟ ਕੇ ਚਲਣਾ ਵੱਡੀ ਆਦਿਵਾਸੀ ਆਬਾਦੀ ਦੇ ਸ਼ੁੱਧ ਦੇਸੀ ਗਿਆਨ ਨੂੰ ਘੱਟ ਕਰਕੇ ਦੇਖਣਾ ਹੈ।**

ਇਹ ਵੀ ਜਾਣਨਾ ਮਹੱਤਵਪੂਰਨ ਹੈ ਕਿ ਉਪਰ ਬਿਆਨ ਕੀਤਾ ਖੁਰਾਕ ਇਕੱਠੀ ਕਰਨ ਦਾ ਗਿਆਨ ਕਈ ਕਾਰਨਾਂ ਕਰਕੇ ਖ਼ਤਰੇ ਵਿਚ ਹੈ ਅਤੇ ਉਨ੍ਹਾਂ ਵਿਚ ਸਭ ਤੋਂ ਮੋਢੀ ਕਾਰਨ ਹੈ ਆਦਿਵਾਸੀ ਨੌਜਵਾਨਾਂ ਵਲੋਂ ਪੇਂਡੂ ਅਤੇ ਜੰਗਲੀ ਇਲਾਕਿਆਂ ਵਿਚੋਂ ਸ਼ਹਿਰਾਂ ਵੱਲ ਪਲਾਇਨ। ਇਸ ਜਨਸੰਖਿਆ ਬਦਲਾਅ ਨੇ ਇਕ ਸਮਾਜ ਵਿਚ ਕੁਦਰਤੀ ਗਿਆਨ ਅਤੇ ਆਸਾਨ ਸਿੱਖਿਆ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਦੇਣ ਦੀ ਪ੍ਰਕਿਰਿਆ ਨੂੰ ਦੇਣ ਦੀ ਪ੍ਰਕਿਰਿਆ ਨੂੰ ਤੋੜਿਆ ਹੈ। ਇਨ੍ਹਾਂ ਕਬੀਲਿਆਂ ਦੇ ਨੌਜਵਾਨ ਹੁਣ ਆਪਣੀ ਖੁਰਾਕ ਬਾਹਰੋਂ ਇਕੱਠੀ ਕਰਨ ਦੀ ਬਜਾਇ ਪੂਰੀ ਤਰ੍ਹਾਂ ਸਬਸਿਡੀਆਂ ਅਤੇ ਦੁਕਾਨਾਂ ਉਪਰ ਨਿਰਭਰ ਹਨ। ਖੁਰਾਕ ਇਕੱਠੀ ਕਰਨ ਦੀ ਪ੍ਰਕਿਰਿਆ ਵਿਚ ਇਸ ਬਦਲਾਅ ਨੇ ਉਨ੍ਹਾਂ ਨੌਜਵਾਨਾਂ ਦੀ ਜੰਗਲਾਂ ਬਾਰੇ ਧਾਰਨਾ ਵਿਚ ਵੀ ਬਦਲਾਅ ਲਿਆਂਦਾ ਹੈ। ਉਨ੍ਹਾਂ ਨੂੰ ਜੰਗਲਾਂ ਵਿਚ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਉਪਰ ਗਰਮੀ ਦੇ ਮਹੀਨਿਆਂ ਵਿਚ ਜੰਗਲਾਂ ਵਿਚ ਅੱਗ, ਜੰਗਲਾਂ ਦੇ ਖੇਤਰ ਦਾ ਗ਼ੈਰ-ਜੰਗਲੀ ਵਰਤੋਂ ਲਈ ਬਦਲਾਅ, ਜੰਗਲਾਂ ਵਿਚ ਕਪਾਹ, ਮੱਕੀ ਅਤੇ ਹੋਰ ਨਗਦ ਫ਼ਸਲਾਂ ਵਲੋਂ ਨਜਾਇਜ਼ ਕਬਜ਼ਾ (ਜਿਨ੍ਹਾਂ ਵਿਚ ਰਸਾਇਣਕ ਖਾਦਾਂ ਦੀ

*ਬਾਕੀ ਸਫ਼ਾ 15 ਉੱਤੇ*

# ਸਮੁਦਾਇ ਸਰੋਤ ਵਿਅਕਤੀ : ਭੂਮੀ ਸ਼ਾਸਨ 'ਚ ਪਰਿਵਰਤਨ ਦਾ ਅਗਰਦੂਤ

✍ ਸੰਜੈ ਪਟਨਾਇਕ

## ਭੂਮਿਕਾ

ਜ਼ਮੀਨ ਦੁਨੀਆਂ ਭਰ ਵਿਚ ਠੋਸ ਸੰਪਤੀ ਹੈ ਜੋ ਪਰਿਵਾਰਾਂ ਲਈ ਬਹੁ-ਮੁੱਲੀ ਹੈ। ਉਨ੍ਹਾਂ ਨੇ ਇਸ ਨੂੰ ਜੀਵਿਆ ਹੈ, ਇਸ ਦੀ ਪੂਜਾ ਕੀਤੀ ਹੈ, ਇਕ ਤੋਂ ਦੂਜੀ ਪੀੜ੍ਹੀ ਦੇ ਹਵਾਲੇ ਕੀਤਾ ਹੈ, ਇਸ ਤੋਂ ਆਪਣਾ ਜੀਵਨ ਨਿਰਬਾਹ ਕੀਤਾ ਹੈ ਅਤੇ ਆਪਣੇਪਣ ਦੀ ਭਾਵਨਾ ਪ੍ਰਾਪਤ ਕੀਤੀ ਹੈ। ਹਾਲਾਂਕਿ ਭਾਰਤ ਵਿਚ ਕੁਝ ਸਭ ਤੋਂ ਜਟਿਲ ਅਤੇ ਉਲਝੇ ਹੋਏ ਸਮਾਜਿਕ, ਆਰਥਿਕ ਅਤੇ ਰਾਜਨਤਿਕ ਸੰਘਰਸ਼ ਪੇਂਡੂ ਲੋਕਾਂ ਦੇ ਕਰਜ਼ੇ ਹੇਠ ਦੱਬੇ ਹੋਣ, ਕਿਸਾਨਾਂ ਤੋਂ ਜ਼ਮੀਨ ਦਾ ਹੱਕ ਖੋਹਣ, ਖ਼ਾਸ ਕਰਕੇ ਨਿਗੂਣੀ ਅਤੇ ਭੂਮੀ ਲਈ ਪਹੁੰਚ ਨਾ ਹੋਣ ਦੇ ਕਾਰਨਾਂ ਕਰਕੇ ਉਪਜੇ ਹਨ। ਦੁਨੀਆਂ ਦੇ ਦੂਸਰੇ ਹਿੱਸਿਆਂ ਵਾਂਗ ਪੇਂਡੂ ਭਾਰਤ ਵਿਚ ਵੀ ਗਰੀਬੀ ਦਾ ਮੂਲ ਕਾਰਨ ਜ਼ਮੀਨ ਮਾਲਕੀ ਅਤੇ ਵਰਤੋਂ ਨਾਲ ਜੁੜਿਆ ਹੋਇਆ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਭੂਮੀ ਕਾਨੂੰਨਾਂ ਦੁਆਰਾ ਭੂਮੀ ਮਾਲੀਏ ਦੇ ਪ੍ਰਬੰਧਨ ਨੂੰ ਸੁਧਾਰਨ ਦੀ ਦਿਸ਼ਾ ਵਿਚ ਕੋਸ਼ਿਸ਼ਾਂ ਜ਼ਰੂਰ ਹੋਈਆਂ ਜਿਨ੍ਹਾਂ ਦੀਆਂ ਬਸਤੀਵਾਦੀ ਨਿਜ਼ਾਮਾਂ ਸਮੇਂ ਡੂੰਘੀਆਂ ਜੜ੍ਹਾਂ ਲੱਗ ਚੁੱਕੀਆਂ ਸਨ। ਖੇਤੀਬਾੜੀ ਵਿਕਾਸ ਚਰਚਾ ਦਾ ਵਿਸ਼ਾ ਬਣ ਗਿਆ ਜਿਹੜਾ ਕਿ ਪੇਂਡੂ ਗਰੀਬਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਇਕ ਦੁਆਰ ਦੇ ਤੌਰ ਤੇ ਵੇਖਿਆ ਗਿਆ – ਇਕ ਉਹ ਜਮਾਤ ਜਿਸ ਨੇ ਬਸਤੀਵਾਦੀ ਰਾਜ ਵੇਲੇ ਸਭ ਤੋਂ ਜ਼ਿਆਦਾ ਦੁੱਖ ਝੱਲੇ ਸਨ। ਮੁਜ਼ਾਰਿਆਂ ਨੂੰ ਮਾਲਕਾਨਾ ਹੱਕ ਪ੍ਰਦਾਨ ਕਰਨ ਲਈ ਸਰਕਾਰ ਨੇ ਮਹਿਸੂਸ ਕੀਤਾ ਕਿ ਦਲਾਲਾਂ ਦਾ ਖਾਤਮਾ ਜ਼ਰੂਰੀ ਹੈ ਅਤੇ ਪੱਟੇਦਾਰਾਂ ਲਈ ਮਿਆਦੀ ਸੁਰੱਖਿਆ ਕਰਨੀ ਵੀ ਵਾਜਬ ਹੈ। 1947 ਤੋਂ ਬਾਅਦ ਕੇਂਦਰ ਅਤੇ ਰਾਜ ਸਰਕਾਰਾਂ ਨੇ ਜ਼ਮੀਨੀ ਸੁਧਾਰਾਂ ਬਾਰੇ ਬਹੁਤ ਸਾਰੇ ਕਾਨੂੰਨ ਬਣਾਏ ਜਿਨ੍ਹਾਂ ਦਾ ਮਕਸਦ ਬੇਜ਼ਮੀਨੇ ਗਰੀਬਾਂ ਅਤੇ ਜ਼ਮੀਨਾਂ ਦੇ ਧਨੀ ਮਾਲਕ ਦਰਮਿਆਨ ਫ਼ਰਕ ਨੂੰ ਮੇਟਣਾ ਸੀ। ਇਨ੍ਹਾਂ ਅਗਾਂਹਵਧੂ ਕਾਨੂੰਨਾਂ ਦਾ ਮੁੱਖ ਮੰਤਵ ਵਿਹਲੀ ਪਈ ਜ਼ਮੀਨ, ਜ਼ਮੀਨ ਦੇ ਹੱਦਬੰਦੀ ਪ੍ਰਾਵਧਾਨਾਂ ਅਨੁਸਾਰ, ਦੁਬਾਰਾ ਵੰਡਣ ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ ਜਿਸ ਦਾ ਆਖਰੀ ਮੰਤਵ ਵਾਹੀਕਾਰਾਂ ਨੂੰ ਜ਼ਮੀਨ ਦੇਣਾ ਸੀ। ਇਨ੍ਹਾਂ ਕਾਨੂੰਨ ਦੁਆਰਾ ਭੂਮੀ ਦੀ ਉੱਚਿਤ ਅਤੇ ਪ੍ਰਭਾਵੀ ਵਰਤੋਂ ਨੂੰ ਅਮਲ ਵਿਚ ਲਿਆਉਣ ਦਾ ਵੀ ਉਪਰਾਲਾ ਕੀਤਾ ਗਿਆ ਜੋ ਖੇਤੀਬਾੜੀ ਉਤਪਾਦਨ ਵਧਾਉਣ ਵਿਚ ਇਕ ਕੋਸ਼ਿਸ਼ ਸੀ।

ਓਡੀਸ਼ਾ ਸਰਕਾਰ ਨੇ ਦ੍ਰਿੜ੍ਹ ਫ਼ੈਸਲੇ ਲੈਂਦਿਆਂ, ਬਹੁਤ ਸਾਰੇ ਪ੍ਰਗਤੀਸ਼ੀਲ ਕਾਨੂੰਨ ਬਣਾ ਕੇ, ਬੇਜ਼ਮੀਨਿਆਂ ਨੂੰ ਭੋਇੰ ਅਤੇ ਨਾਲ ਦੀ ਨਾਲ ਜ਼ਮੀਨ ਦੇ ਮਿਆਦੀ ਹੱਕ ਦੇਣ ਦਾ ਫ਼ੈਸਲਾ ਕੀਤਾ, ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਪਰਿਵਾਰਾਂ ਨੂੰ। ਇਸ ਕੰਮ ਲਈ ਜ਼ਮੀਨ ਦੀ ਹੱਦਬੰਦੀ ਦਾ ਸਹਾਰਾ ਵੀ ਲਿਆ ਗਿਆ। ਰਾਜ ਸਰਕਾਰ ਨੇ ਜਨਜਾਤੀ ਜ਼ਮੀਨ ਅਧਿਕਾਰ ਗ਼ੈਰ-ਜਨਜਾਤੀ ਵਿਅਕਤੀਆਂ ਨੂੰ ਤਬਦੀਲ ਕਰਨ ਤੋਂ ਰੋਕਣ ਲਈ ਕਠੋਰ ਕਾਨੂੰਨ ਪ੍ਰਾਵਧਾਨ ਬਣਾਏ। ਫਿਰ ਵੀ ਉਨ੍ਹਾਂ ਨੂੰ ਲਾਗੂ ਕਰਨ ਵਿਚ ਆਉਂਦੀਆਂ ਅਨੇਕ ਕਠਿਨਾਈਆਂ ਕਰਕੇ ਸੀਮਤ ਸਫਲਤਾ ਹੀ ਪ੍ਰਾਪਤ ਹੋ ਸਕੀ। ਇਸ ਨਾਲ ਜ਼ਮੀਨ 'ਤੇ ਨਾਜਾਇਜ਼ ਕਬਜ਼ਿਆਂ ਦਾ ਰੁਝਾਨ ਵੱਡੀ ਪੱਧਰ 'ਤੇ ਚੱਲ ਪਿਆ। ਬੇਜ਼ਮੀਨਿਆਂ ਵਲੋਂ ਬਿਨਾਂ ਕਿਸੇ ਮਾਲਕੀ ਹੱਕ ਦੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਅਤੇ ਮਾਲਕਾਨਾਂ ਹੱਕ ਵਾਲੀ ਜ਼ਮੀਨ ਜੋ ਸਰਕਾਰ ਵਲੋਂ ਪ੍ਰਦਾਨ ਕੀਤੀ ਗਈ ਸੀ, 'ਤੇ ਹੱਕ ਨਾ ਜਮਾਉਣਾ ਬਹੁਤ ਸਾਰੇ ਪੇਂਡੂ ਘਰਾਂ ਦੀ ਇਕ ਆਮ ਕਹਾਣੀ ਬਣ ਚੁੱਕੀ ਸੀ।

## ਰਿਹਾਇਸ਼ੀ ਜ਼ਮੀਨ ਵੰਡ 'ਚ ਸੀਮਤ ਸਫਲਤਾ ਤੇ ਸੁਧਾਰ ਕੋਸ਼ਿਸ਼ਾਂ

ਮਾਲ ਵਿਭਾਗ ਵਲੋਂ ਬੇਜ਼ਮੀਨੇ ਲੋਕਾਂ ਦੀ ਕਰਾਈ ਮਰਦਮਸ਼ੁਮਾਰੀ ਅਨੁਸਾਰ 2005-06 ਵਿਚ ਓਡੀਸ਼ਾ ਸਰਕਾਰ ਵਲੋਂ ਰਿਹਾਇਸ਼ੀ ਜ਼ਮੀਨ ਵੰਡ ਦਾ ਇਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜੋ 'ਵਸੁੰਧਰਾ' ਦੇ ਨਾਮ ਨਾਲ ਜਾਣਿਆ ਗਿਆ। ਮਰਦਮਸ਼ੁਮਾਰੀ ਵਿਚ ਇਕ ਚੌਥਾਈ ਮਿਲੀਅਨ ਅਜਿਹੇ ਪਰਿਵਾਰਾਂ ਦੀ ਪਛਾਣ ਕੀਤੀ ਗਈ ਜਿਨ੍ਹਾਂ ਕੋਲ ਘਰ ਨਹੀਂ ਸਨ।। ਅਜਿਹੇ ਪਰਿਵਾਰਾਂ ਨੂੰ ਵਸੁੰਧਰਾ ਸਕੀਮ ਤਹਿਤ 4 ਦਸ਼ਮਲਵ ਪ੍ਰਦਾਨ ਕੀਤੇ ਗਏ ਜਿਨ੍ਹਾਂ ਨੂੰ 2008 ਵਿਚ ਵਧਾ ਕੇ 10 ਦਸ਼ਮਲਵ ਕਰ ਦਿਤਾ ਗਿਆ। ਪਰ 2008-09 ਆਉਂਦਿਆਂ-ਆਉਂਦਿਆਂ ਇਹ ਵੇਖਿਆ ਗਿਆ ਕਿ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਅਨੇਕ ਚੁਨੌਤੀਆਂ ਹਨ ਜਿਨ੍ਹਾਂ ਨਾਲ ਨਿਪਟਣ ਲਈ ਇਹ ਪ੍ਰੋਗਰਾਮ ਅਸਲ ਵਿਚ ਬਣਾਇਆ ਗਿਆ ਸੀ।

2009-10 ਵਿਚ, ਲੈਂਡੇਸਾ (ਜੋ ਉਦੋਂ ਪੇਂਡੂ ਵਿਕਾਸ ਸੰਸਥਾ ਹੁੰਦੀ ਸੀ, ਨੇ ਕੁਝ ਚੋਣਵੇਂ ਪਿੰਡਾਂ ਵਿਚ ਵਸੁੰਧਰਾ ਸਕੀਮ ਨੂੰ ਲਾਗੂ ਕਰਨ ਦਾ ਜਾਇਜ਼ਾ ਲਿਆ। ਇਸ ਪੜਤਾਲ ਵਿਚ ਪਾਇਆ ਗਿਆ ਕਿ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਮਾਲੀਆ ਵਿਭਾਗ ਦੇ ਅਮਲੇ ਦੀ ਘਾਟ ਕਾਰਨ ਇਹ ਸਕੀਮ ਬਹੁਤੀ ਸਫਲ ਨਹੀਂ ਹੋ ਸਕੀ। ਇਸ ਪੜਤਾਲ ਦਾ ਇਕ ਮੁੱਖ ਹਾਸਲ ਇਹ ਸੀ ਕਿ ਬੇਘਰੇ ਪੇਂਡੂ ਪਰਿਵਾਰਾਂ ਨੂੰ ਪਛਾਣਨ ਲਈ ਇਸ ਸਕੀਮ ਵਿਚ ਕੋਈ ਦਿਸ਼ਾ ਨਿਰਦੇਸ਼ ਨਹੀਂ ਸਨ।

## ਭੂਮੀ ਸੰਬੰਧੀ ਬੰਦਸ਼ਾਂ ਲਈ ਮਾਰਗ ਦਰਸ਼ਨ

ਸਮਰਥਾ ਦੇ ਮੁੱਦੇ ਨੂੰ ਹੱਲ ਕਰਨ ਲਈ

ਲੈਂਡੇਸਾ ਵਲੋਂ ਇਕ ਅਗ੍ਰਣੀ ਮਾਡਲ ਤਿਆਰ ਕੀਤਾ ਗਿਆ ਜਿਸ ਤਹਿਤ ਸਿੱਖਿਅਤ ਸਥਾਨਕ ਨੌਜਵਾਨਾਂ ਨੂੰ ਜ਼ਮੀਨੀ ਪੱਧਰ ਦੇ ਮਾਲੀਆ ਅਮਲੇ ਦੀ ਸਮਰਥਾ ਵਧਾਉਣ ਦਾ ਜ਼ਿੰਮਾ ਦਿਤਾ ਗਿਆ। ਸਥਾਨਕ ਨੌਜਵਾਨਾਂ ਨੂੰ ਸਮੁਦਾਇਕ ਸਰੋਤ ਵਿਕਅਤੀ ਜਾਂ *ਭੂਮੀ ਸੰਯੋਜਕ* ਦਾ ਨਾਮ ਦਿਤਾ ਗਿਆ ਜਿਨ੍ਹਾਂ ਨੂੰ ਸਮੁਦਾਇ ਵਲੋਂ ਚੁਣਿਆ ਗਿਆ ਅਤੇ ਲੈਂਡੇਸਾ ਵਲੋਂ ਸਿੱਖਿਅਤ ਕੀਤਾ ਗਿਆ ਤਾਂ ਜੋ ਮਾਲੀਆ ਇੰਸਪੈਕਟਰਾਂ ਨੂੰ ਵਾਧੂ ਸਮਰਥਾ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਸਰੋਤ ਵਿਅਕਤੀਆਂ ਦੁਆਰਾ ਵਾਧੂ ਸਮਰਥਾ ਪ੍ਰਦਾਨ ਕਰਨ ਦਾ ਵਿਚਾਰ ਇਸ ਸਚਾਈ ਕਰਕੇ ਆਇਆ ਕਿਉਂਕਿ ਬਹੁਤ ਸਾਰੀਆਂ ਸੀਮਾਵਾਂ, ਜਿਨ੍ਹਾਂ ਵਿਚ ਘੱਟ ਸਮਰਥਾ ਅਤੇ ਜ਼ਿਆਦਾ ਮੰਗਾਂ ਸ਼ਾਮਿਲ ਸਨ, ਫੀਲਡ ਅਧਿਕਾਰੀ ਬੇਜ਼ਮੀਨਿਆਂ ਦੀ ਸਹੀ ਸੰਖਿਆ ਜਾਣਨ ਲਈ ਘਰੋ-ਘਰੀ ਸਰਵੇ ਨਹੀਂ ਸਨ ਕਰ ਸਕਦੇ। ਇਸ ਅਗ੍ਰਣੀ ਪ੍ਰੋਗਰਾਮ ਨੂੰ ਤਿਆਰ ਕਰਦਿਆਂ ਲੈਂਡੇਸਾ ਨੇ ਮਾਲ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕੀਤਾ ਤਾਂ ਜੋ ਵੰਡ ਦਾ ਇਕ ਪੜਾਅ ਵਾਰ ਪ੍ਰੋਗਰਾਮ, ਨਿਸਚਤ ਸਮਾਂ ਸੀਮਾ ਮੁਤਾਬਕ ਤਿਆਰ ਕੀਤਾ ਜਾ ਸਕੇ, ਜਿਸ ਵਿਚ ਸਰੋਤ ਵਿਅਕਤੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨਿਰਧਾਰਤ ਹੋਣ, ਮੁੱਖ ਤੌਰ ਤੇ ਮਾਲੀਆ ਇੰਸਪੈਕਟਰ ਦੀਆਂ, ਜਿਸ ਨਾਲ ਸਰੋਤ ਵਿਅਕਤੀਆਂ ਨੇ ਕੰਮ ਕੀਤਾ ਹੈ।

ਸਰੋਤ ਵਿਅਕਤੀਆਂ ਦਾ ਮੁੱਖ ਕੰਮ ਵੱਖ-ਵੱਖ ਸਰੋਤਾਂ ਤੋਂ ਜਾਣਕਾਰੀ ਇਕੱਠੀ ਕਰਨਾ, ਬੇਜ਼ਮੀਨੇ ਲੋਕਾਂ ਦੀਆਂ ਵੱਖ-ਵੱਖ ਸੂਚੀਆਂ ਦੇ ਮਿਲਣ ਤੋਂ ਬਾਅਦ ਪਛਾਣ ਸਥਾਪਤ ਕਰਨੀ, ਫੀਲਡ ਅਫਸਰ ਨੂੰ ਫੀਲਡ ਵਿਚ ਜਾਂਚ ਪੜਤਾਲ ਦੌਰਾਨ ਮਦਦ ਦੇਣੀ ਅਤੇ ਲੋੜੀਂਦੇ ਫਾਰਮਾਂ ਅਤੇ ਅਰਜ਼ੀਆਂ ਨੂੰ ਭਰਨਾ ਸੀ। ਸਰੋਤ ਵਿਅਕਤੀਆਂ ਨੂੰ ਇਹ ਵੀ ਨਿਸ਼ਚਿਤ ਕਰਨਾ ਸੀ ਕਿ ਹਰੇਕ ਬੇਘਰ ਅਤੇ ਬੇਜ਼ਮੀਨਾ ਪਰਿਵਾਰ ਮਾਲ ਵਿਭਾਗ ਵਲੋਂ ਲਾਏ ਕੈਂਪ ਵਿਚ ਹਿੱਸਾ ਲਵੇ। ਇਸ ਪ੍ਰਕਿਰਿਆ ਤਹਿਤ ਸਰੋਤ ਵਿਅਕਤੀਆਂ ਮਾਲ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਵਿਕਾਸ ਸੰਬੰਧੀ ਸਕੀਮਾਂ ਬਾਰੇ ਜਾਗਰੂਕਤਾ ਫੈਲਾ ਕੇ ਮਾਲ ਇੰਸਪੈਕਟਰ ਅਤੇ ਸਮੁਦਾਇ ਵਿਚਕਾਰ ਇਕ ਪੁਲ ਦੇ ਤੌਰ ਤੇ ਕੰਮ ਕਰ ਸਕਦੇ ਹਨ।

## ਸੀ ਆਰ ਪੀ ਮਾਡਲ ਨੂੰ ਸਰ ਕਰਨਾ

ਸੀ ਆਰ ਪੀ ਮਾਡਲ ਦੀ ਸਫਲਤਾ ਇਹ ਸਾਬਤ ਕਰਕੇ ਕਿ ਸਿੱਖਿਅਤ ਪੇਂਡੂ ਨੌਜਵਾਨ ਫੀਲਡ ਮਾਲ ਅਧਿਕਾਰੀਆਂ ਨੂੰ ਵਾਧੂ ਸਮਰਥਾ ਪ੍ਰਦਾਨ ਕਰਨ ਅਤੇ ਜ਼ਮੀਨ ਦੇ ਵਿਤਰਣ ਨੂੰ ਇਕ ਤਹਿ ਸਮਾਂ ਸੀਮਾ ਵਿਚ ਪੂਰੀ ਕਰਨ ਦੇ ਸਮਰਥ ਹਨ, ਤੋਂ ਬਾਅਦ ਲੈਂਡੇਸਾ ਵਲੋਂ ਓਡੀਸ਼ਾ ਟ੍ਰਾਈਬਲ ਐਮਪਾਵਰਮੈਂਟ ਐਂਡ ਲਾਈਵਲੀਹੁਡਜ਼ ਪ੍ਰੋਗਰਾਮ ਨੂੰ ਸੁਝਾਇਆ ਗਿਆ ਕਿ ਬਾਹਰੀ ਮਦਦ ਪ੍ਰਾਪਤ ਸਰਕਾਰੀ ਪ੍ਰੋਗਰਾਮ ਚਲਾਇਆ ਜਾਵੇ ਤਾਂ ਕਿ ਜ਼ਮੀਨ ਵਿਤਰਣ ਦੀਆਂ ਚਿਰਾਂ ਤੋਂ ਚਲੀਆਂ ਆ ਰਹੀਆਂ ਸਮੱਸਿਆਵਾਂ ਦਾ ਹੱਲ ਹੋ ਸਕੇ ਜਿਨ੍ਹਾਂ ਦਾ ਵਸੁੰਧਰਾ ਸਕੀਮ ਤਹਿਤ ਜਾਇਜ਼ਾ ਲਿਆ ਗਿਆ ਸੀ।

ਓ ਟੀ ਈ ਐਲ ਪੀ ਅਤੇ ਲੈਂਡੇਸਾ ਭੋਇੰ ਵਿਤਰਣ ਲਈ ਇਕ ਸਾਂਝਾ ਪ੍ਰੋਗਰਾਮ ਲਾਗੂ ਕਰਨ ਲਈ ਸਹਿਮਤ ਹੋਏ ਜਿਸ ਤਹਿਤ ਓ ਟੀ ਈ ਐਲ ਪੀ ਸਮੁਦਾਇ ਸਰੋਤ ਵਿਅਕਤੀ (ਸੀ ਆਰ ਪੀਜ਼) ਦੀ ਭਰਤੀ ਕਰੇਗੀ ਅਤੇ ਲੈਂਡੇਸਾ ਸਮਰਥਾ ਵਿਕਸਤ ਕਰਨ ਅਤੇ ਸਹੂਲਤਾਂ ਦੇਣ ਵਿਚ ਮਦਦ ਕਰੇਗੀ ਤਾਂ ਜੋ ਓਡੀਸ਼ਾ ਦੇ 7 ਜ਼ਿਲ੍ਹਿਆਂ ਦੇ 1056 ਪਿੰਡਾਂ ਦੇ ਬੇਜ਼ਮੀਨਿਆਂ ਨੂੰ ਭੂਮੀ ਦਿਤੀ ਜਾ ਸਕੇ। ਬਹੁਤ ਥੋੜ੍ਹੇ ਸਮੇਂ ਵਿਚ ਹੀ ਇਸ ਪ੍ਰਾਜੈਕਟ ਤਹਿਤ ਆਉਂਦੇ 98 ਪ੍ਰਤਿਸ਼ਤ ਪਿੰਡਾਂ ਵਿਚ ਸਰੋਤ ਵਿਅਕਤੀਆਂ ਵਲੋਂ 30 ਹਜ਼ਾਰ ਦੇ ਕਰੀਬ ਬੇਜ਼ਮੀਨੇ ਪਰਿਵਾਰਾਂ ਦੀ ਪਛਾਣ ਕਰ ਲਈ ਗਈ। ਨਵੰਬਰ 2013 ਤਕ ਪ੍ਰਾਜੈਕਟ ਤਹਿਤ ਆਉਂਦੇ ਪਿੰਡਾਂ ਵਿਚ ਤਕਰੀਬਨ 16,000 ਪੱਟੇ ਵੰਡੇ ਜਾ ਚੁੱਕੇ ਹਨ।

ਸੀ ਆਰ ਪੀ ਮਾਡਲ ਦੀ ਸਫਲਤਾ ਤੋਂ ਬਾਅਦ, ਓਡੀਸ਼ਾ ਸਰਕਾਰ ਨੇ ਜ਼ਮੀਨ ਵਿਤਰਣ ਦਾ ਕੰਮ ਰਾਜ ਦੇ 12 ਜ਼ਿਲ੍ਹਿਆਂ ਦੇ 118 ਟਾਈਬਲ ਸਬ ਪਲੈਨ ਬਲਾਕਾਂ ਦੇ 18000 ਪਿੰਡਾਂ ਤਕ ਵਧਾ ਦਿਤਾ ਹੈ। ਟੀ ਐਸ ਪੀ ਬਲਾਕਾਂ ਵਿਚ ਕਰੀਬ 1.2 ਮਿਲੀਅਨ ਘਰ ਹੋਣ ਨਾਲ ਜ਼ਮੀਨ ਵਿਤਰਣ ਪ੍ਰੋਗਰਾਮ ਦਾ ਲਾਭ ਅੱਧਾ ਮਿਲੀਅਨ ਪਰਿਵਾਰਾਂ ਨੂੰ ਮਿਲਣ ਦੀ ਉਮੀਦ ਹੈ। ਓਡੀਸ਼ਾ ਸਰਕਾਰ ਅਨੁਸੂਚਿਤ ਜਨਜਾਤੀ ਅਤੇ ਅਨਸੂਚਿਤ ਜਾਤੀ ਕਲਿਆਣ ਵਿਭਾਗ ਇਸ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੋਵੇਗਾ। ਓ ਟੀ ਈ ਐਲ ਪੀ ਅਤੇ ਲੈਂਡੇਸਾ ਬੇਜ਼ਮੀਨੇ ਪਰਿਵਾਰਾਂ ਨੂੰ ਜ਼ਮੀਨ ਦੇਣ ਲਈ ਮਾਲ ਵਿਭਾਗ ਅਤੇ ਜ਼ਿਲ੍ਹਾ ਅਧਿਕਾਰੀਆਂ ਦੀ ਮਦਦ ਕਰਦੇ ਰਹਿਣਗੇ। ਜਦ ਕਿ ਜ਼ਿਲ੍ਹਾ ਪੱਧਰ 'ਤੇ ਸੰਗਠਿਤ ਜਨਜਾਤੀ ਵਿਕਾਸ ਏਜੰਸੀ ਇਸ ਵਿਚ ਸਹਿਯੋਗ ਕਰੇਗੀ, ਬਲਾਕ ਪੱਧਰ 'ਤੇ ਇਹ ਕੰਮ ਗ਼ੈਰ-ਸਰਕਾਰੀ ਸੰਸਥਾਵਾਂ ਵਲੋਂ ਕੀਤਾ ਜਾਵੇਗਾ।

## ਲੋਕਾਂ ਦੀ ਭਾਗੀਦਾਰੀ ਰਾਹੀਂ ਸ਼ਾਸਨ ਸੁਧਾਰ

ਭੂਮੀ ਪ੍ਰਬੰਧਨ ਖ਼ਾਸ ਕਰਕੇ ਬੇਜ਼ਮੀਨੇ ਲੋਕਾਂ ਦੀ ਪਛਾਣ ਕਰਨੀ ਰਾਜ ਸਰਕਾਰ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ। ਇਸ ਪ੍ਰਾਜੈਕਟ ਤਹਿਤ ਉਦਾਹਰਣ ਸਥਾਪਤ ਹੋਈ ਜਿਸ ਮੁਤਾਬਕ ਸੀ ਆਰ ਪੀ, ਸਥਾਨਕ ਭਾਈਚਾਰੇ ਦੇ ਨੁਮਾਇੰਦੇ ਜਿਸ ਨੂੰ ਸਥਾਨਕ ਹਾਲਤਾਂ ਦੀ ਜਾਣਕਾਰੀ ਹੋਵੇ ਅਤੇ ਪਿੰਡ ਵਾਸੀਆਂ ਦੇ ਸਰਗਰਮ ਸਹਿਯੋਗ ਨਾਲ ਬੇਜ਼ਮੀਨੇ ਲੋਕਾਂ ਦੀ ਇਕ ਸੂਚੀ (ਸਰਕਾਰ ਦੇ ਬੇਜ਼ਮੀਨੇ ਲੋਕਾਂ ਬਾਰੇ ਮਾਪਦੰਡਾਂ ਮੁਤਾਬਕ) ਬਣਾਈ ਗਈ ਜਿਸ 'ਤੇ ਅਖੀਰ ਵਿਚ ਮਾਲ ਅਧਿਕਾਰੀਆਂ ਵਲੋਂ ਮੁਹਰ ਲਾਈ ਜਾਣੀ ਸੀ। ਇਸ ਨਾਲ ਜ਼ਮੀਨ ਵਿਤਰਣ ਇਕ ਭਾਈਚਾਰਕ ਪ੍ਰਕਿਰਿਆ ਬਣ ਗਈ।

**ਸਥਾਨਕ ਲੋਕਾਂ ਦੀ ਸ਼ਮੂਲੀਅਤ ਸਿਰਫ਼ ਬੇਜ਼ਮੀਨੇ ਪਰਿਵਾਰਾਂ ਦੀ ਪਛਾਣ ਕਰਨ ਤਕ ਹੀ ਸੀਮਤ ਨਹੀਂ ਸੀ। ਪੜਤਾਲ ਦੌਰਾਨ ਪਛਾਣੇ ਗਏ ਬੇਜ਼ਮੀਨੇ ਪਰਿਵਾਰਾਂ ਨੂੰ ਪਛਾਣ ਪ੍ਰਕਿਰਿਆ ਵਿਚ ਸ਼ਾਮਿਲ ਹੋਣ ਅਤੇ ਆਪਣੀ ਜ਼ਮੀਨ ਦੀ ਪੈਮਾਇਸ਼ ਦਾ ਮੌਕਾ ਮਿਲਿਆ ਤਾਂ ਕਿ ਭਵਿੱਖ ਵਿਚ ਕਬਜ਼ੇ ਸੰਬੰਧੀ ਝਗੜਿਆਂ ਤੋਂ ਬਚਿਆ ਜਾ ਸਕੇ। ਪਹਿਲਾਂ ਪਿੰਡਾਂ ਵਾਲਿਆਂ ਕੋਲ ਬਹੁਤ ਸੀਮਤ ਜਾਣਕਾਰੀ ਸੀ ਕਿ ਕੌਣ ਜ਼ਮੀਨ ਦਾ ਮਾਲਕ ਹੈ ਅਤੇ ਕੌਣ ਬੇਜ਼ਮੀਨਾ। ਸੀ ਆਰ ਪੀ ਵਲੋਂ ਗਰੀਬ ਅਤੇ ਬੇਜ਼ਮੀਨੇ ਪਰਿਵਾਰਾਂ ਨੂੰ ਜ਼ਮੀਨ ਦੇਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨ ਨਾਲ ਇਹ ਕੰਮ ਭਾਈਚਾਰਕ ਸਹਿਯੋਗ ਨਾਲ ਨੇਪਰੇ ਚਾੜ੍ਹਨਾ ਸੰਭਵ ਹੋ ਸਕਿਆ।**

ਓਡੀਸ਼ਾ ਵਿਚ ਸੀ ਆਰ ਪੀ ਪ੍ਰੋਗਰਾਮ ਤਹਿਤ ਇਕ ਬਹੁਤ ਵੱਡੀ ਟੀਮ ਬਣੀ, ਸਰਕਾਰੀ ਅਤੇ ਗ਼ੈਰ ਸਰਕਾਰੀ ਲੋਕਾਂ ਨੂੰ ਇਕ ਮੰਚ 'ਤੇ

ਇਕੱਠਾ ਕੀਤਾ ਗਿਆ ਤਾਂ ਕਿ ਜ਼ਮੀਨ ਵਿਤਰਣ ਅਤੇ ਪੁਨਰ ਸਥਾਪਨਾ ਵਰਗੇ ਜਟਿਲ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

ਇਹ ਬਹੁਤ ਹੀ ਨਿਵੇਕਲੀ ਅਤੇ ਦੁਰਲੱਭ ਉਦਾਹਰਣ ਸੀ ਜਦੋਂ ਰਾਜ ਸਰਕਾਰ ਨੇ ਸਿਵਲ ਸੁਸਾਇਟੀ ਦੀ ਮਦਦ ਨਾਲ ਇਕ ਬਹੁਤ ਹੀ ਪ੍ਰਮੁੱਖ ਅਤੇ ਗੰਭੀਰ ਕਾਰਜ ਸੰਪੰਨ ਕੀਤਾ। ਸੀ ਆਰ ਪੀ ਮਾਡਲ ਇਕ ਵਧੀਆ ਤਰੀਕੇ ਵਜੋਂ ਉੱਭਰਿਆ ਹੈ ਜਿਸ ਤਹਿਤ ਚੰਗੀ ਅਤੇ ਸਮੂਹਿਕ ਯੋਜਨਾਬੰਦੀ, ਨਿਗਰਾਨੀ ਸਦਕਾ ਚੰਗੇ ਨਤੀਜੇ ਪ੍ਰਾਪਤ ਹੋਏ ਹਨ। ਇਥੇ ਸਵੈ-ਸਹਾਇਤਾ ਨਿੱਜੀ ਤੋਂ ਭਾਈਚਾਰੇ ਦੇ ਲਾਭ ਲਈ ਪਹੁੰਚਦੀ ਦਿਖਾਈ ਦੇ ਰਹੀ ਹੈ। ਆਮ ਲੋਕਾਂ ਦੀ ਭਾਸ਼ਾ ਵਿਚ ਭਾਗੀਦਾਰੀ ਦੀ ਪ੍ਰਕਿਰਿਆ ਵਿਕਾਸ ਦੀ ਉਹ ਪ੍ਰਣਾਲੀ ਹੈ ਜਿਸ ਤਹਿਤ ਭਾਈਚਾਰੇ ਨੂੰ ਇਸ ਮਸ਼ੀਨਰੀ ਦੀ ਮਦਦ ਕਰਦੀ ਹੈ। ਪਰ ਸੀ ਆਰ ਪੀ ਮਾਡਲ ਭਾਈਚਾਰੇ ਨੂੰ ਇਸ ਪ੍ਰਕਿਰਿਆ ਨਾਲ ਜੋੜਦਾ ਹੈ, ਭਾਈਚਾਰੇ ਆਪਣੇ ਆਪ ਨੂੰ ਫ਼ੈਸਲਾ ਲੈਣ ਦੇ ਯੋਗ ਸਮਝਦਾ ਹੈ, ਬੇਜ਼ਮੀਨੇ ਲੋਕਾਂ ਦੀ ਪਛਾਣ ਕਰਕੇ, ਜਿਸ ਨੂੰ ਬਾਅਦ ਵਿਚ ਸਰਕਾਰ ਵਲੋਂ ਮਾਨਤਾ ਦਿਤੀ ਜਾਂਦੀ ਹੈ। ਇਸ ਨਾਲ ਭਾਗੀਦਾਰੀ ਵਿਕਾਸ ਦੀ ਇਕ ਨਵੀਂ ਪਰਿਭਾਸ਼ਾ ਅਤੇ ਲੀਡਰਸ਼ਿਪ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਜ਼ਮੀਨ ਵਿਤਰਣ ਪ੍ਰਕਿਰਿਆ ਦੌਰਾਨ ਜੋ ਇਕ ਪ੍ਰਮੁੱਖ ਮੁੱਦਾ ਉੱਭਰ ਕੇ ਸਾਹਮਣੇ ਆਇਆ ਉਹ ਹੈ ਭਾਈਚਾਰੇ 'ਤੇ ਹੈਰਾਨਕੁਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਯਕੀਨ ਜਿਸ ਨਾਲ ਸਰਕਾਰ ਲੋਕਾਂ ਦੀਆਂ ਮੰਗਾਂ ਬਾਰੇ ਜਾਗਰੂਕ ਹੋ ਸਕੀ। ਇਸ ਬਣੇ ਵਿਸ਼ਵਾਸ ਨਾਲ ਸਰਕਾਰ ਅਤੇ ਸਥਾਨਕ ਵਾਸੀਆਂ ਬਾਰੇ ਬਣੀ ਇਹ ਮਿਥ ਖਤਮ ਹੋ ਗਈ ਕਿ ਦੋਵੇਂ ਧਿਰਾਂ ਰਲ ਕੇ ਕੰਮ ਨਹੀਂ ਕਰ ਸਕਦੀਆਂ।

ਜਿਵੇਂ-ਜਿਵੇਂ ਵਿਕਾਸ ਦਾ ਦਾਇਰਾ ਵਧ ਰਿਹਾ ਹੈ, ਸਰਕਾਰੀ ਸੰਸਥਾਵਾਂ ਨੂੰ ਵਿਕਾਸ ਦੀਆਂ ਚੁਨੌਤੀਆਂ ਨੂੰ ਸਰ ਕਰਨ ਲਈ ਵਾਧੂ ਸਮਰਥਾ ਦੀ ਲੋੜ ਪਵੇਗੀ। ਬੇਜ਼ਮੀਨਿਆਂ ਨੂੰ ਜ਼ਮੀਨ ਦੇਣ ਦਾ ਇਕ ਅਜਿਹਾ ਜਟਿਲ ਅਤੇ ਮੁਸ਼ਕਿਲ ਕਾਰਜ ਹੈ ਜਿਸ ਨੂੰ ਹਾਸਲ ਕਰਨਾ ਬਹੁਤ ਔਖਾ ਹੈ ਜਦ ਕਿ ਆਪਸੀ ਭਾਈਵਾਲੀ ਮਜ਼ਬੂਤ ਨਾ ਹੋਵੇ ਅਤੇ ਵੱਖ-ਵੱਖ ਸਮਰਥਾਵਾਂ ਦਾ ਸੁਮੇਲ ਨਾ ਕੀਤਾ ਜਾਏ। ਸੀ ਆਰ ਪੀ ਮਾਡਲ ਇਕ ਅਜਿਹੀ ਹੀ ਭਾਈਵਾਲੀ ਦਾ ਪ੍ਰਤੀਕ ਹੈ ਜਿਥੇ ਸਥਾਨਕ ਸਮੁਦਾਇ ਦੀ ਜਮਾਂਦਰੂ ਅਤੇ ਰਵਾਇਤੀ ਜਾਣਕਾਰੀ ਨੂੰ, ਸਰਕਾਰ ਵਲੋਂ ਬੇਜ਼ਮੀਨੇ ਲੋਕਾਂ ਦੀ ਸੂਚੀ ਤਿਆਰ ਕਰਨ ਵਿਚ, ਬਹੁਤ ਅਹਿਮ ਮੰਨਿਆ ਜਾਂਦਾ ਹੈ। ਇਸ ਨਾਲ ਭੂਮੀ ਸ਼ਾਸਨ ਵਿਚ ਸਥਾਨਕ ਭਾਗੀਦਾਰੀ ਮਜ਼ਬੂਤ ਹੁੰਦੀ ਹੈ।

## ਜਾਣਕਾਰੀ ਪ੍ਰਤਿ ਪਹੁੰਚ ਤੇ ਵਿਕੇਂਦਰੀਕਰਨ

ਜਾਣਕਾਰੀ ਦੇ ਵਿਕੇਂਦਰੀਕਰਨ ਸਦਕਾ ਸੀ ਆਰ ਪੀ ਮਾਡਲ ਇਕ ਬੇਮਿਸਾਲ ਉਦਾਹਰਣ ਹੈ ਜਿਸ ਨਾਲ ਜ਼ਮੀਨ ਦੀ ਮਾਲਕੀ ਸੰਬੰਧੀ ਮੁਢਲੀ ਜਾਣਕਾਰੀ ਹਾਸਲ ਕਰਨ ਵਿਚ ਮਦਦ ਮਿਲਦੀ ਹੈ। ਜਾਣਕਾਰੀ ਦੇ ਵਿਕੇਂਦਰੀਕਰਨ ਦੀ ਪ੍ਰਕਿਰਿਆ ਸੀ ਆਰ ਪੀ ਵਲੋਂ ਪਿੰਡ ਦੇ ਆਰ ਓ ਆਰ ਨੂੰ ਸਮੁਦਾਇ ਤਕ ਲਿਜਾਉਣ ਨਾਲ ਸ਼ੁਰੂ ਹੁੰਦੀ ਹੈ। ਇਹ ਅੱਗੇ ਸੀ ਆਰ ਪੀ ਵਲੋਂ ਬੇਜ਼ਮੀਨੇ ਪਰਿਵਾਰਾਂ ਦੀ ਆਖਰੀ ਸੂਚੀ ਤਿਆਰ ਕਰਕੇ ਪਿੰਡ ਦੀ ਮੀਟਿੰਗ ਵਿਚ ਸਾਰੇ ਸਮੁਦਾਇ ਨਾਲ ਸਾਂਝੀ ਕਰਨ ਤਕ ਪੁੱਜਦੀ ਹੈ। ਜਾਣਕਾਰੀ ਦੇ ਵਿਕੇਂਦਰੀਕਰਨ ਤਹਿਤ ਬਹੁਤ ਸਾਰੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਜਾਂਦੀਆਂ ਹਨ :

- ਬੇਜ਼ਮੀਨੇ ਘਰਾਂ ਦੀ ਪਛਾਣ ਪ੍ਰਕਿਰਿਆ ਦਾ ਹਿੱਸਾ ਹੋਣ ਕਰਕੇ ਸੀ ਆਰ ਪੀ ਪਿੰਡਾਂ ਬਾਰੇ ਸਿੱਖਿਅਤ ਕਰਦੇ ਹਨ। ਸਮੁਦਾਇਕ ਪੱਧਰ 'ਤੇ ਜ਼ਮੀਨ ਦੇ ਰਿਕਾਰਡ ਸੰਭਾਲਣ ਨਾਲ ਪਿੰਡ ਵਾਸੀਆਂ ਦੀ ਜਾਣਕਾਰੀ ਤਕ ਪਹੁੰਚ ਹੋ ਜਾਂਦੀ ਹੈ ਅਤੇ ਪਿੰਡ ਵਿਚ ਜ਼ਮੀਨ ਰਖਣ ਦੇ ਅੰਕੜੇ ਪਾਰਦਰਸ਼ੀ ਹੋ ਜਾਂਦੇ ਹਨ। ਪਹਿਲਾਂ ਪਿੰਡ ਦੇ ਆਰ ਓ ਆਰ ਸਿਰਫ਼ ਮਾਲ ਇੰਸਪੈਕਟਰ ਨਾਲ ਹੀ ਹੁੰਦੇ ਸਨ, ਖ਼ਾਸ ਕਰਕੇ ਅਨੁਸੂਚਿਤ ਖੇਤਰਾਂ ਵਿਚ ਪਿੰਡ ਦੇ ਸੀਮਤ ਵਿਅਕਤੀਆਂ ਨੂੰ ਹੀ ਪਿੰਡ ਆਰ ਓ ਆਰ ਅਤੇ ਇਸ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਹੁੰਦੀ ਸੀ ਪਰ ਸੀ ਆਰ ਪੀ ਵਲੋਂ ਸਮੁਦਾਇ ਅਤੇ ਮਾਲ ਇੰਸਪੈਕਟਰ ਨਾਲ ਮਿਲ ਕੇ ਕੰਮ ਕਰਨ ਸਦਕਾ ਪਿੰਡ ਦੇ ਲੋਕ ਆਸਾਨੀ ਨਾਲ ਮਾਲ ਰਿਕਾਰਡ ਵੇਖ ਸਕਦੇ ਹਨ, ਖ਼ਾਸ ਕਰਕੇ ਪਿੰਡ ਆਰ ਓ ਆਰ।

- ਉੱਤਰਾਧਿਕਾਰੀਆਂ ਵਲੋਂ ਆਪਣੇ ਹਿੱਸੇ ਦੀ ਜ਼ਮੀਨ ਬਾਰੇ ਜਾਣਨ ਲਈ ਸੀ ਆਰ ਪੀ ਪਰਿਵਾਰਕ ਮੈਂਬਰਾਂ ਅਤੇ ਮਾਲ ਇੰਸਪੈਕਟਰ ਦੀ ਹਾਜ਼ਰੀ ਵਿਚ ਸ਼ਜਰਾ ਤਿਆਰ ਕਰਦਾ ਹੈ (ਜਿਸ ਵਿਚ ਵਿਰਾਸਤੀ ਜ਼ਮੀਨ ਵਿਚ ਪਰਿਵਾਰ ਦਾ ਹਿੱਸਾ ਦਿਖਾਇਆ ਹੁੰਦਾ ਹੈ)। ਸਾਂਝਾ ਪਰਿਵਾਰ ਹੋਣ ਦੀ ਹਾਲਤ ਵਿਚ ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆ ਜਾਂਦਾ ਹੈ, ਇਸ ਕਰਕੇ ਉਹੀ ਜ਼ਮੀਨ ਲੈਣ ਦਾ ਹੱਕਦਾਰ ਹੁੰਦਾ ਹੈ। ਇਸੇ ਕਰਕੇ ਮਾਲ ਇੰਸਪੈਕਟਰ ਆਮ ਤੌਰ ਤੇ ਪਰਿਵਾਰ ਦੇ ਜ਼ਮੀਨ ਦੇ ਹਿੱਸੇ ਨੂੰ ਪੱਕਾ ਕਰਨ ਵਿਚ ਨਜ਼ਰ-ਅੰਦਾਜ਼ ਕਰ ਜਾਂਦੇ ਹਨ। ਪਰ ਸੀ ਆਰ ਪੀ ਵਲੋਂ ਮਾਲ ਇੰਸਪੈਕਟਰਾਂ ਨਾਲ ਕੰਮ ਕਰਨ ਨਾਲ, ਉਹ ਉੱਤਰਾਧਿਕਾਰੀ ਜਿਨ੍ਹਾਂ ਕੋਲ ਦੋ ਦਸ਼ਮਲਵ (2/100 ਏਕੜ) ਭੂਮੀ ਵੀ ਹੋਵੇ, ਉਨ੍ਹਾਂ ਨੂੰ ਵੀ ਬੇਘਰੇ ਜਾਂ ਬੇਜ਼ਮੀਨੇ ਮੰਨਿਆ ਜਾਂਦਾ ਹੈ। ਇਕ ਪਰਿਵਾਰ ਦੇ ਜ਼ਮੀਨ ਦੇ ਹਿੱਸੇ ਨੂੰ ਪੱਕੀ ਤਰ੍ਹਾਂ ਸਥਾਪਤ ਕਰਨ ਲਈ, ਬੰਸਾਵਲੀਨਾਮਾ ਤਿਆਰ ਕਰਨ ਲਈ ਪਾਰਦਰਸ਼ੀ ਵਿਧੀ ਅਪਣਾ ਕੇ, ਸੀ ਆਰ ਪੀ ਵਾਰਸਾਂ ਵਿਚਾਲੇ ਭਵਿੱਖ ਵਿਚ ਹੋਣ ਵਾਲੇ ਝਗੜਿਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੇ ਹਨ, ਖ਼ਾਸ ਕਰਕੇ ਉਹ ਝਗੜੇ ਜਿਹੜੇ ਜ਼ਮੀਨ ਦੇ ਹਿੱਸੇ ਪ੍ਰਤਿ ਅਗਿਆਨਤਾ ਕਾਰਨ ਹੁੰਦੇ ਹਨ।

- ਸੀ ਆਰ ਪੀ ਬੇਜ਼ਮੀਨੇ ਪਰਿਵਾਰਾਂ ਦੀ ਅੰਤਮ ਸੂਚੀ ਤਿਆਰ ਕਰਕੇ ਇਕ ਮੀਟਿੰਗ ਵਿਚ ਪਿੰਡ ਵਾਸੀਆਂ ਨਾਲ ਸਾਂਝੀ ਕਰਦੇ ਹਨ। ਇਸ ਮੀਟਿੰਗ ਵਿਚ ਨਾਮ ਬੋਲਣ ਦੀ ਖੁੱਲ੍ਹੀ ਪ੍ਰਕਿਰਿਆ ਨਾਲ ਪਿੰਡ ਵਾਸੀਆਂ ਨੂੰ ਇਹ ਜਾਣਕਾਰੀ ਮਿਲ ਜਾਂਦੀ ਹੈ ਕਿ ਪਿੰਡ ਵਿਚ ਕਿਹੜੇ ਪਰਿਵਾਰ ਬੇਘਰੇ, ਬੇਜ਼ਮੀਨੇ ਹਨ ਅਤੇ ਇਨ੍ਹਾਂ ਦੀ ਪਛਾਣ ਲਈ ਕਿਹੜਾ ਢੰਗ ਅਪਣਾਇਆ ਗਿਆ ਹੈ।

- ਮਾਲ ਅਧਿਕਾਰੀਆਂ ਵਲੋਂ ਕੀਤੀ ਪੜਤਾਲ ਦੌਰਾਨ ਬੇਜ਼ਮੀਨੇ ਪਰਿਵਾਰਾਂ ਨੂੰ ਮੌਕਾ ਮਿਲਦਾ ਹੈ ਕਿ ਜਿਹੜੀ ਜ਼ਮੀਨ ਉਨ੍ਹਾਂ ਨੂੰ ਦਿਤੀ ਜਾ ਰਹੀ ਹੈ ਉਸ ਦੀ ਪਛਾਣ ਅਤੇ ਨਿਸ਼ਾਨਦੇਹੀ ਦੀ ਪ੍ਰਕਿਰਿਆ ਵਿਚ ਹਿੱਸਾ ਲੈ ਸਕਣ। ਇਸ ਨਾਲ ਭਵਿੱਖ ਵਿਚ ਕਿਸੇ ਖੇਤਰ ਅਤੇ ਮਾਲਕੀ ਨੂੰ ਲੈ ਕੇ ਹੋਣ ਵਾਲੇ ਝਗੜੇ ਘਟ ਜਾਂਦੇ ਹਨ। ਬੇਜ਼ਮੀਨੇ ਪਰਿਵਾਰਾਂ ਨੂੰ ਭੋਇੰ ਦੇਣ ਦੀ ਪ੍ਰਕਿਰਿਆ ਪਹਿਲਾਂ ਸਿਰਫ਼ ਮਾਲ ਵਿਭਾਗ ਅਤੇ ਮਾਲ ਇੰਸਪੈਕਟਰ ਦੇ ਦਫ਼ਤਰ ਤਕ ਹੀ ਸੀਮਤ ਰਹਿੰਦੀ ਸੀ, ਇਸ ਵਿਚ ਭਾਈਚਾਰੇ ਦਾ ਕੋਈ ਯੋਗਦਾਨ ਨਹੀਂ ਸੀ ਹੁੰਦਾ। ਪਿੰਡ ਵਾਲਿਆਂ ਨੂੰ ਬਹੁਤ ਘੱਟ ਪਤਾ ਹੁੰਦਾ ਸੀ ਕਿ ਕੌਣ ਬੇਜ਼ਮੀਨਾ ਹੈ ਅਤੇ ਉਸ ਨੂੰ ਕਿਹੜੀ ਅਤੇ ਕਿੰਨੀ ਜ਼ਮੀਨ ਦਿਤੀ ਗਈ ਹੈ। ਹੋਰ ਅੱਗੇ, ਸੀ ਆਰ ਪੀ ਦੀ ਮਦਦ ਨਾਲ ਮਾਲ ਇੰਸਪੈਕਟਰ ਵਲੋਂ ਹਰੇਕ ਪਿੰਡ ਵਿਚ ਜਾ ਕੇ

ਪੜਤਾਲ ਕੀਤੀ ਗਈ। ਮਾਲ ਵਿਭਾਗ ਦੇ ਇੰਸਪੈਕਟਰ ਕੋਲ ਵੱਖ-ਵੱਖ ਜ਼ਿੰਮੇਵਾਰੀਆਂ ਹੋਣ ਕਰਕੇ ਪਹਿਲਾਂ ਅਜਿਹਾ ਸੰਭਵ ਨਹੀਂ ਸੀ। ਲੋਕਾਂ ਨੂੰ ਜ਼ਮੀਨ ਦੇ ਅਧਿਕਾਰ ਦੀ ਮਹੱਤਤਾ ਬਾਰੇ ਅਹਿਸਾਸ ਕਰਵਾਉਣਾ – ਬੇਜ਼ਮੀਨਿਆਂ ਦੀ ਪਛਾਣ ਕਰਨਾ ਇਕ ਅਜਿਹਾ ਵਿਸ਼ਾ ਹੈ ਜਿਸ ਨਾਲ ਜ਼ਮੀਨ ਸੰਬੰਧਿਤ ਸਾਰੀ ਜਾਣਕਾਰੀ ਸਾਹਮਣੇ ਆ ਜਾਂਦੀ ਹੈ। ਸੀ ਆਰ ਪੀ ਮਾਡਲ ਦੀ ਵਿਚਾਰਧਾਰਾ ਪਿੱਛੇ ਇਹੀ ਸੋਚ ਸੀ ਕਿ 'ਲੋਕਾਂ ਦਾ ਮਿੱਤਰ' ਚਿਹਰਾ ਤਿਆਰ ਕੀਤਾ ਜਾਵੇ ਜਿਹੜਾ ਜ਼ਮੀਨ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਸਰਕਾਰ ਅਤੇ ਸਮੁਦਾਇ ਦਰਮਿਆਨ ਇਕ ਸਮਾਜਿਕ ਸੰਵਾਦ ਦੀ ਸ਼ੁਰੂਆਤ ਕਰ ਸਕੇ। ਅਗਾਊਂ ਪ੍ਰਜੈਕਟ ਅਤੇ ਓ ਟੀ ਈ ਐਲ ਪੀ ਬਣਨ ਸਮੇਂ ਸੀ ਆਰ ਪੀ ਲੋਕਾਂ ਵਲੋਂ ਖ਼ਾਸਾ ਮਦਦਗਾਰ ਸਾਬਤ ਹੋਏ, ਖ਼ਾਸ ਕਰਕੇ ਬੇਜ਼ਮੀਨਿਆਂ ਨੂੰ ਇਹ ਅਹਿਸਾਸ ਕਰਵਾਉਣ ਵਿਚ ਕਿ ਘਰ ਬਣਾਉਣ ਲਈ ਜ਼ਮੀਨ ਹਾਸਲ ਕਰਨਾ ਉਨ੍ਹਾਂ ਦਾ ਅਧਿਕਾਰ ਹੈ। ਇਸ ਨਾਲ ਜਿਹੜੀ ਮੰਗ ਗੁਆਚ ਚੁੱਕੀ ਸੀ, ਉਸ ਦਾ ਦੁਬਾਰਾ ਜਨਮ ਹੋਇਆ।

ਸੀ ਆਰ ਪੀ ਵਲੋਂ ਮਾਲ ਇੰਸਪੈਕਟਰ ਨੂੰ ਪਰਿਵਾਰਾਂ ਨੂੰ ਲੱਭਣ (ਜ਼ਰੂਰੀ ਨਹੀਂ ਬੇਜ਼ਮੀਨੇ) ਵਿਚ ਮਦਦ ਕੀਤੀ ਜਿਨ੍ਹਾਂ ਨੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਸੀ। ਇਸ ਲਈ ਉਨ੍ਹਾਂ ਨੇ ਆਰ ਓ ਆਰ ਮੁਹੱਈਆ ਕਰਵਾਏ ਅਤੇ ਖੇਤਰ ਵਿਚ ਪੜਤਾਲ ਲਈ ਉਨ੍ਹਾਂ ਨੂੰ ਸ਼ਾਮਿਲ ਕੀਤਾ। ਅਜਿਹੇ ਨਾਜਾਇਜ਼ ਕਬਜ਼ਿਆਂ ਨੂੰ ਸਾਹਮਣੇ ਲਿਆ ਕੇ ਸੀ ਆਰ ਪੀ ਨੇ ਮਾਲ ਇੰਸਪੈਕਟਰ ਦੀ ਯੋਗ ਮਦਦ ਕੀਤੀ। ਇਸ ਨਾਲ ਸੀ ਆਰ ਪੀ ਨੂੰ ਲੋਕਾਂ ਦਾ ਵਿਸ਼ਵਾਸ ਅਤੇ ਭਰੋਸਾ ਜਿੱਤਣ ਵਿਚ ਮਦਦ ਮਿਲੀ ਜਿਹੜੇ ਕਿ ਪਿੰਡ ਵਾਲਿਆਂ ਦੀਆਂ ਸਮੱਸਿਆਵਾਂ, ਪਿੰਡ ਵਾਲਿਆਂ ਦੇ ਮਸ਼ਵਰੇ ਮੁਤਾਬਕ ਮਾਲ ਇੰਸਪੈਕਟਰਾਂ ਕੋਲੋਂ ਹੱਲ ਕਰਵਾ ਸਕਦੇ ਸਨ।

ਪਹਿਲਾਂ ਕਿਉਂਕਿ ਮਾਲ ਦੀ ਪ੍ਰਕਿਰਿਆ ਵਿਚ ਸਾਰਾ ਸਮੁਦਾਇ ਸ਼ਾਮਿਲ ਨਹੀਂ ਸੀ ਹੁੰਦਾ ਇਸ ਕਰਕੇ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਸਾਹਮਣੇ ਨਹੀਂ ਸਨ ਆਉਂਦੇ ਅਤੇ ਮਾਲ ਇੰਸਪੈਕਟਰ ਆਪਣੇ ਤੌਰ ਤੇ ਕਬਜ਼ੇ ਖਾਲੀ ਕਰਵਾਉਣ ਲਈ ਉਤਸ਼ਾਹਿਤ ਨਹੀਂ ਸਨ ਹੁੰਦੇ। ਪਿੰਡ ਵਾਸੀਆਂ ਦੀ ਮਦਦ ਨਾਲ, ਅਮੀਰ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਵਲੋਂ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ, ਇਕ ਪਿੰਡ ਦਾ ਮੁੱਦਾ ਬਣ ਗਏ। ਪਿੰਡਾਂ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸਰਕਾਰੀ ਜ਼ਮੀਨ ਦੀ ਮਾਲਕੀ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨਾ ਜ਼ਮੀਨ ਵੰਡਣ ਦੀ ਪ੍ਰਕਿਰਿਆ ਦਾ ਇਕ ਬਹੁਤ ਹੀ ਨਿਆਰਾ ਮਾਡਲ ਸੀ ਕਿਉਂਕਿ ਇਹ ਇਕ ਵਿਅਕਤੀ ਦੀ ਜਨਗਣਨਾ ਦੀ ਨਿੱਜੀ ਸਮਰੱਥਾ 'ਤੇ ਆਧਾਰਤ ਸੀ।

## ਜਨਤਕ-ਨਿੱਜੀ ਸਮੁਦਾਇ ਭਾਈਵਾਲੀ ਮਾਡਲ

ਪਿੰਡਾਂ ਦੇ ਪੜ੍ਹੇ-ਲਿਖੇ ਯੁਵਕਾਂ ਨੂੰ ਸਰਕਾਰੀ ਜ਼ਮੀਨ ਦੀ ਮਾਲਕੀ ਨੂੰ ਪੱਕਾ ਕਰਨ, ਜ਼ਮੀਨ ਵੰਡਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨਾ ਇਕ ਬਹੁਤ ਅਨੋਖਾ ਫ਼ੈਸਲਾ ਸੀ ਕਿਉਂਕਿ ਇਹ ਇਕ ਵਿਅਕਤੀ ਵਲੋਂ ਸਰਵੇ ਕਰਨ ਦੀ ਨਿੱਜੀ ਸਮਰਥਾ 'ਤੇ ਆਧਾਰਤ ਸੀ। ਪਹਿਲਾਂ-ਪਹਿਲ, ਸਿਵਲ ਸੋਸਾਇਟੀ ਅਤੇ ਨਿੱਜੀ ਵਿਅਕਤੀਆਂ ਦਾ ਮਾਲ ਵਿਭਾਗ ਦੀਆਂ ਸਰਗਰਮੀਆਂ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ ਹੁੰਦਾ। ਜ਼ਮੀਨ ਵੰਡਣ ਅਤੇ ਵਸੇਬਾ ਅਜਿਹੇ ਖੇਤਰ ਨਹੀਂ ਸਨ ਸਮਝੇ ਜਾਂਦੇ ਜਿਸ ਵਿਚ ਲੋਕਾਂ ਦੀ ਭਾਗੀਦਾਰੀ ਸੰਭਵ ਸੀ। ਦੇਸ਼ ਵਿਚ ਪਹਿਲੀ ਵਾਰ, ਇਕ ਅਜਿਹੇ ਖੇਤਰ ਲਈ ਆਮ ਲੋਕਾਂ ਅਤੇ ਸਰਕਾਰ ਦੀ ਸਾਂਝ ਬਣੀ ਜੋ ਪਹਿਲਾਂ ਸਿਰਫ਼ ਸਰਕਾਰ ਲਈ ਹੀ ਰਾਖਵਾਂ ਸੀ।

**ਜ਼ਮੀਨ ਦੇਣ ਦੇ ਮਾਮਲੇ ਵਿਚ ਮਾਲ ਵਿਭਾਗ ਤੋਂ ਬਾਹਰਲੇ ਵਿਅਕਤੀਆਂ ਨੂੰ ਸ਼ਾਮਿਲ ਕਰਕੇ ਸਰਕਾਰ ਨੇ ਖੁੱਲ੍ਹਦਿਲੀ ਦਾ ਪ੍ਰਗਟਾਵਾ ਕੀਤਾ ਜਿਸ ਨਾਲ ਸਰਕਾਰ ਨੇ ਇਕ ਸਮੁਦਾਇ ਵਲੋਂ ਸਰਕਾਰ ਲਈ ਬੇਹੱਦ ਅਹਿਮ ਮਦਦ ਕਰਨ ਦੀ ਸਮਰਥਾ ਨੂੰ ਪਛਾਣਿਆ। ਇਸ ਨਾਲ ਸਥਾਨਕ ਨੌਜਵਾਨਾਂ ਦੀ ਅਪਹੁੰਚ ਲੋਕਾਂ ਤਕ ਪੁੱਜਣ ਦੀ ਯੋਗਤਾ ਦਾ ਵੀ ਪਤਾ ਲੱਗਿਆ। ਫਿਰ, ਮਿਥੇ ਸਮੇਂ ਵਿਚ ਨਤੀਜੇ ਦੇ ਕੇ, ਸੀ ਆਰ ਪੀਜ਼ ਨੇ ਸਰਕਾਰ ਅਤੇ ਲੋਕਾਂ ਵਿਚਾਲੇ ਟੁੱਟੀ-ਕੜੀ ਮੁੜ ਜੋੜ ਦਿਤੀ।**

ਜ਼ਮੀਨ ਵੰਡਣ ਦੇ ਪ੍ਰੋਗਰਾਮ ਨੂੰ ਲਾਗੂ ਕਰਨਾ ਇਕ ਬਹੁਤ ਹੀ ਕਾਰਜਸ਼ੀਲ ਅਤੇ ਸਫਲ ਮਾਡਲ ਸੀ ਜਿਸ ਤਹਿਤ ਸਰਕਾਰ ਅਤੇ ਸਿਵਲ ਸੋਸਾਇਟੀ ਦੀ ਭਾਈਵਾਲੀ ਹੇਠ ਹਰੇਕ ਕਰਮੀ ਲਈ ਰੋਕ ਅਤੇ ਜ਼ਿੰਮੇਵਾਰੀਆਂ ਨਿਰਧਾਰਿਤ ਕੀਤੀਆਂ ਗਈਆਂ, ਉਹ ਵੀ ਜ਼ਮੀਨ ਵੰਡਣ ਵਰਗੇ ਜਟਿਲ ਕਾਰਜ ਲਈ। ਸੀ ਆਰ ਪੀ ਮਾਡਲ ਨਾ ਸਿਰਫ਼ ਬੇਜ਼ਮੀਨੇ ਪਰਿਵਾਰਾਂ ਦੀ ਪਛਾਣ ਵਿਚ ਲੋਕਾਂ ਦੀ ਸ਼ਮੂਲੀਅਤ ਸਗੋਂ ਇਹ ਵੀ ਨਿਸ਼ਚਿਤ ਕਰਦਾ ਹੈ ਕਿ ਉਹ ਇਸ ਵਿਚ ਖੁਦ ਭਾਗ ਲੈਣ ਅਤੇ ਜ਼ਮੀਨ ਦੀ ਮਾਲਕੀ ਸੰਬੰਧੀ ਜ਼ਰੂਰੀ ਜਾਣਕਾਰੀ ਮਾਲ ਅਧਿਕਾਰੀਆਂ ਨੂੰ ਦੇਣ।

## ਭੂਮੀ ਸ਼ਾਸਨ ਦੇ ਵਿਕੇਂਦਰੀਕਰਨ ਰਾਹੀਂ ਸ਼ਕਤੀਆਂ ਦੇਣਾ

ਆਪਣੀ ਵਿਕੇਂਦਰੀਕ੍ਰਿਤ ਕਾਰਜ ਪ੍ਰਣਾਲੀ ਸਕਦਾ ਸੀ ਆਰ ਪੀ ਪ੍ਰੋਗਰਾਮ ਨੂੰ ਪੀ ਆਰ ਆਈ ਅਹੁਦੇਦਾਰਾਂ, ਸਥਾਨਕ ਵਿਕਾਸ ਦੀਆਂ ਇਕਾਈਆਂ ਅਤੇ ਸਿਵਲ ਸੋਸਾਇਟੀ ਤੋਂ ਭਰਪੂਰ ਹੁੰਗਾਰਾ ਮਿਲਿਆ ਹੈ ਜਿਸ ਨਾਲ ਭੂਮੀ ਪ੍ਰਬੰਧਨ ਦੀਆਂ ਤਕਨੀਕਾਂ ਅਤੇ ਜਟਿਲਤਾਵਾਂ ਦਾ ਹੱਲ ਕਰਨ ਅਤੇ ਇਸ ਪ੍ਰਕਿਰਿਆ ਨੂੰ ਲੋਕ ਪੱਖੀ ਅਤੇ ਸਰਲ ਕਰਨ ਵਿਚ ਮਦਦ ਮਿਲੀ ਹੈ। ਸੀ ਆਰ ਪੀ ਐਸ ਦੀ ਮਦਦ ਸਦਕਾ ਮਾਲ ਅਧਿਕਾਰੀਆਂ ਨੂੰ ਜ਼ਮੀਨ ਵੰਡਣ ਨੂੰ ਪਹਿਲ ਦੇਣ ਵਿਚ ਕਾਫੀ ਮਦਦ ਮਿਲੀ ਹੈ ਜੋ ਉਹ ਪਹਿਲਾਂ ਅਮਲੇ ਦੀ ਘਾਟ ਕਰਕੇ ਕਰਨ ਤੋਂ ਅਸਮਰਥ ਸਨ। ਕਈ ਮਾਲ ਇੰਸਪੈਕਟਰਾਂ ਦਾ ਕਹਿਣਾ ਹੈ ਕਿਉਂਕਿ ਪਹਿਲਾਂ ਉਹ ਬੇਜ਼ਮੀਨੇ ਦੀ ਪਛਾਣ ਕਰਨ ਲਈ ਕੋਈ ਨਿਸ਼ਚਿਤ ਤਰੀਕਾ ਅਖ਼ਤਿਆਰ ਨਹੀਂ ਸਨ ਕਰਦੇ, ਇਸ ਕਰਕੇ ਗਿਣਤੀ ਵਿਚ ਗਲਤੀਆਂ ਰਹਿ ਜਾਂਦੀਆਂ ਸਨ। ਪਿਛਲੇ ਹਾਲਾਤ ਨੂੰ ਵੇਖਦਿਆਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਕੁਝ ਮਾਲ ਇੰਸਪੈਕਟਰਾਂ ਨੇ ਕਿਹਾ ਕਿਉਂਕਿ ਉਨ੍ਹਾਂ ਨੂੰ ਵਾਧੂ ਮਦਦ ਨਹੀਂ ਸੀ ਮਿਲਦੀ ਇਸ ਲਈ ਉਹ ਜ਼ਮੀਨ ਦੇਣ ਤੋਂ ਪਹਿਲਾਂ ਆਪ ਪੜਤਾਲ ਕਦੇ ਕਦਾਈਂ ਹੀ ਕਰਦੇ ਸਨ।

ਸਮੁਦਾਇਕ ਪੱਧਰ 'ਤੇ ਅੰਕੜੇ ਰੱਖਣ ਅਤੇ ਸਮੇਂ-ਸਮੇਂ ਇਸ ਨੂੰ ਸਾਂਝੇ ਕਰਨ ਨਾਲ ਜ਼ਮੀਨ ਵੰਡਣ ਦੇ ਮੁੱਦਿਆਂ ਵਿਚ ਭਾਈਚਾਰਕ ਸਹਿਯੋਗ ਵਧਿਆ ਹੈ। ਭੂਮੀ ਰਿਕਾਰਡ ਤਕ ਪਹੁੰਚ ਅਤੇ ਸੀ ਆਰ ਪੀਜ਼ ਦੀ ਹਾਜ਼ਰੀ ਕਰਕੇ ਮਾਲ ਵਿਭਾਗ ਦੇ ਦਫ਼ਤਰਾਂ ਨੇ ਕਾਫੀ ਹੱਦ ਤਕ ਲੋਕਾਂ ਨੂੰ ਸ਼ਕਤੀ ਅਤੇ ਉਤਸ਼ਾਹ ਦਿਤਾ ਹੈ ਜਿਸ ਨਾਲ

ਉਹ ਜ਼ਮੀਨ ਵੰਡਣ ਦੇ ਕੰਮ ਵਿਚ ਸ਼ਾਮਿਲ ਹੋ ਰਹੇ ਹਨ। ਸੀ ਆਰ ਪੀ ਦੀ ਸਮੁਦਾਇ ਅਤੇ ਮਾਲ ਇੰਸਪੈਕਟਰਾਂ ਨਾਲ ਨੇੜਤਾ ਕਰਕੇ, ਸੀ ਆਰ ਪੀ ਲੋਕਾਂ ਦੀ ਜ਼ਮੀਨੀ ਝਗੜਿਆਂ ਨੂੰ ਸੁਲਝਾਉਣ ਵਿਚ ਵੀ ਮਦਦ ਕਰਦੇ ਹਨ ਜਿਹੜਾ ਕਿ ਭਾਵੇਂ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ।

ਸੀ ਆਰ ਪੀ ਪ੍ਰੋਗਰਾਮ ਕਾਰਨ ਜ਼ਮੀਨ ਵੰਡ ਵਿਚ ਔਰਤਾਂ ਦੀ ਭਾਗੀਦਾਰੀ ਵੀ ਵਧੀ ਹੈ ਕਿਉਂਕਿ ਜ਼ਮੀਨ ਦੋਨਾਂ ਪਤੀ-ਪਤਨੀ ਦੇ ਨਾਮ ਚੜ੍ਹਦੀ ਹੈ। ਨਵੰਬਰ 2013 ਦੇ ਅੰਕੜਿਆਂ ਮੁਤਾਬਕ ਬੇਘਰੇ ਅਤੇ ਬੇਜ਼ਮੀਨੇ ਲੋਕਾਂ ਨੂੰ ਦਿਤੇ 94 ਪ੍ਰਤਿਸ਼ਤ ਪੱਟੇ ਸਾਂਝੇ ਖਾਤੇ ਵਿਚ ਦਰਜ ਕੀਤੇ ਗਏ ਅਤੇ 2.5 ਪ੍ਰਤਿਸ਼ਤ ਸਿੱਧਾ ਔਰਤਾਂ ਨੂੰ ਦਿਤੇ ਗਏ। ਕਾਫੀ ਸਾਰੀਆਂ ਔਰਤਾਂ ਜਿਨ੍ਹਾਂ ਨੂੰ ਪੱਟੇ ਮਿਲੇ, ਨੇ ਆਖਿਆ ਕਿ ਉਨ੍ਹਾਂ ਪਹਿਲਾਂ ਕਦੇ ਪੱਟਾ ਵੇਖਿਆ ਹੀ ਨਹੀਂ ਅਤੇ ਕਦੇ ਸਾਂਝੀ ਮਾਲਕੀ ਬਾਰੇ ਸੁਣਿਆ ਤਕ ਨਹੀਂ ਸੀ। ਜ਼ਮੀਨ ਮਿਲਣ ਤੋਂ ਉਪਰੰਤ ਔਰਤਾਂ ਨੇ ਸਰਕਾਰੀ ਯੋਜਨਾ ਦਾ ਲਾਭ ਉਠਾ ਕੇ ਜ਼ਮੀਨ ਤੋਂ ਵੱਧ ਤੋਂ ਵੱਧ ਲਾਭ ਲੈਣ ਵਿਚ ਰੁਚੀ ਦਿਖਾਈ। ਅਜਿਹੇ ਮੌਕੇ ਵੀ ਆਏ ਜਦੋਂ ਜ਼ਮੀਨ ਦੀਆਂ ਮਾਲਕ ਔਰਤਾਂ ਵਲੋਂ ਸਰਕਾਰੀ ਸਕੀਮਾਂ ਦੀ ਜਾਣਕਾਰੀ ਲੈਣ ਲਈ ਆਪਣੇ ਸਮੂਹ ਸਥਾਪਤ ਕੀਤੇ। ਔਰਤਾਂ ਦੀ ਮਾਲਕੀ ਵਾਲੇ ਘਰਾਂ ਵਿਚ ਪੱਟਾ ਘਰ ਦੀ ਰਿਹਾਇਸ਼ ਦੇ ਸਬੂਤ, ਬੱਚਿਆਂ ਦੀ ਸਿੱਖਿਆ ਆਦਿ ਦੇ ਮਾਮਲੇ ਵਿਚ ਮਹੱਤਵਪੂਰਨ ਸਾਬਤ ਹੋਇਆ ਕਿਉਂਕਿ ਬੱਚਿਆਂ ਨੂੰ ਸਕੂਲ ਦਾਖ਼ਲ ਕਰਵਾਉਣ ਸਮੇਂ ਅਜਿਹੇ ਦਸਤਾਵੇਜ਼ਾਂ ਦੀ ਜ਼ਰੂਰਤ ਹੁੰਦੀ ਹੈ।

***(ਲੇਖਕ ਸਟੇਟ ਡਾਇਰੈਕਟਰ, ਲੈਂਡੇਸਾ, ਓਡੀਸ਼ਾ ਹੈ।)***

***ਸਫ਼ਾ 10 ਦੀ ਬਾਕੀ***

ਬਹੁਤ ਵਰਤੋਂ ਕੀਤੀ ਜਾਂਦੀ ਹੈ) ਆਦਿ ਦਾ ਕੋਈ ਅਸਰ ਨਹੀ ਪੈਂਦਾ। ਇਨ੍ਹਾਂ ਖੇਤਰਾਂ ਵਿਚ ਲੋਕਤੰਤਰਿਕ ਪ੍ਰਣਾਲੀ ਅਤੇ ਗ੍ਰਾਮ ਸਭਾ ਨੂੰ ਮੁੱਖ ਭੂਮਿਕਾ ਦੇ ਬਾਵਜੂਦ ਨੌਜਵਾਨਾਂ ਨੂੰ ਆਪਣੇ ਆਪ ਨੂੰ ਕੁਦਰਤੀ ਸਰੋਤਾਂ ਦੇ ਆਧਾਰ ਤੋਂ ਵੱਧ ਤੋਂ ਵੱਧ ਅਲਗ ਥਲਗ ਕਰਦੇ ਜਾ ਰਹੇ ਹਨ, ਜਿਨ੍ਹਾਂ ਦਾ ਪ੍ਰਬੰਧ ਪਹਿਲੀ ਪੀੜ੍ਹੀ ਕਰਦੀ ਸੀ ਅਤੇ ਉਨ੍ਹਾਂ ਉਪਰ ਨਿਰਭਰ ਰਹਿੰਦੀ ਸੀ।

**ਖੁਰਾਕ ਬਿਲ ਦੇ ਜੰਗਲਾਂ ਵਿਚ ਮਿਲਣ ਵਾਲੀ ਖੁਰਾਕ ਦੇ ਵੱਖ-ਵੱਖ ਪਹਿਲੂਆਂ ਉਪਰ ਅਸਰ ਨੂੰ ਦੇਖਦੇ ਹੋਏ, ਆਦਿਵਾਸੀ ਗਿਆਨ ਅਤੇ ਸਭਿਆਚਾਰ ਉਪਰ ਲੰਬੀ ਮਿਆਦ ਦੇ ਅਸਰ ਬਾਰੇ ਜਾਣਕਾਰੀ ਹਾਸਲ ਕਰਨੀ ਸਮਝਦਾਰੀ ਹੋਵੇਗੀ। ਇਹ ਚੰਗਾ ਹੋਵੇਗਾ ਕਿ ਜੇ ਰਾਜ ਸਰਕਾਰਾਂ ਪਹਿਲਾਂ ਇਹ ਜਾਣਕਾਰੀ ਹਾਸਲ ਕਰ ਲੈਣ ਅਤੇ ਅੰਦਾਜ਼ਾ ਲਗਾ ਲੈਣ ਕਿ, (ੳ) ਸਥਾਨਕ ਲੋਕ ਵਾਤਾਵਰਨ ਤੋਂ ਕਿਸ ਕਿਸਮ ਦੀ ਖੁਰਾਕ ਹਾਸਲ ਕਰ ਸਕਦੇ ਹਨ (ਅ) ਕੀ ਉਹ ਖੁਰਾਕ ਪਹਿਲਾਂ ਵਾਂਗ ਮੌਜੂਦ ਹੈ ਜਾਂ ਉਸ ਦੀ ਉਪਲਬਧਤਾ ਘਟ ਰਹੀ ਹੈ (ੲ) ਕੀ ਪਹਿਲੇ ਸਮਿਆਂ ਵਿਚ ਹੋਰ ਕਿਸਮ ਦੀ ਖੁਰਾਕ ਵੀ ਉਪਲਬਧ ਸੀ ਜੋ ਹੁਣ ਨਹੀਂ ਹੈ (ਸ) ਕਿਸੇ ਖੇਤਰ ਵਿਚੋਂ ਵੱਖ-ਵੱਖ ਖੁਰਾਕ ਕਿਸਮਾਂ ਦੇ ਖਾਤਮੇ ਦੇ ਜਾਣੇ-ਪਛਾਣੇ ਕਾਰਨ ਅਤੇ (ਹ) ਕੀ ਇਨ੍ਹਾਂ ਇਲਾਕਿਆਂ ਵਿਚ ਖੁਰਾਕ ਦੀਆਂ ਉਨ੍ਹਾਂ ਕਿਸਮਾਂ ਦੀ ਮੁੜ-ਸੁਰਜੀਤੀ ਲਈ ਕੋਈ ਕਦਮ ਉਠਾਏ ਗਏ ਹਨ ਜਾਂ ਨਹੀਂ।**

ਇਨ੍ਹਾਂ ਦਾ ਇਕ ਮੁਢਲਾ ਮੁੱਲਾਂਕਣ, ਬਹੁਤਾ ਕਰਕੇ ਪੂਰਕ ਖੁਰਾਕਾਂ ਦਾ, ਸਾਨੂੰ ਪਹਿਲਾਂ ਤੋਂ ਉਪਲਬਧ ਖੁਰਾਕ ਸੁਰੱਖਿਆ ਬਾਰੇ ਜਾਣਕਾਰੀ ਹਾਸਲ ਕਰਨ ਵਿਚ ਮਦਦ ਕਰੇਗਾ ਜੋ ਉਸ ਪੇਂਡੂ ਅਤੇ ਜੰਗਲੀ ਇਲਾਕੇ ਵਿਚ ਲੋਕਾਂ ਨੂੰ ਹਾਸਲ ਹੈ। ਡੇ ਕੌਂਡੋਲ ਦੇ 'ਬੀਜੇ ਪੌਦਿਆਂ ਦਾ ਆਰੰਭ' ਵਿਚ ਦਰਜ 249 ਕਿਸਮਾਂ ਤੋਂ ਹੁਣ ਤਕ ਮਾਨਵੀ ਗਿਆਨ ਵਿਚ ਵਾਧੇ ਲਈ ਕੋਈ ਖ਼ਾਸ ਕੰਮ ਨਹੀਂ ਕੀਤਾ ਗਿਆ। ਹੁਣ ਸਮਾਂ ਹੈ ਕਿ ਜੰਗਲੀ ਕਿਸਮਾਂ ਉਪਰ ਕੁਝ ਖੋਜ ਕੀਤੀ ਜਾਵੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਉਨ੍ਹਾਂ ਦਾ ਲਾਭਕਾਰੀ ਘਰੇਲੂ ਉਪਯੋਗ ਕੀਤਾ ਜਾ ਸਕਦਾ ਹੈ।

ਮੇਰਾ ਇਹ ਮਕਸਦ ਹੈ ਕਿ ਖੁਰਾਕ ਬਿਲ ਲੋਕਾਂ ਨੂੰ ਸਿਰਫ਼ ਇਸ ਦੇ ਅਸਰਾਂ ਨੂੰ ਜਾਣੇ ਬਗੈਰ ਦਾਨ ਜਾਂ ਦਇਆ ਦੇ ਰੂਪ ਵਿਚ ਨਾ ਦੇ ਕੇ ਕੁੱਝ ਹੋਰ ਵਧੇਰੇ ਹੋਵੇ। ਕਈ ਅਸਰ ਅਸਿੱਧਿਆਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਸਮਾਜ ਉਪਰ ਅਸਰ ਕਰਦੇ ਹਨ। ਮੱਧ ਭਾਰਤ ਵਿਚ ਕਈ ਪਿੰਡਾਂ ਵਿਚ 2003 ਤੋਂ ਜਦੋਂ ਤੋਂ ਸਬਸਿਡੀ ਅਨਾਜ ਸਕੀਮ ਸ਼ੁਰੂ ਹੋਈ, ਪਿੰਡ ਦੇ ਪਸ਼ੂਆਂ ਦੀ ਦੇਖਭਾਲ ਲਈ ਚਰਵਾਹਿਆਂ ਦਾ ਮਿਲਣਾ ਮੁਸ਼ਕਿਲ ਹੋ ਗਿਆ ਹੈ, ਉਨ੍ਹਾਂ ਨੂੰ ਪਸ਼ੂਆਂ ਦੀ ਦੇਖਭਾਲ ਬਦਲੇ ਅਨਾਜ ਲੈਣਾ ਢੁਕਵਾਂ ਨਹੀਂ ਲਗਦਾ। ਪੇਂਡੂ ਸਮਾਜ ਵਿਚ ਇਸ ਇਕੋ-ਇਕ ਤਬਦੀਲੀ ਕਾਰਨ ਪਸ਼ੂਆਂ ਦੇ ਵੱਡੇ ਵੱਗ ਜੰਗਲੀ ਇਲਾਕਿਆਂ ਵਿਚ ਬੇਰੋਕ-ਟੋਕ ਚਰਦੇ ਮਿਲਦੇ ਹਨ। ਇਸ ਨਾਲ ਭੂਮੀ ਵਿਚ ਵਾਧਾ, ਖੁਰਾਕ ਅਤੇ ਉਪਜਾਇਕਤਾ ਦੀ ਕਮੀ ਹੁੰਦੀ ਹੈ ਅਤੇ ਕਾਫੀ ਪਸ਼ੂ ਭੂਤਰ ਜਾਂਦੇ ਹਨ ਅਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਖੇਤ ਮਜ਼ਦੂਰੀ ਮਹਿੰਗੀ ਹੋ ਜਾਣ ਕਾਰਨ ਅਤੇ ਖੇਤਾਂ ਲਈ ਵਾੜ ਦੇ ਸਾਮਾਨ ਦੀ ਉਪਲਬਧਤਾ ਦੀ ਕਮੀ ਕਾਰਨ, ਕਈ ਖੇਤ ਬਿਨਾਂ ਖੇਤੀ ਕੀਤੇ ਰਹਿ ਜਾਂਦੇ ਹਨ। ਸਭ ਤੋਂ ਭੈੜੀ ਗੱਲ ਹੈ ਕਿ ਲਗਭਗ ਮੁਫ਼ਤ ਅਨਾਜ ਮਿਲਣ ਦੀ ਹਾਲਤ ਵਿਚ, ਆਦਿਵਾਸੀ ਅਤੇ ਪੇਂਡੂ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਸੋਚਣ ਦੀ ਕੋਈ ਪ੍ਰੇਰਨਾ ਨਹੀਂ ਰਹੀ।

ਖੁਰਾਕ ਬਿਲ ਨੂੰ ਅਸਲ ਅਰਥਾਂ ਵਿਚ ਕੰਮ ਕਰਨ ਲਈ, ਸ਼ਡਿਊਲ 3(1)(ਡੀ) ਮੁੱਦੇ ਉਪਰ ਵਧੇਰੇ ਗਹਿਰਾਈ ਵਿਚ ਇਹ ਯਕੀਨੀ ਬਣਾਉਣ ਲਈ ਕਿ ਉਪਜਾਊ ਅਨਾਜਾਂ ਦੇ ਨਾਲ-ਨਾਲ ਭੂਮੀ ਅਤੇ ਪਾਣੀ ਬਦਲ ਹੋਣ ਦੀ ਸੂਰਤ ਵਿਚ ਪੂਰਕ ਖੁਰਾਕਾਂ ਵੀ ਉਪਲਬਧ ਹਨ, ਵਿਚਾਰ ਕਰਨ ਦੀ ਲੋੜ ਹੋਵੇਗੀ। ਇਹ ਮੰਨਣਾ ਪਵੇਗਾ ਕਿ ਖੁਰਾਕ ਹਾਸਲ ਕਰਨਾ, ਘੱਟੋ-ਘੱਟ ਕਈ ਸਮਾਜਾਂ ਵਿਚ ਰਵਾਇਤੀ ਮੁਹਾਰਤ, ਵਾਤਾਵਰਨ ਅਤੇ ਸਭਿਆਚਾਰ ਨੂੰ ਜਿੰਦਾ ਰੱਖਦਾ ਹੈ ਅਤੇ ਅਜਿਹੇ ਸਮਾਜ ਸਥਾਨਕ ਵਾਤਾਵਰਨ ਦੀ ਨਿਗਰਾਨੀ ਵਿਚ ਉਪਯੋਗੀ ਸੇਵਾ ਦਿੰਦੇ ਹਨ।

ਅੰਤ ਵਿਚ, ਮੈਂ ਇਹ ਕਹਾਂਗਾ ਕਿ ਜੰਗਲ ਦਾ ਚੰਗਾ ਪ੍ਰਬੰਧਨ ਜੰਗਲ ਦੀ ਲਗਾਤਾਰ ਵਰਤੋਂ ਨਾਲ ਹੀ ਹੁੰਦਾ ਹੈ ਅਤੇ ਖੁਰਾਕ ਇਕੱਠੀ ਕਰਨ ਨਾਲ ਅਤੇ ਇਸ ਤੋਂ ਦੂਰ ਕਰਨ ਨਾਲ ਨਹੀਂ ਜੋ ਸਬਸਿਡੀ ਦੇ ਕੇ ਖੁਰਾਕ ਦੇਣ ਨਾਲ ਜੋ ਇਕ ਸਨਮਾਨਤ ਜੀਵਨ ਬਤੀਤ ਕਰਨ ਲਈ ਕਾਫ਼ੀ ਮੰਨੀ ਜਾਂਦੀ ਹੈ, ਨਾਲ ਨਹੀਂ ਹੋ ਸਕਦਾ।

***(ਲੇਖਕ ਇਸ ਵੇਲੇ ਭਾਰਤ ਵਿਚ ਐਨ ਟੀ ਐਫ ਪੀ -ਐਕਸਚੇਂਜ ਪ੍ਰੋਗਰਾਮ ਦਾ ਕੋਆਰਡੀਨੇਟਰ ਹੈ।)***

***e-mail :madelly@gmail.com***

# ਦੱਖਣੀ ਭਾਰਤ ਵਿਚ ਆਦਿਵਾਸੀਆਂ ਦਾ ਹਾਸ਼ੀਏ 'ਤੇ ਚਲੇ ਜਾਣ ਬਾਰੇ ਜਾਇਜ਼ਾ

ਰਿਤਾਂਭਰਾ ਹੈਂਬਰ

## ਭੂਮਿਕਾ

ਭਾਰਤ ਵਿਚ ਕਬੀਲਿਆਂ ਉੱਪਰ ਅਧਿਐਨ ਬਹੁਤਾ ਕਰਕੇ ਕੇਂਦਰੀ ਭਾਰਤ 'ਚ ਤੇ ਇਸ ਵਿਚ ਵੀ ਮੁੱਖ ਤੌਰ ਤੇ ਛੋਟਾ ਨਾਗਪੁਰ ਖਿੱਤੇ ਅਤੇ ਛੱਤੀਸਗੜ੍ਹ ਉੱਪਰ ਕੇਂਦਰਤ ਰਿਹਾ ਹੈ ਅਤੇ ਦੱਖਣੀ ਭਾਰਤ ਵਰਗੇ ਹਲਕਿਆਂ ਨੂੰ ਅਣਗੌਲਿਆ ਕੀਤਾ ਗਿਆ ਹੈ। ਦੱਖਣੀ ਭਾਰਤ ਸ਼ਾਸਨ ਅਤੇ ਜਨਤਕ ਪ੍ਰਸੰਗ ਵਿਚ ਬਿਹਤਰ ਕਾਰਗੁਜ਼ਾਰੀ ਸਦਕਾ ਉੱਤਰੀ ਭਾਰਤ ਦੇ ਬਹੁਤੇ ਹਿੱਸਿਆਂ ਨਾਲੋਂ ਵਧੇਰੇ ਵਿਕਸਤ ਮੰਨਿਆ ਜਾਂਦਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਇਸ ਅਮਲ ਵਿਚ ਕਬੀਲੇ ਅਤੇ ਕਬਾਇਲੀ ਮੁੱਦੇ ਹਾਸ਼ੀਏ 'ਤੇ ਚਲੇ ਗਏ ਅਤੇ ਖਿੱਤੇ ਦੇ ਸਮਾਜਿਕ ਨਿਆਂ ਬਾਰੇ ਸਰੋਕਾਰਾਂ ਵਿਚ ਕਿਤੇ ਵੀ ਤਰਜੀਹ 'ਤੇ ਨਹੀਂ ਰਹੇ।

**ਇਸ ਲੇਖ ਰਾਹੀਂ ਇਸੇ ਸਮੱਸਿਆ ਦਾ ਮੂਲ ਲੱਭਣ ਦਾ ਜਤਨ ਕੀਤਾ ਗਿਆ ਹੈ। ਪਹਿਲੇ ਭਾਗ ਵਿਚ ਮੈਂ ਦੱਖਣੀ ਭਾਰਤ ਵਿਚ ਆਦਿਵਾਸੀਆਂ ਦੇ ਵਰਗੀਕਰਨ ਵਿਚ ਕੁਝ ਅਸੰਗਤੀਆਂ ਬਾਰੇ ਦੱਸਿਆ ਹੈ ਜੋ ਕਿ ਵੱਖ-ਵੱਖ ਰਾਜਾਂ ਵਿਚ ਆਦਿਵਾਸੀਆਂ ਦੀ ਆਰਥਿਕ ਅਤੇ ਸਭਿਆਚਾਰਕ ਅੰਤਰ-ਸੰਬੰਧਿਤਤਾ ਨੂੰ ਘੱਟ ਦਿਖਾਉਂਦੀਆਂ ਅਤੇ ਵਧੇਰੇ ਝੁਕਾਉਂਦੀਆਂ ਹਨ। ਦੂਜੇ ਭਾਗ ਵਿਚ ਪੱਛਮੀ ਘਾਟ ਵਿਖੇ ਤਾਜ਼ਾ ਘਟਨਾਵਾਂ ਤੇ ਉਸ ਤੋਂ ਉਪਜੀ ਸਿਆਸਤ ਕਾਰਨ ਆਦਿਵਾਸੀ ਉਪਜੀਵਕਾ ਦੇ ਹਾਸ਼ੀਏ 'ਤੇ ਪੈ ਜਾਣ ਬਾਰੇ ਦੱਸਿਆ ਗਿਆ ਹੈ।**

ਅੰਤ ਵਿਚ, ਮੈਂ ਦਲੀਲ ਪੇਸ਼ ਕੀਤੀ ਹੈ ਕਿ ਪੱਛਮੀ ਘਾਟ ਦੀਆਂ ਜੈਵ ਵੰਨ-ਸੁਵੰਨਤਾ ਦੀ ਸਾਂਭ-ਸੰਭਾਲ ਦੀਆਂ ਸਰਗਰਮੀਆਂ ਕਬਾਇਲੀ ਵਸੋਂ ਅਤੇ ਰਵਾਇਤੀ ਗਿਆਨ ਸਿਲਸਿਲੇ ਦੀ ਕੀਮਤ 'ਤੇ ਨਹੀਂ ਹੋ ਸਕਦੀਆਂ ਜਿਸ ਨੇ ਕਿ ਹੁਣ ਤਕ ਇਸ ਹਲਕੇ ਦੀ ਜੈਵ-ਵੰਨ-ਸੁਵੰਨਤਾ ਬਣਾਈ ਰੱਖਣ ਵਿਚ ਯੋਗਦਾਨ ਪਾਇਆ ਹੈ।

## ਅੰਕੜਿਆਂ ਤੋਂ ਪਰ੍ਹਾਂ

## ਵਰਗੀਕਰਨ ਦੀ ਸਿਆਸਤ

ਦੱਖਣੀ ਭਾਰਤ ਵਿਚ ਕਬਾਇਲੀ ਸਿਆਸਤ ਦੀ ਅਣਹੋਂਦ ਦੇ ਕਈ ਕਾਰਨ ਗਿਣਾਏ ਜਾਂਦੇ ਹਨ ਜਿਨ੍ਹਾਂ ਵਿਚੋਂ ਇਕ ਦੱਖਣੀ ਭਾਰਤ ਵਿਚਲੀ ਕਬਾਇਲੀ ਵਸੋਂ ਦਾ ਦੇਸ਼ ਦੀ ਕੁੱਲ ਕਬਾਇਲੀ ਵਸੋਂ ਦਾ ਬਹੁਤ ਹੀ ਘੱਟ ਹਿੱਸਾ ਹੋਣਾ ਹੈ। ਭਾਰਤ ਦੀ ਕੁੱਲ ਕਬਾਇਲੀ ਵਸੋਂ ਦਾ 85 ਪ੍ਰਤਿਸ਼ਤ ਹਿੱਸਾ ਕੇਂਦਰੀ ਭਾਰਤ ਵਿਚ ਸਥਿਤ ਹੈ ਜਦ ਕਿ 11 ਪ੍ਰਤਿਸ਼ਤ ਉੱਤਰ ਪੂਰਬੀ ਅਤੇ ਬਾਕੀ ਦਾ ਚਾਰ ਪ੍ਰਤਿਸ਼ਤ ਉੱਤਰੀ ਅਤੇ ਦੱਖਣੀ ਭਾਰਤ ਵਿਚ ਕੇਂਦਰਤ ਹੈ। ਪਰ 2011 ਦੀ ਮਰਦਮਸ਼ੁਮਾਰੀ ਮੁਤਾਬਕ ਆਂਧਰ ਪ੍ਰਦੇਸ਼ ਅਤੇ ਕਰਨਾਟਕ ਵਿਚ ਪੱਟੀਦਰਜ ਕਬੀਲੇ ਰਾਜ ਦੀ ਕੁੱਲ ਵਸੋਂ ਦਾ 7 ਪ੍ਰਤਿਸ਼ਤ ਹਨ ਜਿਸ ਨੂੰ ਕਿ ਕਿਸੇ ਤਰ੍ਹਾਂ ਵੀ ਅਣਗੌਲਿਆ ਕਰ ਕੇ ਨਹੀਂ ਵੇਖਿਆ ਜਾ ਸਕਦਾ। ਤਮਿਲਨਾਡੂ ਅਤੇ ਕੇਰਲ ਵਿਚ ਇਹ ਹਿੱਸਾ ਲੜੀ ਵਾਰ 1.1 ਪ੍ਰਤਿਸ਼ਤ ਅਤੇ 1.5 ਪ੍ਰਤਿਸ਼ਤ ਬਣਦੀ ਹੈ। ਦਿਲਚਸਪੀ ਵਾਲੀ ਗੱਲ ਹੈ ਕਿ ਉਥੇ ਪੱਟੀਦਰਜ ਕਬੀਲਿਆਂ ਦੀ ਕੁੱਲ ਵਸੋਂ ਨੂੰ ਵੇਖਦਿਆਂ ਇਨ੍ਹਾਂ ਚਾਰ ਰਾਜਾਂ ਵਿਚ ਪੱਟੀਦਰਜ ਕਬਾਇਲੀ ਧੜਿਆਂ ਦੀ ਗਿਣਤੀ ਕਾਫ਼ੀ ਵੱਧ ਹੈ। ਕਰਨਾਟਕ ਵਿਚ 49, ਆਂਧਰ ਪ੍ਰਦੇਸ਼ ਵਿਚ 33 ਅਤੇ ਤਮਿਲਨਾਡੂ ਅਤੇ ਕੇਰਲ ਵਿਚ ਅਜਿਹੇ 36 ਅਤੇ 35 ਸਮੂਹ ਹਨ। ਪੂਰੇ ਦੇਸ਼ ਵਿਚ ਕਿਸੇ ਰਾਜ ਦੇ ਪੱਟੀਦਰਜ ਕਬਾਇਲੀ ਸਮੂਹਾਂ ਨੂੰ ਵੇਖਦਿਆਂ ਓਡੀਸ਼ਾ ਦੇ 64 ਅਜਿਹੇ ਸਮੂਹਾਂ ਨਾਲ ਸਭ ਤੋਂ ਅੱਗੇ ਰਹਿਣ ਤੋਂ ਬਾਅਦ ਅਗਲਾ ਨੰਬਰ ਕਰਨਾਟਕ ਦਾ ਹੈ। ਕਰਨਾਟਕ ਵਿਚ ਮੁੱਖ ਤੌਰ ਤੇ ਨਾਇਕਡਾ, ਮਾਰਾਟੀ, ਜੇਨੂ-ਕੁਰੂਬਾ, ਕੂਰਗੀ ਅਤੇ ਗੌਂਡ, ਜਦ ਕਿ ਤਮਿਲਨਾਡੂ ਵਿਚ ਮਲਿਆਲੀ, ਇਰੂਲਾ, ਕੱਟੂਨਾਇਕਨ, ਕੁਰੂਮਾਨਸ ਅਤੇ ਕੋਂਡਾਰੈਂਡੀ ਕਬਾਇਲੀ ਸਮੂਹ ਹਨ। ਇੰਝ ਹੀ ਕੇਰਲ ਵਿਚ ਪਾਨਿਯਾਨ ਅਤੇ ਕੁਰੀਚੱਲ ਜਦ ਕਿ ਆਂਧਰ ਪ੍ਰਦੇਸ਼ ਵਿਚ ਸੁਗਾਲੀ, ਕੋਯਾ, ਯੇਨਾਡੀ, ਯੇਰੁਕੁਲਾਸ ਅਤੇ ਗੌਂਡ ਕਬਾਇਲੀ ਸਮੂਹ ਹਨ। ਕੇਰਲ ਵਿਚ 11 ਅਜਿਹੇ ਕਬਾਇਲੀ ਸਮੂਹ ਹਨ ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਪੰਜ ਸੌ ਤੋਂ ਘੱਟ ਹੈ, ਜਿਨ੍ਹਾਂ ਵਿਚੋਂ ਕੋਟਾ, ਕੱਮਾਰਾ, ਕੋਚੂ, ਵੇਲਾਨ ਅਤੇ ਕੌਂਡਾ ਕਾਪੂ ਦੇ ਬਾਸ਼ਿੰਦਿਆਂ ਦੀ ਗਿਣਤੀ 50 ਤੋਂ ਵੀ ਘੱਟ ਹੈ। ਇੰਝ ਪੂਰੇ ਭਾਰਤ ਵਿਚ ਕਬਾਇਲੀ ਵਸੋਂ ਨੂੰ ਵੇਖਦਿਆਂ ਦੱਖਣੀ ਭਾਰਤ ਵਿਚ ਕਬਾਇਲੀਆਂ ਦੀ ਘੱਟ ਪ੍ਰਤਿਸ਼ਤ ਵਸੋਂ ਹੋਣ ਦੇ ਬਾਵਜੂਦ ਇਥੇ ਡੇਢ ਸੌ ਤੋਂ ਵੱਧ ਕਬੀਲੇ ਹੋਂਦ ਵਿਚ ਹਨ।

ਇਹ ਅਨੁਮਾਨ ਭਰਮ ਵਿਚ ਪਾਉਣ ਵਾਲੇ ਹਨ ਕਿਉਂਕਿ ਇਨ੍ਹਾਂ ਵਿਚੋਂ ਕਈ ਕਬੀਲੇ ਇਕ ਤੋਂ ਵੱਧ ਰਾਜਾਂ ਵਿਚ ਵਸਦੇ ਹਨ। ਕੱਟੂਨਾਇਕੱਨ ਅਤੇ ਕੌਂਡਾ ਕਾਪੂਸ ਜਿਹੇ ਕਬੀਲੇ ਦੱਖਣੀ ਭਾਰਤ ਦੇ ਚਾਰ ਰਾਜਾਂ ਵਿਚ ਮੌਜੂਦ ਹਨ। ਅਰੰਦਾਨ, ਇਰਾਵੱਲਾਨ, ਕਾਦਾਰ, ਕਨਿੱਕਰਨ, ਕੋਚੂ ਵੇਲਾਨ, ਕੁਰਿਚੱਨ, ਕੁਰੁੰਬਾਸ, ਮੱਲਾਇ ਪੰਡਾਰਮ, ਮੱਲਾਇਵੇਦਾਨ, ਮੱਲਾ ਕੁਰੂਵਾਨ, ਮਨਾਨ, ਮੁੱਥੁਵਾਨ,

ਪੱਲੇਯਾਨ, ਪੱਲਿਯਾਰ ਅਤੇ ਉਰਾਲੂ ਕਬੀਲੇ ਕੇਰਲ ਅਤੇ ਤਮਿਲਨਾਡੂ ਦੋਹਾਂ ਰਾਜਾਂ ਵਿਚ ਵਸਦੇ ਹਨ।

ਮਾਰਾਟੀ ਨੂੰ ਕਰਨਾਟਕ ਅਤੇ ਕੇਰਲ ਦੋਹਾਂ ਰਾਜਾਂ ਵਿਚ ਪੱਟੀਦਰਜ ਕਬੀਲੇ ਦਾ ਦਰਜਾ ਹਾਸਲ ਹੈ। ਸ਼ੋਲਾਗਾ ਜਿਹੇ ਕਬੀਲੇ ਕਰਨਾਟਕ ਅਤੇ ਤਮਿਲਨਾਡੂ ਦੋਹਾਂ ਰਾਜਾਂ ਵਿਚ ਵਸਦੇ ਹਨ ਜਦ ਕਿ ਕੋਯਾਸ ਕਬੀਲੇ ਦੀ ਵਸੋਂ ਆਂਧਰਾ ਅਤੇ ਕਰਨਾਟਕ ਦੋਹਾਂ ਰਾਜਾਂ ਵਿਚ ਵਸਦੀ ਹੈ। ਆਦਿਆਨ, ਇਰੂਲਰ, ਕਾਮਾਰਾ, ਕੋਰਾਗਾ, ਕੋਟਾ, ਕੁਡਿਆ, ਕੁਰੂਮਾਨ, ਮਹਾ ਮਾਲੇਸਰ, ਮਾਲੇਸਰ, ਪਾਲਿਯਾਨ, ਪਾਨਿਯਾਨ ਕਬੀਲੇ ਕਰਨਾਟਕ ਕੇਰਲ ਅਤੇ ਤਮਿਲਨਾਡੂ ਤਿੰਨਾਂ ਰਾਜਾਂ ਵਿਚ ਮੌਜੂਦ ਹਨ। ਕਰਨਾਟਕ ਦਾ ਯੇਰਾਵਾ ਅਤੇ ਕੇਰਲ ਦਾ ਅਕਿਯਾਨ ਇਕੋ ਹੀ ਕਬਾਇਲੀ ਸਮੂਹ ਹੈ। ਕਰਨਾਟਕ ਇਨ੍ਹਾਂ ਦੋਹਾਂ ਨਾਵਾਂ ਨੂੰ ਦੋ ਸਮੁਦਾਇਆਂ ਵਜੋਂ ਮੰਨਦਾ ਹੈ ਜਦ ਕਿ ਕੇਰਲ ਸਿਰਫ਼ ਆਦਿਯਾਨ ਨੂੰ ਹੀ ਮਾਨਤਾ ਦਿੰਦਾ ਹੈ। ਵੱਖ-ਵੱਖ ਰਾਜਾਂ ਵਿਚ ਵੰਡੇ ਹੋਣ ਕਾਰਨ ਇਹੀ ਕਬਾਇਲੀ ਸਮੂਹ ਉਸ ਇਲਾਕੇ ਵਿਚ ਵੱਡੀ ਗਿਣਤੀ ਵਿਚ ਹੋਣ ਦੇ ਬਾਵਜੂਦ ਘੱਟ ਗਿਣਤੀ ਵਿਚ ਆ ਜਾਂਦੇ ਹਨ। ਜਿਵੇਂ ਕਾਫ਼ੀ ਕਬਾਇਲੀ ਵਸੋਂ ਵਾਲੇ ਕੇਰਲ ਦੇ ਵਯਾਨਾਦ, ਕਰਨਾਟਕ ਦੇ ਕੋਡਾਗੂ ਅਤੇ ਤਮਿਲਨਾਡੂ ਦੇ ਨੀਲਗਿਰੀ ਦੇ ਨਾਲ ਲਗਦੇ ਜ਼ਿਲ੍ਹਿਆਂ ਵਿਚ ਬਿਜਾਈ ਦਾ ਕੰਮ ਕਰਦੇ ਹਨ। ਸਭਿਆਚਾਰਕ ਸਾਂਝ ਰੱਖਦੇ ਇਹ ਕਿਰਤੀ ਦੂਜੇ ਜ਼ਿਲ੍ਹਿਆਂ ਵੱਲ ਕੰਮ ਦੇ ਸਿਲਸਿਲੇ ਵਿਚ ਜਾਂਦੇ ਹਨ। ਬੇਜ਼ਮੀਨੇ ਅਤੇ ਕਰਜ਼ਾਈ ਹੋਣ ਦੀ ਦਰ ਬਹੁਤ ਜ਼ਿਆਦਾ ਹੈ ਕਿਉਂਕਿ ਬਾਹਰਲੇ ਤੱਤਾਂ ਦਾ ਸ਼ਿਕਾਰ ਹੋ ਗਏ ਹਨ। ਦੱਖਣੀ ਭਾਰਤ ਵਿਚ ਰਾਜਾਂ ਦੀ ਮੁੜ ਵੰਡ ਨੇ ਕਬਾਇਲੀ ਸਮਾਜਿਕ ਅਤੇ ਸਭਿਆਚਾਰਕ ਸਿਲਸਿਲੇ ਨੂੰ ਕਮਜ਼ੋਰ ਕੀਤਾ ਹੈ ਅਤੇ ਹਲਕੇ ਵਿਚ ਕਬਾਇਲੀ ਸ਼ਨਾਖਤ ਅਤੇ ਸਿਆਸਤ ਦੀ ਅਖੰਡਤਾ ਦੇ ਰਾਹ ਵਿਚ ਅੜਿੱਕਾ ਪਾਇਆ ਹੈ।

ਇਸ ਨਾਲ ਜੁੜਿਆ ਇਕ ਹੋਰ ਮੁੱਦਾ ਕਬਾਇਲੀ ਵਰਗੀਕਰਨ ਦੀ ਸਿਆਸਤ ਦਾ ਹੈ। ਮਿਸਾਲ ਦੇ ਤੌਰ ਤੇ ਲੈਂਬਾਡਾਸ ਨਾਂ ਦਾ ਘੁਮੰਤੂ ਕਬੀਲਾ ਜੋ ਕਿ ਨਾ ਸਿਰਫ਼ ਦੱਖਣੀ ਭਾਰਤ ਸਗੋਂ ਰਾਜਸਥਾਨ ਵਿਚ ਵੀ ਵਸਦਾ ਹੈ, ਨੂੰ ਕਰਨਾਟਕ ਵਿਚ ਪੱਟੀਦਰਜ ਜਾਤੀ ਜਦ ਕਿ ਆਂਧਰ ਪ੍ਰਦੇਸ਼ ਵਿਚ ਪੱਟੀਦਰਜ ਕਬੀਲੇ ਦਾ ਦਰਜਾ ਹਾਸਲਿ ਹੈ। ਆਂਧਰ ਪ੍ਰਦੇਸ਼ ਵਿਚ ਇਸ ਸਮੂਹ ਨੂੰ ਦੂਜੇ ਕਬਾਇਲੀ ਸਮੂਹਾਂ ਦੇ ਮੁਕਾਬਲੇ ਵਧੇਰੇ ਸਿਆਸੀ ਮਹੱਤਤਾ ਹੈ। ਇੰਝ ਹੀ ਕਰਨਾਟਕ ਵਿਚ ਸਿੱਡੀਸ ਅਤੇ ਹੱਲਾਕੀ ਜਿਹੇ ਸਮੁਦਾਇਆਂ ਨੂੰ ਸਥਾਨਕ ਅਤੇ ਮਾਨਵ-ਵਿਗਿਆਨਕ ਤੌਰ ਤੇ ਕਬੀਲੇ ਮੰਨੇ ਜਾਣ ਦੇ ਬਾਵਜੂਦ ਨੂੰ 2003 ਵਿਚ ਰਸਮੀ ਤੌਰ ਤੇ ਪੱਟੀਦਰਜ ਕਬੀਲੇ ਦਾ ਰੁਤਬਾ ਮਿਲ ਸਕਿਆ। ਦੂਜੀ ਮਿਸਾਲ, ਸ਼ੋਲਾਗਾ ਅਤੇ ਸੋਲਿਗਾ ਸਮੂਹਾਂ ਦੀ ਹੈ ਜੋ ਕਿ ਇਕੋ ਸਮੁਦਾਇ ਦੇ ਦੋ ਨਾਂ ਹੋਣ ਕਾਰਨ, ਕਰਨਾਟਕ ਵਿਚ 2 ਵੱਖ-ਵੱਖ ਸਮੂਹਾਂ ਵਜੋਂ ਦਰਜ ਹੈ। ਦੂਜੇ ਪਾਸੇ, ਗਿਣਤੀ ਵਿਚ ਵੱਧ ਅਤੇ ਇਸੇ ਲਈ ਰਾਜ ਵਿਚ ਦੂਜੇ ਛੋਟੇ ਕਬਾਇਲੀ ਧੜਿਆਂ ਤੋਂ ਵਧੇਰੇ ਪ੍ਰਭਾਵ ਵਾਲਾ ਹੋਣ ਦੇ ਬਾਵਜੂਦ ਨਾਇਕਦਾਸ ਦਾ ਵਜੂਦ ਮਹਿਸੂਸ ਨਹੀਂ ਹੁੰਦਾ। ਇਹ ਸਮੁੱਚੇ ਰੂਪ ਵਿਚ ਖੁਦ ਨੂੰ ਵਾਲਮਿਕੀ ਸਮੁਦਾਇ ਮੰਨਦੇ ਹਨ ਪਰ ਪੂਰੇ ਕਰਨਾਟਕ ਵਿਚ ਬੇਡਾ, ਬੇਡਾਰ, ਨਾਯਕਾ ਅਤੇ ਵਾਲਮਿਕੀ ਦੇ ਵੱਖ-ਵੱਖ ਨਾਵਾਂ ਨਾਲ ਵਸਦੇ ਹਨ। ਨਾਯਕਾ ਦਾ ਖਿਤਾਬ ਵੱਖ-ਵੱਖ ਜਾਤਾਂ ਅਤੇ ਦਲਿਤਾਂ ਵਲੋਂ ਵੀ ਵਰਤਿਆ ਜਾਂਦਾ ਹੈ। ਕਈ ਸਾਲਾਂ ਤੋਂ ਬਾਅਦ ਇਹ ਕਰਨਾਟਕ ਦੇ ਕਬਾਇਲੀ ਸਮਾਜ ਵਿਚ ਬਹੁਤ ਅਹਿਮ ਧੜਾ ਬਣ ਕੇ ਉੱਭਰੇ ਹਨ। ਉਨ੍ਹਾਂ ਦੇ ਪਟੀਦਰਜ ਕਬੀਲੇ ਦੇ ਰੁਤਬੇ ਨੂੰ ਦੂਜੇ ਕਬਾਇਲੀ ਸਮੂਹਾਂ ਵਲੋਂ ਚੁਨੌਤੀ ਦਿਤੀ ਗਈ ਹੈ ਜੋ ਕਿ ਜੱਥੇਬੰਦ ਹੋ ਕੇ ਰਾਜ ਵਿਚ ਪੱਟੀਦਰਜ ਕਬੀਲਿਆਂ ਦੀ ਸ਼ਨਾਖ਼ਤ ਵਿਚਲੀਆਂ ਉਕਾਈਆਂ ਵੱਲ ਧਿਆਨ ਦੁਆਉਣਾ ਚਾਹੁੰਦੇ ਹਨ। ਕਬਾਇਲੀ ਵਰਗੀਕਰਨ ਨੂੰ ਲੈ ਕੇ ਬਣੀ ਅਜਿਹੀ ਭਰਮਾਂ ਵਾਲੀ ਸਥਿਤੀ ਤੋਂ ਕਬਾਇਲੀਆਂ ਤੇ ਉਨ੍ਹਾਂ ਦੀ ਭਲਾਈ ਨੂੰ ਲੈ ਕੇ ਬੇਜਾਨ ਵਤੀਰੇ ਦਾ ਪਤਾ ਲਗਦਾ ਹੈ। ਇਸ ਨਾਲ ਕਬਾਇਲੀਆਂ ਬਾਰੇ ਸਿਲਸਿਲੇਬੱਧ ਖੋਜ ਦੀ ਕਮੀ ਤੇ ਉਨ੍ਹਾਂ ਦੇ ਇਤਿਹਾਸਕ ਅਤੇ ਸਮਕਾਲੀ ਸਰੋਕਾਰਾਂ ਵੱਲ ਨਿਰਉਤਸ਼ਾਹਿਤ ਰਵੱਈਏ ਦਾ ਵੀ ਪਤਾ ਲਗਦਾ ਹੈ। ਕਬਾਇਲੀ ਪ੍ਰਸ਼ਾਸਨ ਵੀ ਬਸਤੀਵਾਦੀ ਮਾਨਸਿਕਤਾ ਅਤੇ ਕੰਮਕਾਜ ਦੇ ਰਵਾਇਤੀ ਢੰਗ ਦਾ ਸ਼ਿਕਾਰ ਹੈ। ਹਲਕੇ ਵਿਚ ਕਬਾਇਲੀ ਸਿਆਸਤ ਦੀ ਅਣਹੋਂਦ ਦਾ ਕਾਰਨ ਕਬਾਇਲੀਆਂ ਦੀ ਘੱਟ ਗਿਣਤੀ ਨਹੀਂ ਸਗੋਂ ਲਗਾਤਾਰ ਅਪਣਾਈ ਅਣਗਹਿਲੀ ਦਾ ਰਵੱਈਆ ਹੈ। ਦੱਖਣੀ ਭਾਰਤ ਵਿਚ ਕਬਾਇਲੀ ਪ੍ਰਸ਼ਾਸਨ ਨੂੰ, ਸਭਿਆਚਾਰਕ ਅਤੇ ਭੂ-ਸੰਤੁਲਨ ਦੇ ਪ੍ਰਸੰਗਾਂ ਵਿਚ ਲੈਂਦਿਆਂ ਜੋ ਕਿ ਸਰਹੱਦੀ ਲਕੀਰਾਂ ਉਲੰਘ ਜਾਂਦੇ ਹਨ, ਨਵੇਂ ਸਿਰਿਉਂ ਉਲੀਕਣ ਦੀ ਲੋੜ ਹੈ ਤਾਂ ਜੋ ਇਸ ਹਲਕੇ ਵਿਚ ਕਬੀਲਿਆਂ ਨੂੰ ਦਰਪੇਸ਼ ਮਸਲਿਆਂ ਦਾ ਨਿਸਤਾਰਾ ਹੋ ਸਕੇ।

## ਜੈਵ-ਵੰਨਸੁਵੰਨਤਾ ਤੇ ਕਬਾਇਲੀ ਸਵਾਲ

ਪੱਛਮੀ ਘਾਟ ਕਈ ਕਬੀਲਿਆਂ ਦਾ ਬਸੇਰਾ ਹੈ ਜੋ ਮੁੱਖ ਤੌਰ ਤੇ ਜੰਗਲਾਂ ਤੋਂ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਜੰਗਲਾਤ ਕਾਨੂੰਨ ਵਿਚ ਤਬਦੀਲੀ ਕਾਰਨ ਜ਼ਮੀਨ ਵਰਤੋਂ ਦੇ ਢੰਗਾਂ ਵਿਚ ਬਦਲਾਅ ਹੋਏ ਹਨ ਜਿਸ ਨੇ ਸਥਾਨਕ ਕਬਾਇਲੀ ਸਮੁਦਾਇਆਂ ਦੀ ਜੰਗਲਾਂ ਤਕ ਪਹੁੰਚ ਉੱਪਰ ਰੋਕ ਲਾ ਦਿਤੀ ਹੈ। ਪਰ ਜੇਨੂ ਕੁਰੂੰਬਾਸ, ਬੇਟੇ ਕੁਰੂੰਬਾਸ, ਉਰਲੀਸ, ਉੱਲਾਦਾਨਸ, ਕਾਨਿਕਰ, ਪਾਲਿਯਾਨਸ, ਮਾਨਾਨਸ, ਮੁਥੁਵਾਨਸ, ਜਿਹੇ ਕਬੀਲੇ ਅਜੇ ਵੀ ਥਾਂ ਬਦਲ-ਬਦਲ ਕੇ ਖੇਤੀ ਕਰਦੇ ਹਨ। ਜੰਗਲਾਂ ਵਿਚ ਅਤੇ ਇਨ੍ਹਾਂ ਦੇ ਆਸ-ਪਾਸ ਵਸਦੇ ਇਨ੍ਹਾਂ ਕਬੀਲਿਆਂ ਦਾ ਜੈਵ-ਵੰਨਸੁਵੰਨਤਾ ਬਰਕਰਾਰ ਰੱਖਣ ਵਿਚ ਉੱਘਾ ਯੋਗਦਾਨ ਰਿਹਾ ਹੈ। ਪਰ ਰਾਜ ਦੀਆਂ ਨੀਤੀਆਂ ਸਦਾ ਉਨ੍ਹਾਂ ਦੀ ਜੰਗਲਾਤ ਤਕ ਪਹੁੰਚ ਉਪਰ ਰੋਕ ਲਾਉਣ 'ਤੇ ਕੇਂਦਰਤ ਹੈ ਜਦ ਕਿ ਦੂਜੇ ਪਾਸੇ ਸਿਲਸਿਲੇਬੱਧ ਢੰਗ ਨਾਲ ਸੱਨਅਤੀ ਅਤੇ ਵਪਾਰਕ ਵਰਤੋਂ ਲਈ ਜੰਗਲ ਦੀ ਜ਼ਮੀਨ ਵੰਡ ਦਿਤੇ ਜਾਣ ਨਾਲ ਜੰਗਲਾਤ ਹੇਠਲਾ ਰਕਬਾ ਖਤਮ ਹੋ ਰਿਹਾ ਹੈ ਅਤੇ ਜੈਵ-ਵੰਨਸੁਵੰਨਤਾ ਨੂੰ ਢਾਹ ਲੱਗ ਰਹੀ ਹੈ। ਵੱਡੇ ਪੱਧਰ 'ਤੇ ਵਪਾਰਕ ਖੇਤੀ, ਪਣ-ਬਿਜਲੀ ਸਕੀਮਾਂ, ਵਿਸ਼ੇਸ਼ ਆਰਥਿਕ ਖੇਤਰਾਂ ਅਤੇ ਸੈਰ-ਸਪਾਟੇ ਰਾਹੀਂ ਕੁਦਰਤੀ ਭੂ-ਸੰਤੁਲਨ ਸਿਲਸਲਿਆਂ ਦੀ ਲਗਾਤਾਰ ਲੋੜੋਂ ਵੱਧ ਵਰਤੋਂ ਕਾਰਨ ਭੂ-ਸੰਤੁਲਨ ਪੱਖੋਂ ਸੰਵੇਦਨਸ਼ੀਲ ਖ਼ਿੱਤਾ ਐਲਾਨਿਆ ਗਿਆ ਹੈ। ਹਾਲ ਹੀ ਵਿਚ ਵਾਤਾਵਰਨ ਅਤੇ ਜੰਗਲਾਤ ਬਾਰੇ ਮੰਤਰਾਲਾ ਨੇ ਵਾਤਾਵਰਨ ਸੁਰੱਖਿਆ ਕਾਨੂੰਨ 1986 ਦੇ ਅਨੁਭਾਗ 5 ਤਹਿਤ 13 ਨਵੰਬਰ 2013 ਨੂੰ ਨੋਟਿਸ ਜਾਰੀ ਕਰ ਕੇ ਪੱਛਮੀ ਘਾਟ ਵਿਚ ਵਿਕਾਸ ਸਕੀਮਾਂ/ਕਾਰਜਾਂ ਉੱਪਰ ਰੋਕ ਲਾਈ ਗਈ ਹੈ ਜਿਸ ਵਿਚ 20 ਹਜ਼ਾਰ ਵਰਗ ਮੀਟਰ ਜਾਂ ਇਸ ਤੋਂ ਵੱਧ ਰਕਬੇ ਅਤੇ/ਜਾਂ ਡੇਢ ਲੱਖ ਵਰਗ ਫੁੱਟ ਉਸਾਰੀ ਵਾਲੀਆਂ ਸੱਨਅਤੀ ਖਾਣਾਂ ਦੀ ਪੁਟਾਈ, ਰੇਤ ਕੱਢਣਾ, ਤਾਪ-ਬਿਜਲੀ ਆਦਿ ਸਮੇਤ ਜੋਖਮ ਵਾਲੀ ਸ਼੍ਰੇਣੀ ਦੀਆਂ ਸੱਨਅਤਾਂ ਸ਼ਾਮਿਲ ਹਨ। ਨੋਟੀਫਿਕੇਸ਼ਨ ਵਿਚ 6 ਰਾਜਾਂ ਦੇ ਉਨ੍ਹਾਂ ਪਿੰਡਾਂ ਦੀ ਸੂਚੀ ਵੀ ਦਿਤੀ ਗਈ ਹੈ ਜੋ

ਇਸ ਸੰਵੇਦਨਸ਼ੀਲ ਹਲਕੇ ਹੇਠ ਆਉਂਦੇ ਹਨ। ਪਰ ਇਥੇ ਰਹਿਣ ਵਾਲੀ ਅਹਿਮ ਕਬਾਇਲੀ ਵਸੋਂ ਦੀ ਕਿਸਮਤ ਨੂੰ ਲੈ ਕੇ ਬੇਯਕੀਨੀ ਵਾਲੀ ਸਥਿਤੀ ਬਣੀ ਹੋਈ ਹੈ। ਵਾਤਾਵਰਨ ਟੋਲੀ ਅਤੇ ਜੰਗਲਾਤ ਬਾਰੇ ਮਹਿਕਮੇ ਵਲੋਂ ਜੰਗਲਾਂ ਵਿਚ ਵਸਦੇ ਕਬਾਇਲੀਆਂ ਨੂੰ ਜਬਰੀ ਕਬਜ਼ਾ ਕਰੀ ਬੈਠੇ ਥਾਪ ਦਿਤਾ ਗਿਆ ਹੈ। ਇਹ ਲੋਕ ਖਿੱਤੇ ਦੀ ਜੈਵ-ਵੰਨਸੁਵੰਨਤਾ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਵਿਚ ਕਬਾਇਲੀਆਂ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਕਰ ਰਹੇ ਹਨ। ਇਸ ਰਵੱਈਏ ਨਾਲ ਕਬਾਇਲੀਆਂ ਦੀ ਹਾਲਤ ਹੋਰ ਮਾੜੀ ਹੋਈ ਹੈ ਕਿਉਂਕਿ ਉਨ੍ਹਾਂ ਨੂੰ ਆਪਣੀ ਹੋਂਦ ਲਈ ਜ਼ਮੀਨ ਕਬਜ਼ਾਉਣ ਵਾਲੇ ਜਥੇਬੰਦ ਤੱਤਾਂ, ਵਾਤਾਵਰਨ ਸਮੂਹਾਂ, ਜੰਗਲਾਤ ਮਹਿਕਮੇ, ਗੈਰ-ਸਰਕਾਰੀ ਅਦਾਰੇ ਅਤੇ ਨਿੱਜੀ ਵਪਾਰਕ ਹਿੱਤਾਂ ਵਾਲੇ ਤੱਤਾਂ ਸਭਨਾਂ ਨਾਲ ਸਿੱਝਣਾ ਪੈਂਦਾ ਹੈ। ਵਾਤਾਵਰਨ ਸਰੋਕਾਰਾਂ ਦੀ ਪਰਦੇ ਵਿਚ ਜੰਗਲਾਂ ਬਾਰੇ ਵੱਡੀ ਸਿਆਸਤ ਖੇਡੀ ਜਾਂਦੀ ਹੈ ਜਿਥੇ ਇਜ਼ਾਰੇਦਾਰੀ ਵਾਲੇ ਅਤੇ ਬਸਤੀਵਾਦੀ ਰੁਝਾਨ ਸਰਗਰਮ ਰਹਿੰਦੇ ਹਨ।

ਪੱਟੀਦਰਜ ਕਬੀਲਿਆਂ ਅਤੇ ਹੋਰ ਰਵਾਇਤੀ ਜੰਗਲ ਵਸਨੀਕਾਂ (ਜੰਗਲਾਤ ਸੰਬੰਧੀ ਹੱਕਾਂ ਨੂੰ ਮਾਨਤਾ) ਬਾਰੇ ਕਾਨੂੰਨ 2006 ਜਿਸ ਨੂੰ ਐਫ ਆਰ ਏ ਵੀ ਕਿਹਾ ਜਾਂਦਾ ਹੈ, ਨਾਲ ਪੱਛਮੀ ਘਾਟ ਵਿਖੇ ਵੱਡੀ ਗਿਣਤੀ ਵਿਚ ਵਸਦੇ ਬਾਸ਼ਿੰਦਿਆਂ ਲਈ ਆਸ ਦੀ ਕਿਰਨ ਲੈ ਕੇ ਆਇਆ ਹੈ ਕਿਉਂਕਿ ਇਸ ਵਿਚ ਜੰਗਲਾਤ ਹਲਕੇ ਦੇ ਵਾਸੀਆਂ ਅਤੇ ਕਬਾਇਲੀਆਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਕਾਨੂੰਨੀ ਮਾਲਿਕਾਨਾ ਹੱਕ ਦੇਣ ਦੀ ਗੱਲ ਕੀਤੀ ਗਈ ਹੈ। ਇਸ ਵਿਚ ਉਨ੍ਹਾਂ ਨੂੰ ਜੰਗਲਾਂ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਲਈ ਜ਼ਿੰਮੇਦਾਰੀ ਦੇਣ ਦੇ ਨਾਲ-ਨਾਲ ਮਾੜੇ-ਮੋਟੇ ਜੰਗਲੀ ਉਤਪਾਦ ਇਕੱਤਰ ਕਰਨ ਦਾ ਵੀ ਹੱਕ ਦਿਤਾ ਗਿਆ ਹੈ। ਇਸ ਵਿਚ ਜੰਗਲਾਂ ਵਿਚ ਪਸ਼ੂ ਚਰਾਉਣ, ਪਾਣੀ ਦੇ ਸਰੋਤਾਂ, ਐਮ ਐਫ ਪੀ ਅਤੇ ਨਿੱਤ ਵਰਤੋਂ ਦੇ ਹੋਰ ਵਸੀਲਿਆਂ ਨੂੰ ਵਰਤ ਸਕਣ ਨੂੰ ਵੀ ਮਾਨਤਾ ਦਿਤੀ ਗਈ ਹੈ। ਪਰ ਇਸ ਕਾਨੂੰਨ (ਐਫ ਆਰ ਏ) ਦੇ ਸਰਗਰਮ ਹੋਣ ਨਾਲ ਬਹੁਤ ਫ਼ਾਇਦਾ ਨਹੀਂ ਪਹੁੰਚਿਆ। ਤਮਿਲਨਾਡੂ ਵਿਚ ਗੁਡਾਲੂਰ ਹਾਥੀਆਂ ਦੇ ਲਾਂਘੇ ਵਿਚ ਸਥਿਤ ਹੈ ਅਤੇ ਸ਼ੇਰਾਂ ਦੀ ਤਜਵੀਜ਼ਸ਼ੁਦਾ ਰੱਖ ਲਈ ਚੁਣੀ ਹੋਈ ਥਾਂ ਹੈ ਜਿਸ ਕਾਰਨ ਉਥੇ ਵਸਦੇ ਕੋਟਾ ਕੁਰੂੰਬਾ ਅਤੇ ਪਾਨਿਯਾ ਕਬੀਲਿਆ ਦੇ ਲੋਕਾਂ ਨੂੰ ਉਥੋਂ ਉਜਾੜ ਦਿਤਾ ਜਾਵੇਗਾ। ਸਥਾਨਕ ਸਮਾਜਿਕ ਭਲਾਈ ਅਦਾਰੇ ਨੇ ਐਫ ਆਰ ਏ ਰਾਹੀਂ ਸ਼ੇਰਾਂ ਦੀ ਤਜਵੀਜ਼ਸ਼ੁਦਾ ਰੱਖ ਨੂੰ ਉਥੇ ਕਾਇਮ ਕੀਤੇ ਜਾਣ ਨੂੰ ਚੁਣੌਤੀ ਦਿਤੀ। ਪਰ ਨਿੱਜੀ ਜੰਗਲਾਤ ਮਾਲਕ ਅਤੇ ਸਾਂਭ-ਸੰਭਾਲ ਬਾਰੇ ਅਦਾਰਿਆਂ ਨੇ ਇਸ ਕਾਨੂੰਨ ਨੂੰ ਲਾਗੂ ਕੀਤੇ ਜਾਣ ਉਪਰ ਸਵਾਲ ਖੜ੍ਹਾ ਕਰਦਿਆਂ ਮਦਰਾਸ ਹਾਈ ਕੋਰਟ ਵਿਚ ਮੁਕੱਦਮੇ ਦਰਜ ਕਰਾ ਦਿਤੇ ਹਨ। ਐਫ ਆਰ ਏ ਕਾਰਨ ਕਬਾਇਲੀ ਹਲਕਿਆਂ ਵਿਚਲੇ ਸੰਕਟ ਅਤੇ ਤਣਾਅ ਵਿਚ ਵਾਧਾ ਹੋਇਆ ਹੈ। ਆਂਧਰ ਪ੍ਰਦੇਸ਼, ਕਰਨਾਟਕ ਅਤੇ ਤਮਿਲਨਾਡੂ ਤੋਂ ਜੰਗਲਾਤ ਹਲਕੇ ਦੇ ਵਸਨੀਕਾਂ ਉਪਰ ਹਿੰਸਾ ਅਤੇ ਬਦਸਲੂਕੀ ਦੇ ਮਾਮਲੇ ਸਾਹਮਣੇ ਆਏ ਹਨ। ਰਾਸ਼ਟਰੀ ਉਪਵਣਾਂ, ਜੰਗਲੀ ਰੱਖਾਂ ਆਦਿ ਵਿਚ ਰਹਿੰਦੇ ਲੋਕਾਂ ਵਲੋਂ ਉਥੇ ਆਪਣੀ ਰਿਹਾਇਸ਼ ਬਾਰੇ ਪੇਸ਼ ਕੀਤੇ ਦਾਅਵਿਆਂ ਨੂੰ ਠੰਢੇ ਬਸਤੇ ਵਿਚ ਪਾ ਦਿਤਾ ਗਿਆ ਹੈ। ਅਜਿਹੀਆਂ ਸਾਰੀਆਂ ਸਕੀਮਾਂ ਵਿਚ ਜ਼ਮੀਨ ਉਪਰ ਕਬਾਇਲੀ ਹੱਕਾਂ ਅਤੇ ਐਫ ਆਰ ਏ ਵਿਚਲੇ ਪ੍ਰਬੰਧਾਂ ਦੀ ਸਿੱਧੀ ਉਲੰਘਣਾ ਕੀਤੀ ਗਈ ਹੈ। ਆਂਧਰ ਪ੍ਰਦੇਸ਼ ਅਤੇ ਤਮਿਲਨਾਡੂ ਰਾਜਾਂ ਸਮੇਤ ਕਈ ਰਾਜ ਵਿਕਾਸ ਅਤੇ ਵਾਤਾਵਰਨ ਦੇ ਨਾਂ 'ਤੇ ਵੱਡੇ ਪੱਧਰ ਤੇ ਗ਼ੈਰ ਲੋਕਰਾਜੀ ਢੰਗ ਨਾਲ ਜ਼ਮੀਨ ਹਾਸਲ ਕਰਨ ਦੇ ਰੁਝਾਨ ਨੂੰ ਚੁਣੌਤੀ ਦੇਣ ਲਈ ਸਥਾਨਕ ਕਬਾਇਲੀਆਂ ਨਾਲ ਮਿਲ ਕੇ ਸਰਗਰਮੀ ਨਾਲ ਕੰਮ ਕਰ ਰਹੇ ਹਨ। ਇਕ ਮੁੱਦਾ ਜੋ ਲਗਾਤਾਰ ਸਾਹਮਣੇ ਆ ਰਿਹਾ ਹੈ ਕਿ ਜੰਗਲਾਤ ਮਹਿਕਮਾ ਹੀ ਇਸ ਕਾਨੂੰਨ ਨੂੰ ਲਾਗੂ ਕਰਨ ਦੇ ਰਾਹ ਵਿਚ ਰੋੜਾ ਬਣ ਰਿਹਾ ਹੈ। ਇਕ ਤਰ੍ਹਾਂ ਨਾਲ ਇਹ ਸੁਭਾਵਕ ਵੀ ਕਿਹਾ ਜਾ ਸਕਦਾ ਹੈ ਕਿਉਂਕਿ 1996 ਤੋਂ ਕਬਾਇਲੀ ਤੇ ਜੰਗਲਾਤ ਹਲਕੇ ਵਿਚ ਵਸਦੇ ਹੋਰ ਲੋਕਾਂ ਤੋਂ ਉਨ੍ਹਾਂ ਦੀਆਂ ਰਿਹਾਇਸ਼ਗਾਹਾਂ ਖੋਹਣ ਲਈ ਜ਼ੋਰਦਾਰ ਮੁਹਿੰਮ ਜਾਰੀ ਹੈ। ਆਂਧਰ ਪ੍ਰਦੇਸ਼ ਸਰਕਾਰ ਖ਼ਿਲਾਫ਼ ਸਾਂਝੀ ਜੰਗਲਾਤ ਕਮੇਟੀ ਦੀ ਵਰਤੋਂ ਕਰਨ ਦੇ ਵੀ ਮਾਮਲੇ ਸਾਹਮਣੇ ਆਏ ਹਨ। ਜੰਗਲਾਤ ਸੰਬੰਧੀ ਹੱਕਾਂ ਬਾਰੇ ਸਾਂਝੀ ਕਮੇਟੀ ਵਿਚ ਜੰਗਲਾਤ ਮਹਿਕਮੇ ਦਾ ਦਬਦਬਾ ਅਤੇ ਕਬਾਇਲੀ ਭਲਾਈ ਮਹਿਕਮੇ ਦੀ ਨਿਗੂਣੀ ਮੌਜੂਦਗੀ ਇਸ ਕਾਨੂੰਨ ਦੇ ਇੰਨੀ ਧੀਮੀ ਗਤੀ ਨਾਲ ਲਾਗੂ ਹੋਣ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ।

## ਸਿੱਟਾ

ਕਬਾਇਲੀ ਸਮੂਹਾਂ ਦੇ ਹਾਸ਼ੀਏ 'ਤੇ ਚਲੇ ਜਾਣ ਬਾਰੇ ਕਿਸੇ ਵੀ ਵਿਚਾਰ-ਵਟਾਂਦਰੇ ਦੌਰਾਨ ਸਮਾਜ ਦੇ ਮੁੱਖ ਧਾਰਾ ਅਤੇ ਰਾਜ ਪ੍ਰਸ਼ਾਸਨਕ ਤੇ ਨਿਆਂ ਸਿਲਸਿਲੇ ਨਾਲ ਉਨ੍ਹਾਂ ਦੇ ਅੰਤਰ-ਸੰਬੰਧਾਂ ਨੂੰ ਸਾਹਮਣੇ ਰੱਖਣਾ ਹੋਵੇਗਾ। ਦੱਖਣੀ ਭਾਰਤ ਵਿਚਲਾ ਕਬਾਇਲੀਆਂ ਬਾਰੇ ਸਰਕਾਰੀ ਮਹਿਕਮਾ ਬੱਧਾ-ਰੁੱਧਾ ਚਲਣ ਵਾਲਾ ਹੈ ਜਦ ਕਿ ਜੰਗਲਾਤ ਮਹਿਕਮਾ ਆਪਹੁਦਰਾ। ਭਾਵੇਂ ਜ਼ਿਆਦਾਤਰ ਕਬਾਇਲੀ ਲੋਕ ਐਫ ਆਰ ਏ ਬਾਰੇ ਜਾਣਦੇ ਹਨ ਪਰ ਆਪਣੇ ਹੱਕਾਂ ਨੂੰ ਲੈ ਕੇ ਜਾਣਕਾਰੀ ਨਹੀਂ ਰਖਦੇ। ਦੱਖਣੀ ਭਾਰਤ ਵਿਚ ਇਸ ਕਾਨੂੰਨ ਦੇ ਪਾਰਦਰਸ਼ੀ ਨਾ ਹੋਣ ਕਾਰਨ ਇਸ ਨੂੰ ਢੁਕਵੇਂ ਢੰਗ ਨਾਲ ਲਾਗੂ ਕਰਨ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਸਥਾਨਕ ਕਬਾਇਲੀ ਲੋਕ ਭ੍ਰਿਸ਼ਟਾਚਾਰ ਜਾਂ ਅਣਗੌਲਿਆ ਕੀਤੇ ਜਾਣ ਦੇ ਮਾਮਲਿਆਂ ਦੀ ਸ਼ਿਕਾਇਤ ਅਤੇ ਮੁਹਿੰਮ ਵਿਕਾਸ ਅਤੇ ਵਾਤਾਵਰਨ ਦੇ ਨਾਂ 'ਤੇ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਕਬਾਇਲੀਆਂ ਨੂੰ ਗੁਮਨਾਮੀ ਵਿਚ ਧੱਕ ਦਿਤੇ ਜਾਣ ਕਾਰਨ ਕਾਰਗਰ ਢੰਗ ਨਾਲ ਨਹੀਂ ਚਲ ਸਕੇ। ਵਿਕਾਸ ਅਤੇ ਵਾਤਾਵਰਨ ਸਕੀਮਾਂ ਵਿਚ ਜੰਗਲਾਂ ਅਤੇ ਜੰਗਲ ਦੀ ਜ਼ਮੀਨ ਉਪਰ ਕਬਾਇਲੀ ਹੱਕਾਂ ਨੂੰ ਸਮੱਸਿਆ ਦੇ ਹੀ ਇਕ ਹਿੱਸੇ ਵਜੋਂ ਦਰਸਾਇਆ ਗਿਆ ਹੈ। ਦੱਖਣੀ ਭਾਰਤ ਵਿਚ ਕਬਾਇਲੀ ਅਸਲ ਵਿਚ ਲੰਮੇ ਸਮੇਂ ਤੋਂ ਚਲੀ ਆ ਰਹੀ ਸਿਆਸਤ ਦੇ ਸ਼ਿਕਾਰ ਹਨ ਜਿਸ ਨੇ ਕਬਾਇਲੀਆਂ ਨੂੰ ਆਰਥਿਕ, ਰਾਜਨੀਤਕ ਅਤੇ ਬੌਧਿਕ ਤੌਰ ਤੇ ਹਾਸ਼ੀਏ 'ਤੇ ਸੁੱਟ ਦਿਤਾ ਹੈ। ਦੱਖਣੀ ਭਾਰਤ ਵਿਚ ਕਬਾਇਲੀਆਂ ਦੀਆਂ ਉਪਜੀਵਕਾ ਰਣਨੀਤੀਆਂ ਅਨਿੱਖੜਵੇਂ ਰੂਪ ਵਿਚ ਜੈਵ-ਵੰਨਸੁਵੰਨਤਾ ਨਾਲ ਜੁੜੀਆਂ ਹੋਈਆਂ ਹਨ। ਜੰਗਲਾਂ ਉਪਰ ਉਨ੍ਹਾਂ ਦੀ ਨਿਰਭਰਤਾ ਨੇ ਸਥਾਨਕ ਜੈਵ-ਵੰਨਸੁਵੰਨਤਾ ਬਾਰੇ, ਵਿਆਪਕ ਗਿਆਨ ਵਿਚ ਉੱਘਾ ਯੋਗਦਾਨ ਪਾਇਆ ਹੈ ਜੋ ਕਿ ਉਨ੍ਹਾਂ ਦੀ ਹੋਂਦ ਅਤੇ ਭੂ-ਸੰਤੁਲਨ ਦੋਹਾਂ ਲਈ ਅਤਿ ਲੋੜੀਂਦੀ ਗੱਲ ਹੈ। ਜੈਵ-ਵੰਨਸੁਵੰਨਤਾ ਦੀ ਸਾਂਭ-ਸੰਭਾਲ ਦੇ ਪ੍ਰਸੰਗ ਵਿਚ ਕਬਾਇਲੀਆਂ ਨਾਲ ਸਾਂਝ ਬਾਰੇ ਨੀਤੀ ਨੇਮਾਂ ਨੂੰ ਨਵੇਂ ਸਿਰਿਉਂ ਉਲਕੀਣ ਦੀ ਲੋੜ ਹੈ ਤਾਂ ਜੋ ਵਧੇਰੇ ਜਾਰੀ ਰਹਿਣ ਯੋਗ ਭੂ-ਸੰਤੁਲਨ ਪੱਖੀ ਪ੍ਰਸ਼ਾਸਨਕ ਸਿਲਸਿਲੇ ਦਾ ਆਰੰਭ ਹੋ ਸਕੇ।

***(ਲੇਖਕ ਐਸੋਸੀਏਟਿਡ ਪ੍ਰੋਫੈਸਰ, ਟਾਟਾ ਇੰਸਟੀ-ਚਿਊਟ ਆਫ ਸੋਸ਼ਲ ਸਾਇੰਸਜ਼, ਮੁੰਬਈ ਹੈ।)***

***e-mail :rhebbar@tiss.edu***

# ਜਲਵਾਯੂ ਪਰਿਵਰਤਨ ਤੇ ਸਰਕਾਰ ਦੀਆਂ ਤਿਆਰੀਆਂ

✍ ਸੁਭਾਸ਼ ਸ਼ਰਮਾ

## ਜਾਣ-ਪਛਾਣ

ਜਲਵਾਯੂ ਇਕ ਲੰਮੇ ਸਮੇਂ (ਇਕ ਸਦੀ ਦੇ ਲਗਭਗ) ਦੌਰਾਨ ਹੋਏ ਮੌਸਮ ਦੇ ਮਿਜ਼ਾਜ ਦੀਆਂ ਤਬਦੀਲੀਆਂ ਦਾ ਜੋੜ ਹੁੰਦਾ ਹੈ। ਨਿਸ਼ਚਿਤ ਹੀ ਮੌਸਮ ਇਕ ਥੋੜ੍ਹ-ਚਿਰੀ ਧਾਰਣਾ ਹੁੰਦਾ ਹੈ। 1992 ਵਿਚ ਰੀਓ ਵਿਚ ਰੀਓ ਧਰਤ ਸਿਖਰ ਸੰਮੇਲਨ ਅਤੇ ਸੰਯੁਕਤ ਰਾਸ਼ਟਰ ਸੰਘ ਦੇ ਜਲਵਾਯੂ ਵਿਚ ਪਰਿਵਰਤਨ ਸੰਬੰਧੀ ਯੋਜਨਾ ਸੰਮੇਲਨ (1992) ਮੁਤਾਬਕ ਇਹ ਵਿਆਪਕ ਪੱਧਰ 'ਤੇ ਸਵੀਕਾਰਿਆ ਗਿਆ ਹੈ ਕਿ ਦੁਨੀਆਂ ਭਰ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਤਰ੍ਹਾਂ ਦਾ ਤਾਪਮਾਨ ਵਧਣਾ, ਥੋੜ੍ਹ-ਚਿਰੀ ਪਰ ਭਿਆਨਕ ਸਰਦੀ, ਬਾਰਸ਼ ਦਾ ਅਸਾਵਾਂਪਨ, ਭਿਆਨਕ ਧੁੰਦ, ਬਾਰ-ਬਾਰ ਹੋ ਰਹੇ ਸੋਕੇ ਅਤੇ ਹੜ੍ਹਾਂ ਦੇ ਹਾਲਾਤ, ਬਾਰਸ਼ ਦੇ ਕਾਰਨ ਸਾਲ ਵਿਚ ਜ਼ਿਆਦਾ ਹੜ੍ਹ ਜਾਂ ਸੋਕਾ, ਤੇਜ਼ਾਬੀ ਬਾਰਸ਼ ਅਤੇ ਹੋਰ ਬੜਾ ਕੁੱਝ ਇਸ ਦੇ ਲੱਛਣ ਹਨ। ਵਿਸ਼ਵੀ ਤਪਸ਼ ਬਾਰੇ ਜ਼ਿਆਦਾ ਗੱਲ ਕੀਤੀ ਜਾਂਦੀ ਹੈ, ਇਸ ਕਰਕੇ ਦੁਨੀਆਂ ਭਰ ਵਿਚ ਇਸ ਬਾਰੇ ਸਭ ਜਾਣਦੇ ਹਨ।

ਨਿਸਚਿਤ ਤੌਰ ਤੇ, ਜਲਵਾਯੂ ਵਿਸ਼ਵ ਵਿਆਪੀ ਮੁੱਦਾ ਹੈ ਜਿਸ ਦੇ ਸਥਾਨਕ ਪ੍ਰਭਾਵ ਪੈਂਦੇ ਹਨ। ਜਲਵਾਯੂ ਪ੍ਰਣਾਲੀ ਨੂੰ ਗਤੀ ਵਿਗਿਆਨ ਅਤੇ ਪੰਜ ਭਾਗਾਂ – ਵਾਯੂਮੰਡਲ, ਜਲਮੰਡਲ, ਖਣਿਜ ਮੰਡਲ, ਧਰਤੀ ਅਤੇ ਬਾਇਓ ਸਫੀਅਰ ਦੁਆਰਾ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ। ਜਲਵਾਯੂ ਪ੍ਰਣਾਲੀ ਅੰਦਰੂਨੀ ਅਤੇ ਬਾਹਰੀ ਤਾਕਤਾਂ, ਜਿਵੇਂ ਜਵਾਲਾਮੁਖੀ, ਸੂਰਜੀ ਪਰਿਵਰਤਨ, ਮਨੁੱਖੀ ਸਰਗਰਮੀਆਂ ਜਿਵੇਂ ਗਰੀਨ ਹਾਊਸ ਗੈਸਾਂ ਅਤੇ ਧਰਤੀ ਦੀ ਵਰਤੋਂ ਵਿਚ ਪਰਿਵਰਤਨ ਆਦਿ ਪੱਖਾਂ 'ਤੇ ਨਿਰਭਰ ਹੈ। ਵੱਖ-ਵੱਖ ਖੋਜਾਰਥੀਆਂ ਵਲੋਂ ਅੰਦਾਜ਼ਾ ਲਗਾਇਆ ਗਿਆ ਹੈ ਕਿ ਸੰਨ 2100 ਈ. ਆਉਂਦਿਆਂ-ਆਉਂਦਿਆਂ ਸੰਸਾਰ ਦਾ ਤਾਪਮਾਨ 3 ਤੋਂ 4 ਡਿਗਰੀ ਸੈਲਸੀਅਸ ਵਧ ਜਾਵੇਗਾ। ਜਲਵਾਯੂ ਪਰਿਵਰਤਨ ਸੰਬੰਧੀ ਬਣੇ ਅੰਤਰ-ਸਰਕਾਰੀ ਪੈਨਲ ਮੁਤਾਬਕ 1850 ਈ. ਤੋਂ ਲੈ ਕੇ ਘਟਦੇ ਕ੍ਰਮ ਅਨੁਸਾਰ 1998, 2005, 2002, 2003, ਅਤੇ 2004 ਸਾਲ ਸ਼ਾਮਿਲ ਹਨ। ਯੂ.ਕੇ. ਦੇ ਮੌਸਮ ਵਿਗਿਆਨ ਦਫ਼ਤਰ ਅਨੁਸਾਰ ਵਿਸ਼ਵ ਦਾ ਔਸਤ ਤਾਪਮਾਨ ਹਰੇਕ ਦਹਾਕੇ ਮਗਰ 0–1.5 ਡਿਗਰੀ ਸੈਲਸੀਅਸ ਵਧ ਰਿਹਾ ਹੈ। 2001 ਤੋਂ 2010 ਦਾ ਸਮਾਂ 1991–2000 ਦੇ ਦਹਾਕੇ ਨਾਲੋਂ 0.20 ਡਿਗਰੀ ਸੈਲਸੀਅਸ ਗਰਮ ਸੀ (ਇਹ 1961–90 ਦੇ ਸਮੇਂ ਨਾਲੋਂ 0.24 ਡਿਗਰੀ ਸੈਲਸੀਅਸ ਵੱਧ ਸੀ ਜਦ ਕਿ 2001–2010 ਦੇ ਸਮੇਂ 1961–90 ਦੇ ਔਸਤ ਤਾਪਮਾਨ ਨਾਲੋਂ 0.44 ਡਿਗਰੀ ਸੈਲਸੀਅਸ ਵੱਧ ਸੀ।

ਬੇਸ਼ੱਕ ਜਲਵਾਯੂ 'ਤੇ ਵੱਖ-ਵੱਖ ਪੱਖਾਂ ਦਾ ਪ੍ਰਭਾਵ ਪੈਂਦਾ ਹੈ ਜੋ ਹੇਠ ਲਿਖੇ ਅਨੁਸਾਰ ਹਨ :

- ਸੂਰਜੀ ਵਿਕੀਰਣ – ਅਕਸ਼ਾਂਸ਼ ਨਾਲ ਪਰਿਵਰਤਨ, ਮਿਸਾਲ ਦੇ ਤੌਰ ਤੇ ਉੱਚ ਅਕਸ਼ਾਂਸ਼ ਤੇ ਸ਼ਕਤੀ ਘੱਟ ਹੁੰਦੀ ਹੈ ਜਦ ਕਿ ਨੀਵੇਂ ਅਕਸ਼ਾਂਸ਼ 'ਤੇ ਸ਼ਕਤੀ ਵੱਧ ਹੁੰਦੀ ਹੈ।
- ਪਾਣੀ ਦੇ ਵੱਡੇ ਸੋਮਿਆਂ ਕੋਲ ਨਜ਼ਦੀਕੀ ਜਾਂ ਧਰਤੀ ਤੇ ਪਾਣੀ ਦੀ ਵੰਡ।
- ਪਹਾੜੀ ਰੁਕਾਵਟਾਂ – ਜਿਵੇਂ ਮਹਾਂਰਾਸ਼ਟਰ ਵਿਚ ਮੁੰਬਈ-ਪੂਨੇ ਦੇ ਵੱਖ-ਵੱਖ ਪਹਾੜੀ ਦ੍ਰਿਸ਼ ਹਨ, ਇਸ ਕਰਕੇ ਪੂਨੇ ਮੁੰਬਈ ਨਾਲੋਂ ਠੰਢਾ ਹੁੰਦਾ ਹੈ।
- ਸਾਗਰਾਂ ਦਾ ਤਾਪਮਾਨ ਅਤੇ ਲਹਿਰਾਂ।
- ਉੱਚਾਈ – ਜ਼ਿਆਦਾ ਉੱਚਾਈ ਮਤਲਬ ਜ਼ਿਆਦਾ ਠੰਢ।
- ਧਰਤੀ ਤੇ ਬਨਸਪਤੀ ਅਤੇ ਜੰਗਲ ਦਾ ਖੇਤਰ।
- ਵਾਯੂਮੰਡਲੀ ਦਬਾਅ (ਵਾਯੂਮੰਡਲ ਵਿਚ 78.09 ਪ੍ਰਤਿਸ਼ਤ ਨਾਈਟ੍ਰੋਜਨ, 20.95 ਪ੍ਰਤਿਸ਼ਤ ਆਕਸੀਜਨ, 0.93 ਪ੍ਰਤਿਸ਼ਤ ਆਰਗਨ ਅਤੇ 0.04 ਪ੍ਰਤਿਸ਼ਤ ਕਾਰਬਨ ਡਾਈਆਕਸਾਈਡ) ਹੁੰਦਾ ਹੈ।

ਮੁੱਖ ਤੌਰ ਤੇ ਜਲਵਾਯੂ ਪਰਿਵਰਤਨ ਦੇ ਤਿੰਨ ਮੁੱਖ ਪੱਖ ਸਾਹਮਣੇ ਆਉਂਦੇ ਹਨ :

- ਔਸਤ ਆਕਾਰ ਵਿਚ ਪਰਿਵਰਤਨ
- ਆਵਰਤਨ ਤੋਂ ਪ੍ਰਾਵਸਥਾ ਦਾ ਫ਼ਰਕ
- ਘਟਨਾਵਾਂ ਹੋਣ ਦੀ ਦਰ ਵਿਚ ਪਰਿਵਰਤਨ ਪਰ ਜਲਵਾਯੂ ਪਰਿਵਰਤਨ ਸੰਬੰਧੀ ਕੁੱਝ ਅਨਿਸ਼ਚਤਤਾਵਾਂ ਵੀ ਹਨ ਜੋ ਹੇਠ ਲਿਖੇ ਅਨੁਸਾਰ ਹਨ :

ਪਹਿਲੀ – ਖੇਤਰਵਾਰ ਜਲਵਾਯੂ ਪਰਿਵਰਤਨ ਦਾ ਫ਼ਰਕ। ਇਹ ਇਕ ਸਮੱਸਿਆ ਵਾਲਾ ਖੇਤਰ ਹੈ।

ਦੂਜੀ – ਵੱਖ-ਵੱਖ ਖਿੱਤਿਆਂ 'ਤੇ ਜਲਵਾਯੂ ਪਰਿਵਰਤਨ ਦਾ ਅਨਿਸ਼ਚਿਤ ਪ੍ਰਭਾਵ।

ਤੀਜੀ – ਅਣਸੋਚੇ ਪ੍ਰਭਾਵ (ਜਵਾਲਾਮੁਖੀ ਆਦਿ) ਦੇ ਸੰਭਾਵਿਤ, ਹੈਰਾਨ ਕਰਨ ਵਾਲੇ ਨਤੀਜੇ।

2 – ਮਾਨਵੀ ਕਿਰਿਆਵਾਂ ਅਤੇ ਜਲਵਾਯੂ ਪਰਿਵਰਤਨ।

ਇਹ ਇਕ ਸਚਾਈ ਹੈ ਕਿ ਆਈ ਪੀ ਸੀ ਸੀ – ਏ ਆਰ 4 ਮੁਤਾਬਕ ਵੱਖ-ਵੱਖ ਗਰੀਨ ਹਾਊਸ ਗੈਸਾਂ (ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ) 1750 ਈ. ਤੋਂ ਇਨ੍ਹਾਂ ਦਾ ਜ਼ਿਆਦਾ ਸੰਚਿਤ ਅਸਰ ਹੈ ਬਨਿਸਬਤ ਪਿਛਲੇ ਦਸ ਹਾਜ਼ਾਰ ਸਾਲ ਦੇ ਕੁੱਲ ਨਿਕਾਸ ਦੇ। 1995–2005 ਦਰਮਿਆਨ ਕਾਰਬਨ

ਡਾਈਆਕਸਾਈਡ ਦਾ ਪੱਧਰ 20 ਪ੍ਰਤਿਸ਼ਤ ਵਧਿਆ ਹੈ। ਤਾਂ ਵੀ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਕੁਦਰਤੀ ਤੌਰ ਤੇ ਪੈਦਾ ਹੋਣ ਵਾਲੀਆਂ ਗਰੀਨ ਹਾਊਸ ਗੈਸਾਂ (ਜਿਵੇਂ ਪਾਣੀ ਦੇ ਵਾਸ਼ਪ) ਗਰਮੀ ਪੈਦਾ ਕਰਨ ਵਿਚ 50 ਪ੍ਰਤਿਸ਼ਤ ਹਿੱਸਾ ਪਾਉਂਦੇ ਹਨ ਜਿਹੜੀ ਧਰਤੀ 'ਤੇ ਪਨ੍ਹਪ ਰਹੇ ਜ਼ਿੰਦਗੀ ਦੇ ਵੱਖ-ਵੱਖ ਰੂਪਾਂ ਲਈ ਜ਼ਰੂਰੀ ਸੰਤੁਲਿਤ ਜਲਵਾਯੂ ਸਿਰਜਦੀ ਹੈ। ਪਰ ਪਿਛਲੇ 200 ਵਰ੍ਹਿਆਂ ਦੌਰਾਨ, ਮਾਨਵੀ ਕਿਰਿਆਵਾਂ ਕਾਰਨ ਜੀ ਐਚ ਜੀ ਨਿਕਾਸ ਨੇ ਸੰਤੁਲਿਤ ਜਲਵਾਯੂ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਹੈ। ਸੱਨਅਤੀ ਤੌਰ ਤੇ ਵਿਕਸਤ ਦੇਸ਼ਾਂ ਵਿਚ ਜ਼ਿਆਦਾ ਖਪਤ ਦੀਆਂ ਆਦਤਾਂ ਇਸ ਬੁਰੇ ਹਾਲ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹਨ। ਜ਼ਿਆਦਾ ਸਪੱਸ਼ਟ ਗੱਲ ਕਰੀਏ ਤਾਂ ਕਾਰਬਨ ਡਾਈਆਕਸਾਈਡ ਦਾ ਵਿਸ਼ਵ ਦਾ ਸਾਲਾਨਾ ਮਾਨਵੀ ਨਿਕਾਸ ਵਧ ਕੇ 38 ਗੀਗਾ ਟਨ ਹੋ ਗਿਆ ਹੈ। 2010 ਵਿਚ ਪੁਰਾਣੇ ਬਾਲਣ ਨੂੰ ਬਾਲ ਕੇ ਨਿਕਾਸ ਦਾ ਪੱਧਰ 30.6 ਗੀਗਾ ਟਨ ਹੋ ਗਿਆ ਹੈ। ਇਹ ਵੀ ਅੰਦਾਜ਼ਾ ਲਾਇਆ ਗਿਆ ਕਿ ਉਦਯੋਗੀਕਰਨ ਦੇ ਦੌਰ ਤੋਂ ਪਹਿਲਾਂ ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ ਦਾ ਜਮਾਅ 280 ਪੀ ਪੀ ਐਮ ਸੀ ਜੋ 2010 ਵਿਚ ਵਧ ਕੇ 390 ਪੀ ਪੀ ਐਮ ਹੋ ਗਿਆ ਜੋ ਉਦਯੋਗੀਕਰਨ ਦੇ ਦੌਰ ਤੋਂ ਪਹਿਲਾਂ ਦੇ 560 ਗੀਗਾ ਟਨ ਦੇ ਮੁਕਾਬਲੇ 780 ਗੀਗਾ ਟਨ ਬਣਦਾ ਹੈ। ਕੀਲਿੰਗ ਅਤੇ ਸ਼ਰਟਜ਼ ਮੁਤਾਬਕ 55 ਪ੍ਰਤਿਸ਼ਤ ਵਿਸ਼ਵੀ ਤਪਸ਼ ਦਾ ਕਾਰਨ ਇਹ ਵਾਧੂ ਕਾਰਬਨ ਡਾਈਆਕਸਾਈਡ ਹੈ, ਬਾਕੀ ਦਾ ਦੂਜੇ ਜੀ ਐਚ ਜੀ ਤੋਂ ਆਉਂਦਾ ਹੈ। ਕਹਿਣ ਦੀ ਲੋੜ ਨਹੀਂ ਕਿ ਨਾਈਟਰਸ ਆਕਸਾਈਡ ਦਾ ਅਸਰ ਜ਼ਿਆਦਾ ਘਾਤਕ ਹੈ। ਕਿਉਂਕਿ ਇਕ ਕਿਲੋਗ੍ਰਾਮ ਕਾਰਬਨ ਡਾਈਆਕਸਾਈਡ ਦੇ ਮੁਕਾਬਲੇ ਇਕ ਕਿਲੋਗ੍ਰਾਮ ਨਾਈਟਰਸ ਆਕਸਾਈਡ ਦੇ ਨਿਕਾਸ ਦਾ ਮੁੱਖ ਸਰੋਤ ਹੈ। ਜਦੋਂ ਨਾਈਟਰੋਜਨ ਯੁਕਤ ਖਾਦਾਂ (ਯੂਰੀਆ, ਅਮੋਨੀਅਮ ਅਤੇ ਹੋਰ) ਧਰਤੀ 'ਤੇ ਪਾਈਆਂ ਜਾਂਦੀਆਂ ਹਨ ਤਾਂ ਇਕ ਰਸਾਇਣਿਕ ਕਿਰਿਆ (ਹਾਈਡ੍ਰੋਲੋਸਿਸ) ਹੁੰਦੀ ਹੈ ਅਤੇ ਪੌਦਾ ਤਾਂ ਐਨ ਓ3 ਗ੍ਰਹਿਣ ਕਰ ਲੈਂਦਾ ਹੈ, ਇਸ ਦਾ ਇਕ ਹੋਰ ਬਾਈ ਪ੍ਰੋਡਕਟ (ਐਨ2ਓ) ਜਾਂ ਨਾਈਟ੍ਰਸ ਆਕਸਾਈਡ ਵਾਤਾਵਰਨ ਵਿਚ ਚਲਾ ਜਾਂਦਾ ਹੈ ਜਿਸ ਨਾਲ ਵਿਸ਼ਵੀ ਤਪਸ਼ ਹੁੰਦੀ ਹੈ। ਬਦਕਿਸਮਤੀ ਨਾਲ, ਐਨ2ਓ (ਨਾਈਟ੍ਰਸ ਆਕਸਾਈਡ) ਦੇ ਅਣੂ 120 ਸਾਲਾਂ ਤਕ ਵਾਤਾਵਰਨ ਵਿਚ ਰਹਿੰਦੇ ਹਨ। ਭਾਰਤ ਦੀ ਹਰੀ ਕ੍ਰਾਂਤੀ ਪੱਟੀ (ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼) ਵਿਚ ਹਾਲਾਤ ਜ਼ਿਆਦਾ ਖਰਾਬ ਹਨ ਕਿਉਂਕਿ ਤਥਾਕਥਿਤ 'ਜਾਦੂਈ' ਮਧਰੀ ਕਣਕ ਦੇ ਬੀਜ ਨੂੰ ਨਾਈਟ੍ਰੋਜਨ ਯੁਕਤ ਖਾਦਾਂ ਦੀ ਜ਼ਿਆਦਾ ਲੋੜ ਹੁੰਦੀ ਹੈ। ਇਸ ਨਾਲ ਮਿੱਟੀ ਦੀ ਗੁਣਵੱਤਾ ਖਰਾਬ ਹੁੰਦੀ ਹੈ, ਪਾਣੀ ਦਾ ਪੱਧਰ ਹੇਠਾਂ ਚਲਾ ਜਾਂਦਾ ਹੈ, ਪਾਣੀ ਅਤੇ ਮਿੱਟੀ ਖਾਰੇ ਹੋ ਜਾਂਦੇ ਹਨ ਅਤੇ ਜੈਵਿਕ ਵਿਭਿੰਨਤਾ (ਚੌਲ, ਕਣਕ) ਘਟਦੀ ਹੈ। ਆਈ ਪੀ ਸੀ ਸੀ ਇਸ ਮਤ ਦੀ ਹੈ ਕਿ ਸਿਖਰ ਦੇ ਨਿਕਾਸ ਵਿਚ ਹਰੇਕ ਦੇਰੀ ਕਰੀਬ 0.5 ਡਿਗਰੀ ਸੈਲਸੀਅਸ ਗਰਮੀ ਵਧਾ ਸਕਦੀ ਹੈ ਅਤੇ ਅੱਜ ਦਾ ਜੀ ਐਚ ਜੀਜ਼ ਨਿਕਾਸ ਆਉਣ ਵਾਲੇ ਦਹਾਕਿਆਂ ਵਿਚ ਪੂਰੀ ਗਰਮੀ ਦੇ ਰੂਪ ਵਿਚ ਸਾਹਮਣੇ ਅਵੇਗਾ। ਕਹਿਣ ਦੀ ਲੋੜ ਨਹੀਂ ਕਿ ਭਾਰਤ ਵਿਚ ਕਾਰਬਨ ਡਾਈਆਕਸਾਈਡ ਵਾਲੇ ਪੁਰਾਣੇ ਬਾਲਣ ਦੀ ਵਰਤੋਂ ਨਾਲ 56 ਪ੍ਰਤਿਸ਼ਤ ਜੀ ਐਚ ਜੀਜ਼ ਨਿਕਾਸੀ ਹੁੰਦੀ ਹੈ। 2005 ਵਿਚ ਵਿਸ਼ਵ ਦਾ ਪ੍ਰਤਿ ਜੀਅ ਕਾਰਬਨ ਡਾਈਆਕਸਾਈਡ ਨਿਕਾਸ 4.5 ਟਨ ਸੀ ਜਦ ਕਿ 2030 ਵਿਚ ਭਾਰਤ ਦਾ ਸੀ $ਓ_2$ ਨਿਕਾਸ ਪ੍ਰਤਿ ਵਿਅਕਤੀ 5 ਟਨ ਹੋ ਜਾਵੇਗਾ। ਨਾਲ ਹੀ, ਸੰਯੁਕਤ ਰਾਸ਼ਟਰ ਦੇ ਬਾਇਓਲਾਜੀਕਲ ਵਿਭਿੰਨਤਾ ਸੰਮੇਲਨ ਮੁਤਾਬਕ ਹੇਠ ਲਿਖੀਆਂ ਕੁਦਰਤੀ ਤਬਦੀਲੀਆਂ ਨੋਟ ਕਰਨ ਵਾਲੀਆਂ ਹਨ :

| ਤਾਲਿਕਾ-1 | | |
|---|---|---|
| 2006 ਵਿਚ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦਾ ਜੀ ਐਚ ਜੀ | | |
| ਦੇਸ਼ | ਕੁੱਲ ਜੀ ਐਚ ਜੀ ਨਿਕਾਸ (ਮਿਲੀਅਨ ਟਨ/ਸਾਲਾਨਾ) | ਵਿਸ਼ਵ ਦੇ ਜੀ ਐਚ ਜੀ ਨਿਕਾਸ ਦੀ ਪ੍ਰਤਿਸ਼ਤ |
| ਚੀਨ | 6017 | 21.8 ਪ੍ਰਤਿਸ਼ਤ |
| ਅਮਰੀਕਾ | 5902 | 20.3 ਪ੍ਰਤਿਸ਼ਤ |
| ਰੂਸ | 1704 | 05.7 ਪ੍ਰਤਿਸ਼ਤ |
| ਯੂਰਪੀ ਦੇਸ਼ | ਪ੍ਰਾਪਤ ਨਹੀਂ | 24.5 ਪ੍ਰਤਿਸ਼ਤ |
| ਭਾਰਤ | 1293 | 04.7 ਪ੍ਰਤਿਸ਼ਤ |

- ਵਿਸ਼ਵ ਵਿਚ ਸਮੁੰਦਰੀ ਪਾਣੀ ਦਾ ਤਲ ਔਸਤਨ 10-20 ਸੈਂਟੀਮੀਟਰ ਵਧਿਆ ਹੈ (ਵਾਧੇ ਦੀ ਮੌਜੂਦਾ ਦਰ 3 ਮਿਲੀ ਮੀਟਰ ਪ੍ਰਤਿ ਸਾਲ ਹੈ)।
- ਸਵਿਟਜ਼ਰਲੈਂਡ ਵਿਚ ਗਲੇਸ਼ੀਅਰ ਦਾ ਕੁੱਲ ਆਕਾਰ ਦੋ ਤਿਹਾਈ ਘਟਿਆ ਹੈ।
- ਆਰਕਟਿਕ ਸਾਗਰ ਵਿਚ ਗਰਮੀ ਦੇ ਅਖੀਰ ਅਤੇ ਬਸੰਤ ਦੇ ਸ਼ੁਰੂ ਵਿਚ ਬਰਫ਼ ਦੀ ਮੋਟਾਈ 40 ਪ੍ਰਤਿਸ਼ਤ ਘਟੀ ਹੈ।
- ਮਾਊਂਟ ਕੀਨੀਆ ਤੋਂ 92 ਪ੍ਰਤਿਸ਼ਤ ਬਰਫ਼ ਖਤਮ ਹੋ ਗਈ ਜਦ ਕਿ ਕਿਲੀਮਾਨਜਾਰੋ ਪਰਬਤ ਤੋਂ 82 ਪ੍ਰਤਿਸ਼ਤ।
- ਨਾਈਜਰ, ਚਾਡ ਝੀਲ ਅਤੇ ਸੇਨੇਗਲ ਦੇ ਮੁਹਾਨਿਆਂ 'ਤੇ 40 ਤੋਂ 60 ਪ੍ਰਤਿਸ਼ਤ ਪਾਣੀ ਦੀ ਕਮੀ ਹੋਈ ਹੈ।
- ਸਮੁੰਦਰੀ ਤੱਟਾਂ 'ਤੇ ਰੇਤੀਲੇ ਕਿਨਾਰਿਆਂ ਵਿਚ 70 ਪ੍ਰਤਿਸ਼ਤ ਵਾਧਾ ਹੋਇਆ ਹੈ।
- ਇਕ ਡਿਗਰੀ ਤਾਪਮਾਨ ਵਧਣ ਨਾਲ ਅਲਾਸਕਾ ਦੀ ਜੰਗਲਾਤ ਪੱਟੀ 100 ਕਿਲੋਮੀਟਰ ਉੱਤਰ ਵੱਲ ਖਿਸਕ ਰਹੀ ਹੈ।

ਜੇ ਅਸੀਂ ਦੁਨੀਆਂ ਦੇ ਜੀ ਐਚ ਜੀ ਨਿਕਾਸ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਚੀਨ, ਅਮਰੀਕਾ, ਰੂਸ, ਯੂਰਪੀਅਨ ਯੂਨੀਅਨ ਅਤੇ ਭਾਰਤ ਸਭ ਤੋਂ ਵੱਧ ਨਿਕਾਸ ਕਰਨ ਵਾਲੇ ਦੇਸ਼ ਹਨ। ਜਿਵੇਂ ਤਾਲਿਕਾ-1 ਵਿਚ ਦਿਖਾਇਅ ਗਿਆ ਹੈ।

ਇਕ ਅੰਦਾਜ਼ੇ ਮੁਤਾਬਕ 2020 ਈਂ ਤਕ ਭਾਰਤ ਵਿਚ ਜੀ ਐਚ ਜੀ ਨਿਕਾਸ 1293 ਮਿਲੀਅਨ ਟਨ ਪ੍ਰਤਿ ਸਾਲ ਤੋਂ ਵਧ ਕੇ 2750-3600 ਮਿਲੀਅਨ ਟਨ ਪ੍ਰਤਿ ਸਾਲ ਤਕ ਪਹੁੰਚ ਜਾਵੇਗਾ ਜੋ 2031 ਈ. ਤਕ 4900-5700 ਮਿਲੀਅਨ ਮੀਟਰਿਕ ਟਨ ਤਕ ਪੁੱਜ ਸਕਦਾ ਹੈ। ਭਾਰਤ ਦੇ ਨਿਕਾਸੀ ਅੰਕੜਿਆਂ ਮੁਤਾਬਕ ਬਿਜਲੀ ਦੀ ਖਪਤ ਕਰਨ ਵਾਲੀਆਂ ਇਕਾਈਆਂ 37.8 ਪ੍ਰਤਿਸ਼ਤ ਖੇਤੀਬਾੜੀ 17.6 ਪ੍ਰਤਿਸ਼ਤ, ਆਵਾਜਾਈ 7.5 ਪ੍ਰਤਿਸ਼ਤ, ਰਿਹਾਇਸ਼ੀ ਖੇਤਰ 7.2 ਪ੍ਰਤਿਸ਼ਤ, ਸੀਮਿੰਟ 6.8 ਪ੍ਰਤਿਸ਼ਤ, ਲੋਹਾ ਅਤੇ ਸਟੀਲ 6.2 ਪ੍ਰਤਿਸ਼ਤ ਨਿਕਾਸ ਦੇ ਜ਼ਿੰਮੇਵਾਰ ਹਨ।

ਇਸ ਦੇ ਵੇਰਵੇ ਲਈ ਤਾਲਿਕਾ-2 ਨੂੰ ਵੇਖਿਆ ਜਾ ਸਕਦਾ ਹੈ :

| ਤਾਲਿਕਾ-2 | |
|---|---|
| ਭਾਰਤ ਵਿਚ ਜੀ ਐਚ ਜੀ ਨਿਕਾਸ (2001) | |
| ਖੇਤਰ | ਪ੍ਰਤਿਸ਼ਤ ਨਿਕਾਸ |
| ਬਿਜਲੀ | 37.8 |
| ਖੇਤੀਬਾੜੀ | 17.6 |
| ਆਵਾਜਾਈ | 7.5 |
| ਰਿਹਾਇਸ਼ੀ ਖੇਤਰ | 7.2 |
| ਸੀਮਿੰਟ | 6.8 |
| ਲੋਹਾ ਤੇ ਸਟੀਲ | 6.2 |
| ਹੋਰ ਸ਼ਕਤੀ ਸਰੋਤ | 5.3 |
| ਦੂਸਰੇ ਉਦਯੋਗ | 8.7 |
| ਰਹਿੰਦ-ਖੂੰਹਦ | 3.0 |
| ਕੁੱਲ | 100 ਪ੍ਰਤਿਸ਼ਤ |

*ਸਰੋਤ : ਐਮ ਓ ਈ ਐਫ (2010)*

ਇਹ ਨਿਕਾਸ ਦਾ ਰਾਸ਼ਟਰੀ ਅੰਕੜਾ ਹੈ ਪਰ ਵੱਖ-ਵੱਖ ਰਾਜਾਂ ਦਾ ਨਿਕਾਸੀ ਅੰਕੜਾ ਵੱਖ-ਵੱਖ ਹੈ। ਉਦਾਹਰਣ ਵਜੋਂ, ਦਿੱਲੀ ਜਿਹੜਾ ਵੱਡੇ ਸ਼ਹਿਰਾਂ ਵਿਚੋਂ ਸਭ ਤੋਂ ਜ਼ਿਆਦਾ ਮੋਟਰ ਗੱਡੀਆਂ ਲਈ ਜਾਣਿਆ ਜਾਂਦਾ ਹੈ, ਉਥੇ ਸਾਲ ਦੇ ਕੁੱਲ ਨਿਕਾਸ (15.41 ਮਿਲੀਅਨ ਟਨ ਪ੍ਰਤਿ ਸਾਲ) ਦਾ 46 ਪ੍ਰਤਿਸ਼ਤ ਆਵਾਜਾਈ ਖੇਤਰ ਵਲੋਂ ਕੀਤਾ ਜਾਂਦਾ ਹੈ।

**ਬੜੇ ਸਾਲਾਂ ਤਕ ਧੂੰਏਂ ਦੀ ਇਕ ਸੰਘਣੀ ਪਰਤ ਦਿੱਲੀ ਨੂੰ ਆਪਣੀ ਗ੍ਰਿਫ਼ਤ ਵਿਚ ਰੱਖਦੀ ਰਹੀ ਜਿਸ ਦਾ ਮੁੱਖ ਕਾਰਨ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਝੋਨੇ ਦੀ ਪਰਾਲੀ ਨੂੰ ਸਾੜਨਾ ਸੀ। ਧੂੰਏਂ ਦੀ ਪਰਤ ਜਦੋਂ ਆਵਾਜਾਈ ਨਿਕਾਸ ਨਾਲ ਮਿਲ ਜਾਂਦੀ ਹੈ ਤਾਂ ਹਾਲਾਤ ਬਦ ਤੋਂ ਬਦਤਰ ਹੋ ਜਾਂਦੇ ਹਨ। 26 ਅਕਤੂਬਰ ਤੋਂ 8 ਨਵੰਬਰ 2012 ਤਕ ਧੂੰਏਂ ਕਾਰਨ ਸਾਹ ਅਤੇ ਦਮੇ ਦੀਆਂ ਬੀਮਾਰੀਆਂ ਵਿਚ ਕਾਫ਼ੀ ਵਾਧਾ ਹੋਇਆ। ਭਾਰਤ ਵਿਚ ਹਵਾ ਦੇ ਪ੍ਰਦੂਸ਼ਨ ਨਾਲ ਸਾਲਾਨਾ 6 ਲੱਖ 20 ਹਜ਼ਾਰ ਮੌਤਾਂ ਹੁੰਦੀਆਂ ਹਨ ਜਦ ਕਿ ਵਿਸ਼ਵ ਦਾ ਅੰਕੜਾ 32 ਲੱਖ ਮੌਤਾਂ ਪ੍ਰਤਿ ਸਾਲ ਦਾ ਹੈ (2000 ਦੇ ਮੁਕਾਬਲੇ ਚਾਰ ਗੁਣਾ)।**

ਦਿੱਲੀ ਵਿਚ ਨਿਕਾਸ ਦੇ ਅੰਕੜਿਆਂ ਨੂੰ ਤਾਲਿਕਾ-3 ਦੁਆਰਾ ਸਮਝਿਆ ਜਾ ਸਕਦਾ ਹੈ :

| ਤਾਲਿਕਾ-3 | |
|---|---|
| ਦਿੱਲੀ ਵਿਚ ਨਿਕਾਸ ਦੇ ਅੰਕੜੇ (2007) | |
| ਖੇਤਰ | ਪ੍ਰਤਿਸ਼ਤ ਵਿਕਾਸ |
| ਆਵਾਜਾਈ | 46 ਪ੍ਰਤਿਸ਼ਤ |
| ਘਰੇਲੂ | 34 ਪ੍ਰਤਿਸ਼ਤ |
| ਵਪਾਰਕ | 12 ਪ੍ਰਤਿਸ਼ਤ |
| ਉਦਯੋਗ | 8 ਪ੍ਰਤਿਸ਼ਤ |
| ਕੁੱਲ | 100 ਪ੍ਰਤਿਸ਼ਤ |

ਮੌਜੂਦਾ ਸਮੇਂ ਵਿਚ ਵਿਸ਼ਵ ਦੀ ਸ਼ਹਿਰੀ ਵਸੋਂ 50 ਪ੍ਰਤਿਸ਼ਤ ਤੋਂ ਵੱਧ ਹੈ ਅਤੇ ਅਜਿਹੇ ਸ਼ਹਿਰੀ ਖਾਣਾ-ਪਾਣੀ, ਆਵਾਜਾਈ, ਬਿਜਲੀ ਦੀ ਲੋਕਾਂ ਲਈ ਸੰਸਥਾਗਤ, ਵਾਯੂਮੰਡਲੀ ਅਤੇ ਭੌਤਿਕ ਸਿਲਸਿਲੇ 'ਤੇ ਨਿਰਭਰ ਕਰਦੇ ਹਨ ਜਿਥੇ ਜਲਵਾਯੂ ਪਰਿਵਰਤਨ ਦਾ ਵੱਖ-ਵੱਖ ਤਰੀਕਿਆਂ ਨਾਲ ਅਸਰ ਪੈਂਦਾ ਹੈ। ਬੇਸ਼ੱਕ ਮਨੁੱਖ ਦੀ ਉਤਪਾਦਿਕਤਾ, ਸਿਹਤ ਅਤੇ ਸ਼ਕਤੀ 'ਤੇ ਤਾਪਮਾਨ ਦੇ ਵਾਧੇ ਦਾ ਸਿੱਧਾ ਅਸਰ ਪੈਂਦਾ ਹੈ। ਭਾਰਤ ਦੀ ਸ਼ਹਿਰੀ ਵਸੋਂ ਹਰ ਸਾਲ 70 ਲੱਖ ਵਧ ਜਾਂਦੀ ਹੈ ਜਦ ਕਿ ਇਕੱਲੀ ਦਿੱਲੀ ਵਿਚ ਇਹ ਵਾਧਾ 5 ਲੱਖ ਸਾਲਾਨਾ ਦਾ ਹੈ। ਸਿਰਫ਼ ਵਧ ਰਹੀ ਗਰਮੀ ਕਰਕੇ ਫਰਿੱਜ, ਏਅਰਕੰਡੀਸ਼ਨਰ ਤੇ ਕੂਲਰਾਂ ਦੀ ਮੰਗ ਹੀ ਨਹੀਂ ਵਧ ਰਹੀ ਸਗੋਂ ਛੇਤੀ-ਛੇਤੀ ਅਤੇ ਬਹੁਤ ਜ਼ਿਆਦਾ ਹੋਣ ਵਾਲੀ ਬਰਸਾਤ ਨਾਲ ਬਹੁਤ ਸਾਰੇ ਸ਼ਹਿਰਾਂ ਦੀਆਂ ਸੜਕਾਂ 'ਤੇ ਪਾਣੀ-ਭਰ ਜਾਣ ਅਤੇ ਟ੍ਰੈਫਿਕ ਜਾਮ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸ਼ਹਿਰਾਂ ਵਿਚ ਹੜ੍ਹਾਂ ਦੀ ਧਾਰਣਾ, ਖ਼ਾਸ ਕਰਕੇ ਮੁੰਬਈ ਅਤੇ ਦਿੱਲੀ ਵਰਗੇ ਸ਼ਹਿਰਾਂ ਲਈ ਇਕ ਨਵੀਂ ਅਤੇ ਗੰਭੀਰ ਸਮੱਸਿਆ ਹੈ। 55 ਪ੍ਰਤਿਸ਼ਤ ਦਿੱਲੀ ਦਾ ਸ਼ਹਿਰੀਕਰਨ ਹੋ ਚੁੱਕਾ ਹੈ ਜੋ 2021 ਈ ਤਕ ਵਧ ਕੇ 85 ਪ੍ਰਤਿਸ਼ਤ ਹੋਣ ਦੀ ਉਮੀਦ ਹੈ। ਜੇ ਇਹ ਵਾਧਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਉਸ ਵੇਲੇ ਨਿਕਾਸੀ ਦੇ ਹਾਲਾਤ ਹੋਰ ਵੀ ਭੈੜੇ ਹੋ ਜਾਣਗੇ। ਪਰ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸਿਵਲ ਸੋਸਾਇਟੀਆਂ (ਜਿਵੇਂ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ) ਦੇ ਦਬਾਅ ਕਾਰਨ ਜਨਤਕ ਆਵਾਜਾਈ ਦੇ ਸਾਧਨਾਂ ਜਿਵੇਂ ਬੱਸ, ਟੈਕਸੀ, ਆਟੋ-ਰਿਕਸ਼ਾ ਆਦਿ ਲਈ ਸੀ ਐਨ ਜੀ ਈਂਧਣ ਦੀ ਸ਼ੁਰੂਆਤ ਕੀਤੀ ਗਈ ਜੋ ਮੁਕਾਬਲਤਨ ਸਾਫ਼ ਸਰੋਤ ਹੈ।

2001-2012 ਦਰਮਿਆਨ ਪਟਨਾ ਵਰਗੀਆਂ ਕਈ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਨਿੱਜੀ ਗੱਡੀਆਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਜਿਸ ਨਾਲ ਵਾਤਾਵਰਨ ਬੇਹੱਦ ਪ੍ਰਦੂਸ਼ਿਤ ਹੋਇਆ ਹੈ। ਇਕ ਅਨੁਮਾਨ ਮੁਤਾਬਕ ਭਾਰਤ ਵਿਚ ਹਰ ਰੋਜ਼ 1375 ਨਵੀਆਂ ਕਾਰਾਂ ਸੜਕਾਂ 'ਤੇ ਆਉਂਦੀਆਂ ਹਨ, ਜਿਸ ਕਰਕੇ ਆਵਾਜਾਈ ਦੇ ਸਾਧਨਾਂ 'ਤੇ ਹੋਣ ਵਾਲੀ ਨਿਕਾਸੀ ਵੱਡੇ ਫ਼ਿਕਰ ਵਾਲੀ ਗੱਲ ਹੈ। ਅੰਦਾਜ਼ਾ ਹੈ ਕਿ ਅੰਤਰਰਾਸ਼ਟਰੀ/ ਰਾਸ਼ਟਰੀ ਪੱਧਰ 'ਤੇ ਹੋਣ ਵਾਲਾ 75 ਪ੍ਰਤਿਸ਼ਤ ਨਿਕਾਸ ਸ਼ਕਤੀ ਦੇ ਸਰੋਤਾਂ ਤੋਂ ਹੁੰਦਾ ਹੈ ਅਤੇ ਭਾਰਤ ਵਿਚ 86 ਪ੍ਰਤਿਸ਼ਤ ਸ਼ਕਤੀ ਜਾਂ ਬਿਜਲੀ ਕੱਚੇ ਕੋਲੇ ਜਾਂ ਬਾਲਣ ਤੋਂ ਆਉਂਦੀ ਹੈ। ਪ੍ਰਦੂਸ਼ਨ ਵਿਚ ਹੋਰ ਵਾਧੇ ਨਾਲ ਸ਼ਹਿਰੀ ਖੇਤਰਾਂ ਵਿਚ, ਜੋ ਪਹਿਲਾਂ ਹੀ ਤੁੰਨੇ ਪਏ ਹਨ, ਪਾਣੀ, ਸਾਫ਼-ਸਫ਼ਾਈ, ਖਾਣਾ, ਸਿੱਖਿਆ, ਸਿਹਤ ਅਤੇ ਹੋਰ ਦੂਜੀਆਂ ਸੇਵਾਵਾਂ ਲਈ ਵਸੋਂ ਦਾ ਦਬਾਅ ਵਧ ਜਾਵੇਗਾ। ਇਹ ਇਕ ਗੰਭੀਰ ਸੋਚ ਦਾ ਅਤੇ ਫ਼ਿਕਰ ਵਾਲਾ ਵਿਸ਼ਾ ਹੈ ਕਿ ਸ਼ਹਿਰੀ ਵਸੋਂ ਕਿਸ ਹੱਦ ਤਕ ਜਲਵਾਯੂ ਪਰਿਵਰਤਨ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਉਸ ਅਨੁਸਾਰ ਆਪਣੀ ਜੀਵਨ ਸ਼ੈਲੀ ਨੂੰ ਢਾਲ ਲੈਂਦੀ ਹੈ। ਸੋ, ਢਾਂਚਾਗਤ ਇਕਾਈਆਂ ਬਣਾਉਣਾ ਅਤੇ ਸ਼ਹਿਰੀਕਰਨ ਦਾ ਅਧਿਕਾਰ ਕਸਬਿਆਂ, ਨਗਰਾਂ ਅਤੇ ਮਹਾਂਨਗਰਾਂ ਦੇ ਗ਼ੈਰ-ਯੋਜਨਾਬੱਧ ਵਿਕਾਸ ਦੇ ਮਾਮਲੇ ਵਿਚ ਬਹੁਤ ਗੰਭੀਰ ਮਸਲਾ ਬਣ ਗਿਆ ਹੈ। ਮਰਕਸ ਮੋਇਨਕ ਭੈੜੇ ਪ੍ਰਬੰਧਨ, ਹਾਸ਼ੀਏ 'ਤੇ ਗਈ ਵਸੋਂ ਅਤੇ ਜਲਵਾਯੂ ਪਰਿਵਰਤਨ ਦਾ ਸ਼ਿਕਾਰ ਸ਼ਹਿਰੀਕਰਨ ਨੂੰ ਠੀਕ ਹੀ ਅਸੁਰੱਖਿਅਤ ਮੰਨਦਾ ਹੈ। ਉਦਾਹਰਣ ਲਈ, ਪਹੁੰਚ ਤੋਂ ਦੂਰ ਵਾਲੇ ਖੇਤਰਾਂ ਵਿਚ ਰਹਿਣ ਵਾਲੇ ਗਰੀਬ ਲੋਕਾਂ ਦੇ ਮੁਕਾਬਲੇ ਤੱਟੀ ਸ਼ਹਿਰਾਂ ਵਿਚ ਰਹਿਣ ਵਾਲੇ ਧਨਾਡ ਲੋਕ ਅਚਾਨਕ ਉੱਠਣ ਵਾਲੇ ਤੂਫ਼ਾਨ, ਚੱਕਰਵਾਤ ਅਤੇ ਸਮੁੰਦਰੀ ਜਲ ਪੱਧਰ ਵਧਣ ਦੇ ਪ੍ਰਭਾਵਾਂ ਦੇ ਵੱਧ ਸ਼ਿਕਾਰ ਹੋ ਸਕਦੇ ਹਨ। ਦੂਜੇ ਪਾਸੇ, ਜਦੋਂ ਤੂਫ਼ਾਨ, ਚੱਕਰਵਾਤ ਅਤੇ ਸਮੁੰਦਰੀ ਜਲ ਪੱਧਰ ਦਾ ਆਧਾਰ ਖੇਤੀਬਾੜੀ ਉਤਪਾਦਨ 'ਤੇ ਪੈਂਦਾ ਹੈ ਤਾਂ ਸ਼ਹਿਰੀ ਗਰੀਬ ਵਰਗ ਜੋ 'ਸੁਰੱਖਿਅਤ' ਅੰਦਰੂਨੀ ਖੇਤਰਾਂ ਵਿਚ ਰਹਿੰਦੇ ਹਨ ਤਾਂ ਉਨ੍ਹਾਂ 'ਤੇ ਕੀਮਤਾਂ ਵਿਚ ਅਸਿੱਧੇ ਵਾਧੇ ਦਾ ਜ਼ਿਆਦਾ ਮਾਰੂ ਅਸਰ ਪਵੇਗਾ ਜਦ ਕਿ ਖੁੱਲ੍ਹੇ ਤੱਟੀ ਸਥਾਨਾਂ 'ਤੇ

ਰਹਿਣ ਵਾਲੇ ਅਮੀਰ ਲੋਕਾਂ 'ਤੇ ਇਸ ਦਾ ਘੱਟ ਹੀ ਅਸਰ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਹਾਵੜਾ ਦੀ ਤੱਟੀ ਜਲਵਾਯੂ ਅਤੇ ਮੈਂਗਰੋਵ ਦਰੱਖ਼ਤ ਚੱਕਰਵਾਤ ਅਤੇ ਤੂਫ਼ਾਨਾਂ ਤੋਂ ਜ਼ਿਆਦਾ ਅਸੁਰੱਖਿਅਤ ਹਨ। ਇਸ ਕਰਕੇ ਨੀਵੇਂ ਖੇਤਰਾਂ ਅਤੇ ਦਰਿਆਵਾਂ ਦੇ ਕੰਢਿਆਂ 'ਤੇ ਵਧਣ ਵਾਲੇ ਲੋਕਾਂ ਨੂੰ ਤੱਟੀ ਜਲਵਾਯੂ ਪ੍ਰਣਾਲੀ ਦਾ ਠੀਕ ਰੱਖ-ਰਖਾਅ ਨਾ ਕਰਨ ਦਾ ਖਮਿਆਜ਼ਾ ਵੱਧ ਭੁਗਤਣਾ ਪੈਂਦਾ ਹੈ। (ਉੱਤਰ ਪ੍ਰਦੇਸ਼ ਦੇ ਗੋਰਖਪੁਰ ਸ਼ਹਿਰ ਵਿਚ ਕੇਂਦਰੀ ਗੰਗਾ ਬੇਸਿਨ ਦੇ ਨੀਵੇਂ ਖੇਤਰਾਂ ਵਿਚ ਬਰਸਾਤ ਵਿਚ ਹੋਏ ਬਦਲਾਵਾਂ ਕਾਰਨ ਜਲ ਭਰ ਜਾਣ ਅਤੇ ਹੜ੍ਹਾਂ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਪਾਣੀ ਦੇ ਸਰੋਤਾਂ ਦੀ ਮਾੜੀ ਹਾਲਾਤ, ਰੱਖ-ਰਖਾਅ, ਵਿਕਾਸ ਅਤੇ ਭੂਮੀ ਕਬਜ਼ਿਆਂ ਨੇ ਇਸ ਨੂੰ ਹੋਰ ਗੰਭੀਰ ਸ਼ਕਲ ਦੇ ਦਿਤੀ ਹੈ। ਪਾਣੀ ਸੋਧਕ ਯੰਤਰ ਦੀ ਅਣਹੋਂਦ ਕਾਰਨ ਠੋਸ ਰਹਿੰਦ-ਖੂੰਹਦ, ਨਾਲਿਆਂ ਦੀ ਸਫ਼ਾਈ ਅਤੇ ਪਾਣੀ ਦੇ ਸਰੋਤਾਂ ਦਾ ਪ੍ਰਦੂਸ਼ਣ ਬਹੁਤ ਵਧ ਗਿਆ ਹੈ। ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਵਿਚ ਮੁਨਾਸਬ ਪਾਣੀ ਦੀ ਪੂਰਤੀ ਨਾ ਹੋਣ ਕਰਕੇ 1990 ਤੋਂ ਬਾਅਦ ਨਿੱਜੀ ਪਾਣੀ ਪੂਰਤੀ ਕਰਨ ਵਾਲੇ ਅਦਾਰੇ ਪਨਪ ਪਏ ਹਨ ਜੋ ਕੁੱਲ ਪਾਣੀ ਪੂਰਤੀ ਦਾ 10 ਪ੍ਰਤਿਸ਼ਤ ਜਨਤਾ ਤਕ ਪਹੁੰਚਾਉਂਦੇ ਹਨ। ਅਣ-ਅਧਿਕਾਰਤ (ਬਿਨਾਂ ਪੈਕ ਕੀਤਾ) ਪਾਣੀ ਕਰਕੇ ਸਿਹਤ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਅਤੇ ਸ਼ਿਕਾਇਤ ਨਿਵਾਰਨ ਦਾ ਕੋਈ ਪ੍ਰਭਾਵੀ ਪ੍ਰਬੰਧਨ ਨਹੀਂ ਹੈ। ਨਾਲ ਹੀ ਨਾਲ, ਥੱਲੇ ਅਸ਼ੁੱਧੀਆਂ ਜਮ੍ਹਾਂ ਹੋਣ ਕਾਰਨ ਪੁਰਾਣੇ ਅਤੇ ਗਲ਼ੇ ਹੋਏ ਪਾਣੀ ਪਾਈਪਾਂ ਵਿਚ ਸੀਵਰੇਜ ਅਤੇ ਹੋਰ ਗੰਦਾ ਪਦਾਰਥ ਮਿਲ ਜਾਂਦੇ ਹਨ। ਇਸ ਤਰ੍ਹਾਂ 'ਪਾਣੀ ਪੂਰਤੀ ਅਤੇ ਸੀਵਰੇਜ ਨੂੰ ਸਮੇਟਣ ਦੀ ਨੀਤੀ 'ਸੀਵਰੇਜ ਸਪਲਾਈ ਅਤੇ ਪਾਣੀ ਸਮੇਟਣ' ਦੀ ਨੀਤੀ ਵਿਚ ਬਦਲ ਜਾਂਦੀ ਹੈ। ਜਲਵਾਯੂ ਬਦਲਾਅ ਇਸ ਘੜਮੱਸ ਨੂੰ ਹੋਰ ਗੰਭੀਰ ਕਰ ਦੇਣਗੇ। ਦੂਜੇ ਪਾਸੇ ਭਾਰਤ ਦੀ 60 ਪ੍ਰਤਿਸ਼ਤ ਆਬਾਦੀ ਖੇਤੀ 'ਤੇ ਨਿਰਭਰ ਹੈ ਜਿਹੜੀ ਜਲਵਾਯੂ ਦੀਆਂ ਕਈ ਹਾਲਤਾਂ ਕਾਰਨ ਖਰਾਬ ਹੋ ਜਾਂਦੀ ਹੈ :

- 60 ਪ੍ਰਤਿਸ਼ਤ ਖੇਤੀ ਯੋਗ ਖੇਤਰ ਭੂਚਾਲ ਵਾਲੇ ਖੇਤਰ ਵਿਚ ਹੈ।
- 40 ਪ੍ਰਤਿਸ਼ਤ ਖੇਤੀਬਾੜੀ ਹੜ੍ਹਾਂ ਕਾਰਨ ਤਬਾਹ ਹੋ ਜਾਂਦੀ ਹੈ।
- 60 ਪ੍ਰਤਿਸ਼ਤ ਖੇਤੀਬਾੜੀ ਸੋਕੇ ਤੋਂ ਪ੍ਰਭਾਵਤ ਹੁੰਦੀ ਹੈ।
- 76 ਪ੍ਰਤਿਸ਼ਤ (ਕਰੀਬ 800 ਕਿਲੋਮੀਟਰ ਤੱਟੀ ਖੇਤਰ) ਤੇਜ਼ ਰਫ਼ਤਾਰ ਤੂਫਾਨ ਦੀ ਲਪੇਟ ਵਿਚ ਆ ਜਾਂਦਾ ਹੈ।

## ਅਸੁਰੱਖਿਅਤਾ ਦੇ ਪੱਖ

ਅਸੁਰੱਖਿਅਤਾ ਦੇ ਵੱਖ-ਵੱਖ ਲੋਕਾਂ ਲਈ ਵੱਖ-ਵੱਖ ਮਾਅਨੇ ਹਨ ਅਤੇ ਮੁੱਦਿਆਂ, ਤੀਬਰਤਾ, ਡਿਗਰੀ ਅਤੇ ਮਾਤਰਾ ਵਿਚ ਫ਼ਰਕ ਦੇ ਮਾਮਲੇ ਵਿਚ ਭਾਰਤ ਦੇ ਵੱਖ-ਵੱਖ ਖੇਤਰਾਂ/ਰਾਜਾਂ ਦੇ ਹੋਰ ਵਿਚਾਰ ਹਨ। ਸਥਾਨਾਂ ਅਤੇ ਵੱਖ-ਵੱਖ ਪੱਧਰਾਂ (ਭਾਈਚਾਰਾ, ਜ਼ਿਲ੍ਹਾ, ਰਾਜ) ਦੀਆਂ ਅਲਗ ਧਾਰਣਾਵਾਂ ਹਨ। ਜਿਵੇਂ ਉੱਤਰ ਭਾਰਤ ਵਿਚ ਗੰਗਾ ਦੀ ਤਲਹੱਟੀ ਖੇਤਰ ਵਿਚ ਜਲਵਾਯੂ ਪਰਿਵਰਤਨ ਅਨੁਸਾਰ ਆਪਣੇ ਆਪ ਨੂੰ ਢਾਲਣ ਸੰਬੰਧੀ ਹਾਈਨੂਨ ਅਧਿਐਨ ਮੁਤਾਬਕ ਹੇਠ ਲਿਖੀਆਂ ਧਾਰਣਾਵਾਂ ਸਾਹਮਣੇ ਆਉਂਦੀਆਂ ਹਨ :

- ਨਦੀਆਂ ਦੇ ਉੱਪਰਲੇ ਪਾਸੇ ਹੜ੍ਹਾਂ ਤੋਂ ਬਚਾਅ ਦੇ ਪ੍ਰਬੰਧਨ ਨੂੰ ਜ਼ਿਆਦਾ ਮਹੱਤਤਾ ਦਿਤੀ ਜਾਂਦੀ ਹੈ ਜਦ ਕਿ ਸੋਕਾ ਗ੍ਰਸਤ ਖੇਤਰਾਂ, ਵਿਚਕਾਰਲੇ ਖੇਤਰਾਂ ਅਤੇ ਨੀਵੇਂ ਖੇਤਰਾਂ ਵਿਚ ਪਾਣੀ ਦੀ ਸੰਭਾਲ ਅਤੇ ਭੰਡਾਰ ਕਰਨ, ਜੀਵਨ ਨਿਰਬਾਹ ਦੀਆਂ ਵਿਭਿੰਨਤਾਵਾਂ ਜ਼ਿਆਦਾ ਮਹੱਤਵਪੂਰਨ ਹਨ। ਉਨ੍ਹਾਂ ਦੇ ਵਿਕਲਪ ਮੁੱਖ ਤੌਰ ਤੇ 'ਹਰੇ ਉਪਾਅ' (ਜ਼ਮੀਨੀ ਪੱਧਰ 'ਤੇ ਪਾਣੀ ਦੀ ਸੰਭਾਲ ਅਤੇ ਬਾਰਸ਼ ਦੀ ਜ਼ਿਆਦਾ ਚੰਗੀ ਵਰਤੋਂ) ਅਤੇ 'ਨੀਲੇ ਉਪਰਾਲੇ' (ਵੱਡੀ ਸਮਰੱਥਾ ਵਾਲੇ ਡੈਮ) ਗੰਗਾ ਦੀ ਤਲਹੱਟੀ ਵਿਚ ਜ਼ਿਆਦਾ ਕਾਰਗਰ ਹਨ।
- ਜ਼ਿਲ੍ਹਾ ਅਤੇ ਰਾਜ ਪੱਧਰ ਦੀਆਂ ਧਿਰਾਂ ਅਨੁਕੂਲਣ ਪ੍ਰਕਿਰਿਆ ਦੇ ਮਾਮਲੇ ਦੀ ਪ੍ਰਾਥਮਿਕਾ ਵਿਚ ਲਾਗਤ ਨੂੰ ਮੁੱਖ ਰੱਖਦੀਆਂ ਹਨ। ਵੱਡੀ ਲਾਗਤ ਵਾਲੇ ਵਿਕਲਪ ਜਿਵੇਂ ਨਦੀਆਂ ਦੇ ਕੰਢਿਆਂ ਨੂੰ ਮਜ਼ਬੂਤ ਕਰਨਾ ਜ਼ਿਲ੍ਹਾ ਪੱਧਰੀ ਅਤੇ ਉਪਰਲੇ ਖੇਤਰ ਦੀਆਂ ਧਿਰਾਂ ਲਈ ਗ਼ੈਰ-ਪ੍ਰਾਥਮਿਕ ਸਨ। ਇਸੇ ਤਰ੍ਹਾਂ ਹੜ੍ਹ ਪ੍ਰਭਾਵਿਤ ਮੈਦਾਨੀ ਖੇਤਰਾਂ ਦੇ ਪੀੜਤ ਲੋਕਾਂ ਦਾ ਮੁੜ ਵਸੇਬਾ ਸਭ ਤੋਂ ਘੱਟ ਅਤੇ ਸਭ ਤੋਂ ਔਖਾ ਸਮਝਿਆ ਜਾਂਦਾ ਹੈ। ਕਾਰਨ - ਜ਼ਿਆਦਾ ਲਾਗਤ ਸਮਾਜ ਵਿਚ ਘੱਟ ਮਾਨਤਾ।
- ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਅਜੋਕੇ ਪ੍ਰੋਗਰਾਮਾਂ ਅਤੇ ਸਕੀਮਾਂ ਜਿਵੇਂ ਸੰਭਾਵਨਾਵਾਂ ਦਾ ਦਾਇਰਾ ਵਧਾਉਣਾ ਅਤੇ ਖੇਤੀ ਬੀਮਾ ਨੂੰ ਜ਼ਿਆਦਾ ਮਹੱਤਤਾ ਦਿਤੀ ਜਾਂਦੀ ਹੈ।
- ਭਾਈਚਾਰਿਆਂ ਵਲੋਂ ਇਕਦਮ ਮਿਲਣ ਵਾਲੇ ਲਾਭ, ਜਿਵੇਂ ਪਾਣੀ ਨੂੰ ਭੰਡਾਰ ਕਰਨ ਦੇ ਢਾਂਚੇ ਆਦਿ ਨੂੰ ਜ਼ਿਆਦਾ ਮਹੱਤਤਾ ਦਿਤੀ ਜਾਂਦੀ ਹੈ ਕਿ ਬਜਾਇ ਇਸ ਦੇ ਕਿ ਦੂਰਗਾਮੀ ਕਦਮ ਜਿਵੇਂ ਕਿ ਜੰਗਲ ਲਗਾਉਣਾ ਆਦਿ।
- ਸਮਾਜਿਕ ਮਾਨਤਾ ਦੇ ਮੁੱਦੇ - ਜ਼ਿਲ੍ਹਾ ਪੱਧਰ ਦੇ ਅਧਿਕਾਰੀ ਗਰਮੀਆਂ ਵਿਚ ਝੋਨੇ ਦੀ ਫ਼ਸਲ ਬੀਜਣ ਨਾਲੋਂ ਘੱਟ ਪਾਣੀ ਖਪਤ ਕਰਨ ਵਾਲੀਆਂ ਫ਼ਸਲਾਂ (ਦਾਲਾਂ, ਸਬਜ਼ੀਆਂ) ਬੀਜਣ 'ਤੇ ਜ਼ੋਰ ਦਿੰਦੇ ਸਨ ਪਰ ਆਮ ਲੋਕਾਂ ਨੂੰ ਇਹ ਘੱਟ ਹੀ ਪ੍ਰਵਾਨ ਹੁੰਦਾ ਹੈ।
- ਕਿਸਾਨਾਂ ਵਲੋਂ ਸਹਾਇਤਾ ਦੇਣ ਵਾਲੀਆਂ ਸੰਸਥਾਵਾਂ ਵਿਚ ਭਰੋਸਾ ਨਾ ਹੋਣ ਕਰਕੇ ਅਤੇ ਸਮਰਥਾ ਵਿਚ ਖੱਪੇ ਹੋਣ ਕਰਕੇ ਉਹ ਨਵੀਆਂ ਤਕਨੀਕਾਂ ਅਜਮਾਉਣ ਨੂੰ ਤਿਆਰ ਨਹੀਂ ਹੁੰਦੇ।

**ਵੱਖ-ਵੱਖ ਰਾਜਾਂ ਦੀ ਵੱਖ-ਵੱਖ ਤੀਬਰਤਾ, ਦਰਜਾ ਅਤੇ ਅਸੁਰੱਖਿਅਤਾ ਦੀ ਦਰ ਹੈ। ਜਿਵੇਂ ਬਿਹਾਰ ਦਾ 73 ਪ੍ਰਤਿਸ਼ਤ ਰਕਬਾ ਹੜ੍ਹ ਪ੍ਰਭਾਵਤ ਖੇਤਰ ਹੈ। 17 ਪ੍ਰਤਿਸ਼ਤ ਸੋਕਾ ਪੀੜਤ ਅਤੇ 10 ਪ੍ਰਤਿਸ਼ਤ ਸੇਮ ਦੀ ਸਮੱਸਿਆ ਦੀ ਮਾਰ ਹੇਠ ਹੈ। 2013 ਦੇ ਜੂਨ ਤੋਂ ਅਕਤੂਬਰ ਤਕ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਸੋਕਾ ਪਿਆ ਜਦ ਕਿ 5-6 ਜ਼ਿਲ੍ਹਿਆਂ ਵਿਚ ਹੜ੍ਹਾਂ ਨੇ ਤਬਾਹੀ ਮਚਾਈ। ਉੱਤਰੀ ਬਿਹਾਰ ਦੇ ਦਰਿਆਵਾਂ ਦੇ ਮੁਹਾਣਿਆਂ ਦਾ ਤਕਰੀਬਨ 85 ਪ੍ਰਤਿਸ਼ਤ ਹਿੱਸਾ ਬਿਹਾਰ ਦੇ ਅੰਦਰ ਪੈਂਦਾ ਹੈ (ਖ਼ਾਸ ਕਰਕੇ ਨੇਪਾਲ)। ਕੋਸੀ ਦਰਿਆ ਬਿਹਾਰ ਦਾ ਸੰਤਾਪ ਹੈ।**

ਤਿੰਨ ਪ੍ਰਕਾਰ ਦੇ ਦਰਿਆਵਾਂ ਕਰਕੇ ਬਿਹਾਰ ਹੜ੍ਹਾਂ ਦੀ ਮਾਰ ਨਾਲ ਜੂਝਦਾ ਹੈ :

- ਹਿਮਾਲਿਆ ਤੋਂ ਨਿਕਲਣ ਵਾਲੇ ਸਦਾ ਵਗਣ ਵਾਲੇ ਦਰਿਆ ਜੋ ਬਰਫ਼ੀਲੇ ਪਾਣੀ ਨਾਲ ਭਰੇ ਹੁੰਦੇ ਹਨ। ਇਨ੍ਹਾਂ ਦਾ ਗਰਮੀਆਂ ਵਿਚ ਵਹਾਅ ਬਹੁਤ ਤੇਜ਼ ਹੁੰਦਾ ਹੈ - ਕੋਸੀ, ਗੰਡਕ, ਕਰਨਾਲੀ (ਘਾਗਰਾ) ਅਤੇ ਮਹਾਕਾਲੀ (ਸ਼ਾਰਦਾ)।
- ਮਹਾਂਭਾਰਤ ਲੜੀ ਦੇ ਪਰਬਤਾਂ ਦੇ

ਅੰਦਰਲੇ ਹਿੱਸਿਆਂ ਤੋਂ ਉਪਜਣ ਵਾਲੇ ਦਰਿਆ ਜਿਨ੍ਹਾਂ ਦੀ ਤਲਹੱਟੀ ਤੇ ਜਮਾਉ ਅਤੇ ਧਰਤੀ ਹੇਠੋਂ ਪਾਣੀ ਵੀ ਸਿੰਮਦਾ ਰਹਿੰਦਾ ਹੈ - ਮੇਚੀ, ਕਨਕਾਈ, ਕਮਾਲਾ, ਬਾਗਮਤੀ, ਪੱਛਮੀ ਰਾਪਤੀ ਅਤੇ ਬਬਾਈ। ਭਾਵੇਂ ਕਿ ਇਹ ਸਦਾ ਵਗਣ ਵਾਲੇ ਦਰਿਆ ਹਨ ਪਰ ਇਨ੍ਹਾਂ ਵਿਚ ਮੌਸਮਾਂ ਦੇ ਲਿਹਾਜ਼ ਨਾਲ ਵਹਾਅ ਵਿਚ ਕਾਫ਼ੀ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ।

- ਦੱਖਣੀ ਸ਼ਿਵਾਲਿਕ ਪਹਾੜੀਆਂ ਦੀ ਲੜੀ ਵਿਚੋਂ ਉਪਜਣ ਵਾਲੇ ਦਰਿਆ - ਇਹ ਮੌਸਮੀ ਹਨ ਅਤੇ ਬਰਸਾਤਾਂ ਵਿਚ ਇਨ੍ਹਾਂ ਅੰਦਰ ਅਚਾਨਕ ਤੇਜ਼ ਹੜ੍ਹ ਆਉਂਦੇ ਹਨ।

ਅਸਲ ਵਿਚ, ਉੱਤਰੀ ਬਿਹਾਰ ਦੇ ਸਾਰੇ 21 ਜ਼ਿਲ੍ਹੇ ਨੇਪਾਲ ਤੋਂ ਨਿਕਲਣ ਵਾਲੇ ਦਰਿਆਵਾਂ ਦੇ ਹੜ੍ਹਾਂ ਦੀ ਮਾਰ ਹੇਠ ਹਨ। ਇਸ ਕਰਕੇ ਸਥਾਨਕ ਵਸੋਂ ਹਮੇਸ਼ਾ 'ਤੀਸਰੀ ਫ਼ਸਲ' ਦੀ ਉਡੀਕ ਵਿਚ ਰਹਿੰਦੀ ਹੈ। ਇਸ ਤੋਂ ਇਲਾਵਾ, ਸਮੁੰਦਰੀ ਜਲ ਪੱਧਰ ਵਿਚ ਵਾਧੇ ਅਤੇ ਤੂਫ਼ਾਨ/ਚੱਕਰਵਾਤ ਨਮੂਨੇ ਵਿਚ ਹੋਣ ਵਾਲੇ ਬਦਲਾਅ ਕਰਕੇ ਆਂਧਰਾ ਪ੍ਰਦੇਸ਼, ਤਮਿਲਨਾਡੂ, ਕੇਰਲ, ਮਹਾਂਰਾਸ਼ਟਰ, ਗੁਜਰਾਤ, ਪੱਛਮੀ ਬੰਗਾਲ, ਓਡੀਸ਼ਾ, ਅੰਡੇਮਾਨ ਅਤੇ ਨਿਕੋਬਾਰ ਟਾਪੂ ਅਤੇ ਗੋਆ ਦੇ ਤੱਟੀ ਸ਼ਹਿਰ ਹਮੇਸ਼ਾ ਖ਼ਤਰੇ ਵਿਚ ਰਹਿੰਦੇ ਹਨ।

## ਤਕਲੀਫ਼ਾਂ ਘੱਟ ਕਰਨ ਦੀਆਂ ਕੋਸ਼ਿਸ਼ਾਂ

ਵੱਖ-ਵੱਖ ਰਾਜਾਂ ਦੀਆਂ ਜਲਵਾਯੂ ਪਰਿਵਰਤਨ ਸੰਬੰਧੀ ਆਪਣੀਆਂ-ਆਪਣੀਆਂ ਪ੍ਰਾਥਮਿਕਤਾਵਾਂ ਹਨ। ਇਸ ਕਰਕੇ, ਉਨ੍ਹਾਂ ਨੂੰ ਤਕਲੀਫ਼ਾਂ ਦੂਰ ਕਰਨ ਲਈ ਵੱਖ-ਵੱਖ ਪੱਧਰ 'ਤੇ, ਵੱਖ-ਵੱਖ ਧਿਰਾਂ ਦੁਆਰਾ ਰਾਜ ਕਾਰਜ ਯੋਜਨਾ ਬਣਾਉਣੇ ਪੈਂਦੇ ਹਨ। ਸਤੰਬਰ 2013 ਤਕ ਸਿਰਫ਼ 20 ਰਾਜਾਂ ਵਲੋਂ ਅਜਿਹੀਆਂ ਯੋਜਨਾਵਾਂ ਬਣਾਈਆਂ ਗਈਆਂ ਸਨ। ਓਡੀਸ਼ਾ ਅਜਿਹਾ ਕਰਨ ਵਾਲਾ ਪਹਿਲਾ ਰਾਜ ਸੀ। ਗੁਜਰਾਤ ਇਕੋ-ਇਕ ਰਾਜ ਹੈ ਜਿਥੇ ਜਲਵਾਯੂ ਪਰਿਵਰਤਨ ਸੰਬੰਧੀ ਇਕ ਵੱਖਰਾ ਵਿਭਾਗ ਹੈ। ਮੁੱਖ ਤੌਰ ਤੇ 2 ਪ੍ਰਕਾਰ ਦੀ ਅਨੁਕੂਲਨ ਪ੍ਰਕਿਰਿਆ ਹੈ - ਯੋਜਨਾਬਧ ਅਤੇ ਗ਼ੈਰ-ਯੋਜਨਾਬਧ (ਖੁਦ-ਮੁਖ਼ਤਿਆਰ)। ਯੋਜਨਾਬਧ ਅਨੁਕੂਲਣ ਦਾ ਮਤਲਬ ਹੈ ਕਿ ਇਕ ਨਿਰਧਾਰਤ ਟੀਚੇ, ਜਿਵੇਂ ਛੰਭ ਦੀ ਜ਼ਮੀਨ ਦਾ ਪੁਨਰ ਉਥਾਨ, ਤੂਫ਼ਾਨ ਤੋਂ ਬਚਾਅ ਲਈ ਨੀਤੀਗਤ ਫ਼ੈਸਲੇ ਲੈਣੇ।

ਅਸਲ ਵਿਚ, ਅਨੁਕੂਲਣ ਦੇ ਚਾਰ ਮੁੱਖ ਪੱਖ ਹਨ :

- ਇੱਛਾ - ਖੁਦਮੁਖ਼ਤਿਆਰ ਜਾਂ ਯੋਜਨਾਬਧ।
- ਕਿਰਿਆਸ਼ੀਲਤਾ - ਪ੍ਰਤਿਕਿਰਿਆ (ਬਾਅਦ ਵਿਚ), ਮੌਜੂਦਾ (ਨਾਲੋ-ਨਾਲ) ਜਾਂ ਅਗਾਊਂ।
- ਸਮਾਂ ਸੂਚਕ - ਥੋੜ੍ਹ ਚਿਰੇ (ਇਕ ਦਮ ਹੋਣ ਵਾਲੇ) ਜਾਂ ਦੂਰਗਾਮੀ (ਸੰਚਿਤ)।
- ਵਿੱਥਮਈ - ਸਥਾਨਕ ਜਾਂ ਫੈਲੇ ਹੋਏ।

ਕੁਦਰਤੀ ਤੌਰ ਤੇ ਜਾਗਰੂਕ ਤੇ ਪੜ੍ਹੇ ਲਿਖੇ ਯੋਜਨਾਬਧ, ਪਹਿਲਾਂ ਤੋਂ ਅੰਦਾਜ਼ੇ ਅਤੇ ਸਥਾਨਕ ਅਨੁਕੂਲਣ ਨੂੰ ਫੌਰੀ 'ਤੇ ਦਿਸਣ ਵਾਲੇ ਨਤੀਜਿਆਂ ਲਈ ਤਰਜੀਹ ਦਿੰਦੇ ਹਨ। ਭਾਰਤ ਦੇ ਵੱਖ-ਵੱਖ ਰਾਜਾਂ ਨੂੰ ਹੇਠ ਲਿਖੇ ਕਦਮ ਉਠਾਉਣ ਦੀ ਲੋੜ ਹੈ :

***ਪਹਿਲਾ*** - ਸਾਨੂੰ ਯੋਜਨਾਬੰਦੀ ਬਿਲਕੁਲ ਹੇਠਾਂ ਤੋਂ ਸ਼ੁਰੂ ਕਰਨੀ ਚਾਹੀਦੀ ਹੈ (ਨਾ ਕਿ ਉੱਪਰ ਤੋਂ) ਤਾਂ ਕਿ ਸਥਾਨਕ ਅਤੇ ਖੇਤਰ ਮੁਤਾਬਕ ਵਿਵਹਾਰਕ ਪਹੁੰਚ ਅਪਣਾਈ ਜਾ ਸਕੇ। ਸਵਾਮੀਨਾਥਨ ਫਾਊਂਡੇਸ਼ਨ ਅਤੇ *ਇਫਕੋ* ਵਲੋਂ ਕਿਸਾਨਾਂ ਲਈ ਹੈਲਪ ਲਾਈਨ ਸ਼ੁਰੂ ਕੀਤੀ ਗਈ ਹੈ। ਸੋਲਰ ਬਾਇਓਮਾਸ ਕੋਲਡ ਸਟੋਰ ਤਕਨੀਕ (*ਟੇਰੀ* ਦਿੱਲੀ ਵਲੋਂ ਡਿਜ਼ਾਈਨ) ਸਫਲ ਸਿੱਧ ਹੋ ਰਹੀ ਹੈ ਅਤੇ ਫਿਜੀ ਦੇਸ਼ ਵਲੋਂ ਵੀ ਇਸ ਨੂੰ ਆਪਣਾਇਆ ਗਿਆ ਹੈ।

***ਦੂਜਾ*** - ਖੇਤੀਬਾੜੀ ਵਿਚ ਮੌਨਸੂਨ ਤੋਂ ਪਹਿਲਾਂ, ਮੌਨਸੂਨ ਤੋਂ ਬਾਅਦ ਅਤੇ ਸਰਦੀਆਂ ਵਿਚ ਸਾਰੀਆਂ ਧਿਰਾਂ ਨੂੰ ਸਮਰੱਥਾ ਵਧਾਉਣ (ਵਿਕਾਸਸ਼ੀਲ ਦੇਸ਼ਾਂ ਵਿਚ ਤਕਨੀਕੀ ਹੁਨਰ ਅਤੇ ਸੰਸਥਾਗਤ ਸਮਰੱਥਾ ਨੂੰ ਵਧਾਉਣਾ ਆਦਿ) ਨੂੰ ਤਰਜੀਹ ਦੇਣੀ ਹੋਵੇਗੀ। ਹੜ੍ਹਾਂ ਦੀ ਅਗਾਊਂ ਜਾਣਕਾਰੀ, ਹੜ੍ਹਾਂ ਤੋਂ ਬਚਾਅ, ਹੜ੍ਹਾਂ ਵਾਲੇ ਖੇਤਰਾਂ ਦੇ ਜ਼ੋਨ ਆਦਿ ਮਿਥਣੇ, ਇਹ ਸਮੇਂ ਦੀ ਲੋੜ ਹਨ। ਹਾਲੇ ਤਕ ਭਾਰਤ ਵਿਚ ਮੌਸਮ ਦੀ ਭਵਿੱਖਬਾਣੀ ਬਹੁਤੀ ਕਾਰਗਰ ਨਹੀਂ ਹੈ, ਇਸ ਕਰਕੇ ਤਕਨੀਕੀ ਉਤਸ਼ਾਹ ਦੀ ਬਹੁਤ ਲੋੜ ਹੈ। ਹੋਰ ਜ਼ਿਆਦਾ, ਮਿੱਟੀ, ਉਪਜਾਊਪਨ ਅਤੇ ਖੇਤੀ ਪਾਣੀ ਦੇ ਦਬਾਅ ਨੂੰ ਧਿਆਨ ਵਿਚ ਰੱਖਦਿਆਂ ਮੌਸਮ ਦੀ ਭਵਿੱਖਬਾਣੀ ਦਾ ਸਿਸਟਮ ਬਣਾਉਣਾ ਪਵੇਗਾ। ਅਚਾਨਕ ਹੋਣ ਵਾਲੀਆਂ ਬਾਰਸ਼ਾਂ ਨੂੰ ਧਿਆਨ ਵਿਚ ਰੱਖਦਿਆਂ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਨੂੰ ਸੁਧਾਰਨ ਹੋਵੇਗਾ। ਸੋਕੇ ਦੇ ਹਾਲਾਤ ਵਿਚ ਪਾਣੀ ਦੀ ਪੂਰਤੀ ਲਈ ਵੱਡੇ ਭੰਡਾਰਨ ਬਣਾਉਣ ਦੀ ਲੋੜ ਹੈ। ਇਹ ਨਿਰਮਾਣ ਭੁਚਾਲ, ਚੱਕਰਵਾਤ ਅਤੇ ਤੂਫ਼ਾਨ ਤੋਂ ਬਚਾਅ ਵਾਲੀ ਤਕਨੀਕ ਨਾਲ ਬਣਾਉਣੇ ਹੋਣਗੇ। ਹੇਠਲੇ ਅਤੇ ਨੀਵੇਂ ਖੇਤਰਾਂ ਵਿਚ ਨਦੀਆਂ ਦੇ ਕਿਨਾਰਿਆਂ ਨੂੰ ਮਜ਼ਬੂਤੀ ਦੇਣੀ ਹੋਵੇਗੀ।

***ਤੀਜਾ*** - ਭਾਰਤ ਵਿਚ ਸਵੱਛ ਵਿਕਾਸ ਢਾਂਚੇ ਦੇ ਡਿਜ਼ਾਈਨ ਕਰਨ ਮੌਕੇ ਚਾਰ ਮੁੱਖ ਪੱਖਾਂ ਨੂੰ ਧਿਆਨ ਵਿਚ ਰੱਖਣਾ ਹੋਵੇਗਾ - ਸਮਾਜਿਕ ਸਿਹਤਮੰਦੀ (ਗਰੀਬੀ ਹਟਾ ਕੇ, ਵਾਧੂ ਰੁਜ਼ਗਾਰ ਪੈਦਾ ਕਰਕੇ, ਸਮਾਜਿਕ ਊਣਤਾਈਆਂ ਖਤਮ ਕਰਕੇ ਅਤੇ ਜ਼ਿੰਦਗੀ ਦੇ ਪੱਧਰ ਵਿਚ ਸੁਧਾਰ ਲਈ ਮੁਢਲੀਆਂ ਜ਼ਰੂਰਤਾਂ ਵਿਚ ਸੁਧਾਰ), ਆਰਥਿਕ ਸਿਹਤਮੰਦੀ (ਲੋਕਾਂ ਦੀਆਂ ਲੋੜਾਂ ਮੁਤਾਬਕ ਵਾਧੂ ਨਿਵੇਸ਼), ਵਾਤਾਵਰਣਿਕ ਸਿਹਤਮੰਦੀ (ਕੁਦਰਤੀ ਸੋਮਿਆਂ ਦੀ ਸੰਭਾਲ, ਜੈਵਿਕ ਵਿਧੀਆਂ ਅਪਣਾ ਕੇ, ਪ੍ਰਦੂਸ਼ਨ ਵਿਚ ਕਮੀ ਕਰਕੇ, ਬਿਹਤਰ ਸਾਫ਼-ਸਫ਼ਾਈ) ਅਤੇ ਤਕਨੀਕੀ ਸਿਹਤਮੰਦੀ - (ਪ੍ਰਸਥਿਤੀਆਂ ਅਨੁਕੂਲ ਸੁਰੱਖਿਅਤ ਤਕਨਾਲੋਜੀ, ਘੱਟ ਊਰਜਾ ਖਪਤ ਵਾਲੇ ਪ੍ਰਾਜੈਕਟ ਆਦਿ) ਨਾਲ ਇਹ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

**ਸੀ ਡੀ ਐਮ ਦਾ ਦਾਇਰਾ ਹੋਰ ਵਿਸ਼ਾਲ ਕਰਨ ਦੀ ਲੋੜ ਹੈ ਅਤੇ ਇਸ ਨੂੰ ਸਥਾਨਕ ਪੱਧਰ 'ਤੇ, ਲੋਕਾਂ ਦੀ ਸ਼ਮੂਲੀਅਤ ਲਈ ਬਣਾਉਣਾ ਹੋਵੇਗਾ ਕਿਉਂਕਿ ਅਜੋਕੇ ਸਮੇਂ ਤਕ ਇਸ 'ਤੇ ਵੱਡੇ ਘਰਾਣਿਆਂ ਦਾ ਹੀ ਗਲਬਾ ਹੈ। ਸੋ, ਸਮੇਂ ਦੀ ਲੋੜ ਹੈ ਕਿ ਸੀ ਡੀ ਐਮ ਦੇ ਕੰਮਕਾਜ 'ਤੇ ਨਿਗਾਹ ਰੱਖਣ ਲਈ ਇਕ ਮਜ਼ਬੂਤ, ਪਾਰਦਰਸ਼ੀ ਅਤੇ ਅਗਾਊਂ ਫ਼ੈਸਲੇ ਲੈਣ ਵਾਲੀ ਅਥਾਰਿਟੀ ਬਣਾਈ ਜਾਵੇ ਜੋ ਬਣਨ ਵਾਲੇ ਪ੍ਰਾਜੈਕਟਾਂ ਦੀ ਗਹਿਰਾਈ ਨਾਲ ਘੋਖ ਕਰੇ ਤਾਂ ਜੋ ਉਹ ਸਥਾਨਕ ਲੋਕਾਂ ਅਤੇ ਵਾਤਾਵਰਨ ਦੇ ਖ਼ਿਲਾਫ਼ ਨਾ ਹੋਣ।**

***ਚੌਥਾ*** - ਭਾਵੇਂ ਕਿ ਭਾਰਤ ਆਰ ਈ ਡੀ ਡੀ, ਸੰਯੁਕਤ ਜੰਗਲਾਤ ਪ੍ਰਬੰਧਨ ਕਮੇਟੀ, ਜੰਗਲ ਵਿਕਾਸ ਅਧਿਕਾਰ ਕਾਨੂੰਨ, ਸਮੁਦਾਇ ਜੰਗਲਾਤ

ਪ੍ਰਬੰਧਨ ਆਦਿ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਪਰ ਅਸਲ ਵਿਚ, ਜੰਗਲਾਤ ਅਧਿਕਾਰੀਆਂ ਵਲੋਂ ਆਰ ਈ ਡੀ ਡੀ, ਜੰਗਲ ਜਾਂ ਜੰਗਲੀ ਜੀਵਾਂ ਦੀ ਸੁਰੱਖਿਆ ਦੇ ਨਾਮ 'ਤੇ ਸਥਾਨਕ ਵਸੋਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਦੂਜੇ ਪਾਸੇ ਜੰਗਲਾਤ ਅਧਿਕਾਰੀਆਂ - ਠੇਕੇਦਾਰਾਂ, ਵਪਾਰੀਆਂ ਦੀ ਮਿਲੀਭੁਗਤ ਵਧ-ਫੁਲ ਰਹੀ ਹੈ ਅਤੇ ਸਰਕਾਰ ਸਥਾਨਕ ਭਾਈਚਾਰਿਆਂ ਦੇ ਵਿਰੋਧ ਦੇ ਬਾਵਜੂਦ ਨਿੱਜੀ ਧਿਰਾਂ ਨੂੰ ਜੰਗਲ, ਭੋਇੰ, ਪਾਣੀ ਅਤੇ ਖਾਣਾਂ ਦੇ ਸੋਮੇ ਵੰਡਣ ਵਿਚ ਬਹੁਤ ਫ਼ਰਾਖ਼ਦਿਲੀ ਦਿਖਾ ਰਹੀ ਹੈ। ਇਸ ਕਰਕੇ ਅਨੁਕੂਲਣ ਦੇ ਮਾਮਲਿਆਂ ਵਿਚ ਪੂਰੀ ਪਾਰਦਰਸ਼ਿਤਾ ਦੀ ਲੋੜ ਹੈ, ਇਸ ਲਈ ਸਥਾਨਕ ਵਾਸੀਆਂ ਨੂੰ ਅਸੁਰੱਖਿਅਤਾ ਬਾਰੇ ਜ਼ਮੀਨੀ ਹੀਕਕਤਾਂ ਤੋਂ ਜਾਣੂੰ ਕਰਵਾਉਣ ਦੀ ਲੋੜ ਹੈ। ਉਨ੍ਹਾਂ ਨੂੰ ਤਕਲੀਫ਼ਾਂ ਘੱਟ ਕਰਨ ਵਾਲੀਆਂ ਗਤੀਵਿਧੀਆਂ ਵਿਚ ਸ਼ਾਮਿਲ ਕਰਨ ਦੀ ਲੋੜ ਹੈ ਅਤੇ ਉਨ੍ਹਾਂ ਦੇ ਨਿਵੇਕਲੇ ਜਾਣਕਾਰੀ ਸਿਲਸਿਲੇ, ਸਮੂਹਿਕ ਤਜਰਬੇ ਅਤੇ ਸਪੱਸ਼ਟ ਚੋਣ ਨੂੰ ਪੂਰੀ ਤਵੱਜੋ ਦਿਤੀ ਜਾਣੀ ਚਾਹੀਦੀ ਹੈ।

***ਪੰਜਵਾਂ*** – ਨਵ-ਉਦਾਰਵਾਦ ਦਾ ਵਿਕਾਸ ਦਾ ਸਿਧਾਂਤ (ਜੋ ਆਮ ਲੋਕਾਂ ਦੀ ਬਜਾਇ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਦੀ ਰਾਖੀ ਕਰਦਾ ਹੈ) ਨੂੰ ਲੋਕ ਪੱਖੀ ਵਿਕਾਸ ਮਾਡਲ ਨਾਲ ਬਦਲਣ ਦੀ ਫੌਰੀ ਲੋੜ ਹੈ ਜੋ ਲੋਕਾਂ ਦੀ ਭਾਗੀਦਾਰੀ, ਸੱਤਾ ਦਾ ਵਿਕੇਂਦਰੀਕਰਨ, ਸਮਾਜਿਕ ਬਰਾਬਰਤਾ, ਆਰਥਿਕ ਨਜ਼ਰੀਆ, ਤਕਨੀਕੀ ਸਹਿਣਯੋਗ ਸਮਰਥਾ, ਪ੍ਰਸਥਿਤੀਆਂ ਬਰਕਰਾਰ ਰੱਖਣ, ਸਥਾਨਕ ਲੋਕਾਂ, ਖ਼ਾਸ ਕਰਕੇ ਗਰੀਬ ਲੋਕਾਂ ਦੀ ਸਮਾਜਿਕ ਮਾਨਤਾ ਨੂੰ ਧਿਆਨ ਵਿਚ ਰੱਖ ਕੇ ਬਣਾਏ ਜਾਣ। ਅਜਿਹੀ ਵਿਕਲਪਿਤ ਵਿਕਾਸ ਵਿਵਸਥਾ ਲਈ ਅਗਾਊਂ ਨੀਤੀ ਨਿਰਧਾਰਣ ਦੀ ਮੰਗ ਕਰਦੀ ਹੈ ਜਿਸ ਵਿਚ ਸਥਾਨਕ ਵਸੋਂ, ਸਿਵਲ ਸੋਸਾਇਟੀ ਦਾ ਯੋਗਦਾਨ ਮੁਢਲੇ ਪੱਧਰ ਤੇ ਲੋੜੀਂਦਾ ਹੈ ਤਾਂ ਕਿ ਆਪਸੀ ਵਿਸ਼ਵਾਸ, ਸਰਕਾਰ ਦੀ ਭਾਈਵਾਲੀ, ਸਿਵਲ ਸੋਸਾਇਟੀ ਅਤੇ ਆਮ ਲੋਕਾਂ ਦੀ ਭਾਗੀਦਾਰੀ ਸਥਾਪਤ ਕੀਤੀ ਜਾ ਸਕੇ ਨਾ ਕਿ ਤਥਾ ਕਥਿਤ ਜਨਤਕ ਨਿੱਜੀ ਭਾਈਵਾਲੀ ਜੋ ਅਸਲ ਵਿਚ ਲੋਕਾਂ ਦੇ ਪੈਸੇ ਨੂੰ ਨਿੱਜੀ ਖੇਤਰ ਦੇ ਫ਼ਾਇਦੇ ਵਾਸਤੇ ਵਰਤਣ ਦੀ ਇਕ ਚਾਲ ਹੈ। ਇਸ ਕਰਕੇ ਜਲਵਾਯੂ ਪਰਿਵਰਤਨ ਸੰਬੰਧੀ ਸਾਂਝਾ ਸਿੱਖਿਅਤ ਵਾਰਤਾਲਾਪ ਅਨੁਕੂਲਣ ਦੀ ਇਕ ਪ੍ਰਮੁੱਖ ਕੜੀ ਹੈ। ਵੱਖ-ਵੱਖ ਧਿਰਾਂ ਦਰਮਿਆਨ ਸੰਵਾਦ ਦੇ ਖੱਪਿਆਂ ਨੂੰ ਜਲਦੀ ਭਰਨ ਦੀ ਲੋੜ ਹੈ। ਇਹ ਬਿਲਕੁਲ ਸੱਚ ਹੈ ਕਿ ਚੰਗੇ ਵਾਤਾਵਰਨ ਜਾਂ ਰਹਿਣ ਦੇ ਸਥਾਨਾਂ ਲਈ ਬਣਾਇਆ ਰਾਸ਼ਟਰੀ ਮਿਸ਼ਨ ਸ਼ਹਿਰਾਂ ਵਿਚ ਇਮਾਰਤਾਂ ਦੀ ਊਰਜਾ ਕਿਫ਼ਾਇਤ ਵਧਾ ਕੇ, ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਜਨਤਕ ਪਰਿਵਹਿਨ ਨੂੰ ਉਤਸ਼ਾਹਿਤ ਕਰਕੇ ਸ਼ਹਿਰੀ ਆਵਾਸ ਦੀ ਨਿਰੰਤਰਤਾ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ, ਫਿਰ ਵੀ ਇਸ ਨੂੰ ਲਾਗੂ ਕਰਨ ਵਿਚ ਵੱਡੇ ਖੱਪੇ ਹਨ। ਜਦ ਕਿ ਇਲਾਜ ਨਾਲੋਂ ਪ੍ਰਹੇਜ਼ ਚੰਗਾ ਹੁੰਦਾ ਹੈ, ਇਸ ਕਰਕੇ ਆਉਣ ਵਾਲੀਆਂ ਆਫ਼ਤਾਂ ਦੇ ਟਾਕਰੇ ਲਈ ਅਗਾਊਂ ਚਿਤਾਵਨੀ ਵਾਲਾ ਸਿਲਸਿਲਾ ਵਿਕਸਤ ਕਰਨ ਦੀ ਫੌਰੀ ਲੋੜ ਹੈ।

***ਅਖੀਰ ਵਿਚ*** – ਭਾਰਤ ਸਰਕਾਰ, ਨਿੱਜੀ ਖੇਤਰ, ਗ਼ੈਰ ਸਰਕਾਰੀ ਸੰਸਥਾਵਾਂ ਅਤੇ ਸਿਵਲ ਸੋਸਾਇਟੀ ਨੂੰ ਮਿਲਕੇ ਸ਼ਹਿਰੀਆਂ, ਅੰਤਰਰਾਸ਼ਟਰੀ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਵੱਖ-ਵੱਖ ਏਜੰਸੀਆਂ ਨੂੰ ਇਕੱਠਾ ਕਰਨਾ ਚਾਹੀਦਾ ਹੈ ਤਾਂ ਕਿ ਜਲਵਾਯੂ ਪਰਿਵਰਤਨ ਦੀ ਅਨੁਕੂਲਣ ਪ੍ਰਕਿਰਿਆ 'ਤੇ ਆਉਣ ਵਾਲੀ ਲਾਗਤ ਨੂੰ ਵਿਕਸਤ ਦੇਸ਼ ਸਹਿਣ ਕਰਨ ਕਿਉਂਕਿ ਇਸ ਸਾਰੇ ਪੁਆੜੇ ਦੀ ਜੜ੍ਹ ਵਿਕਸਤ ਦੇਸ਼ ਹੀ ਹਨ। ਅੰਤਰਰਾਸ਼ਟਰੀ ਮੰਚ, ਜਿਵੇਂ ਯੂ ਐਨ ਐਫ ਸੀ ਸੀ ਸੀ ਤੇ ਭਾਰਤ ਨੂੰ ਕਾਰਬਨ ਜਗਹ ਲਈ ਜ਼ੋਰ ਨਾਲ ਆਵਾਜ਼ ਉਠਾਉਣੀ ਚਾਹੀਦੀ ਹੈ ਕਿਉਂਕਿ ਭਾਰਤ ਦਾ ਪ੍ਰਤਿ ਵਿਅਕਤੀ ਨਿਕਾਸ ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਰੂਸ, ਯੂਰਪੀਨ ਯੂਨੀਅਨ, ਜਾਪਾਨ ਅਤੇ ਵਿਕਸਤ ਹੋ ਰਹੀਆਂ ਸਥਾਨਕ ਸ਼ਕਤੀਆਂ ਜਿਵੇਂ ਚੀਨ ਨਾਲੋਂ ਕਾਫੀ ਘੱਟ ਹੈ।

ਭਾਰਤ ਨੂੰ 'ਇਕ ਸਾਰ – ਪਰ ਵਿਭਾਜਿਤ' ਪ੍ਰਣਾਲੀ ਦੇ ਸਿਧਾਂਤ 'ਤੇ ਡਟੇ ਰਹਿਣਾ ਚਾਹੀਦਾ ਹੈ ਤਾਂ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਸਾਫ਼ ਸੁਥਰੀ ਤਕਨਾਲੋਜੀ ਤਬਦੀਲ ਹੋ ਸਕੇ ਅਤੇ ਨਾਲ ਦੀ ਨਾਲ ਵਿਕਸਤ ਦੇਸ਼ਾਂ ਤੋਂ ਜਲਵਾਯੂ ਪਰਿਵਰਤਨ ਦੀ ਅਨੁਕੂਲਣ ਪ੍ਰਕਿਰਿਆ ਨੂੰ ਅਪਣਾਉਣ ਲਈ ਜ਼ਰੂਰੀ ਫ਼ੰਡ ਪ੍ਰਾਪਤ ਹੋ ਸਕਣ ਕਿਉਂਕਿ ਵਿਕਸਤ ਦੇਸ਼ ਪ੍ਰਤਿ ਨਿਕਾਸ ਪਹਿਲਾਂ ਵੀ ਅਤੇ ਵਰਤਮਾਨ ਵਿਚ ਵੀ ਸਭ ਨਾਲੋਂ ਜ਼ਿਆਦਾ ਕਰ ਰਹੇ ਹਨ। ਫਿਰ ਵੀ ਸਰਕਾਰ ਨੂੰ ਆਪਣੇ ਪੱਧਰ 'ਤੇ ਕਾਰਬਨ ਦੀ ਮਾਤਰਾ ਘਟਾਉਣ ਲਈ ਸਾਫ਼ ਸੁਥਰੀ ਤਕਨਾਲੋਜੀ ਜਿਵੇਂ ਐਲ ਈ ਡੀ, ਸੀ ਐਨ ਜੀ, ਹਰੀਆਂ (ਗਰੀਨ) ਇਮਾਰਤਾਂ ਬਣਾਉਣ, ਨਿਰਮਾਣ ਦੇ ਊਰਜਾ ਕੋਡ, ਜਨਤਕ ਪਰਿਵਹਿਨ ਨੂੰ ਉਤਸ਼ਾਹ ਕਰਨ, ਬਿਨਾਂ ਮੋਟਰ ਤੋਂ ਚੱਲਣ ਵਾਲੇ ਆਉਣ-ਜਾਣ ਦੇ ਸਾਧਨ ਜਿਵੇਂ ਸਾਈਕਲ, ਰਿਕਸ਼ਾ, ਊਠ, ਘੋੜੇ, ਬੈਲਗੱਡੀ) ਅਤੇ ਦ੍ਰਿੜ੍ਹ ਰਾਜਨੀਤਕ ਇੱਛਾ ਸ਼ਕਤੀ ਨਾਲ, ਦੁਬਾਰਾ ਇਸਤੇਮਾਲ ਹੋਣ ਵਾਲੀ ਊਰਜਾ (ਹਵਾ, ਸੂਰਜੀ ਊਰਜਾ ਆਦਿ) ਅਤੇ 'ਘਟਾਉ, ਦੁਬਾਰਾ ਵਰਤੋਂ' ਦੇ ਸਿਧਾਂਤ ਨੂੰ ਅਪਣਾ ਕੇ ਇਸ ਦਿਸ਼ਾ ਵਿਚ ਵਿਸ਼ੇਸ਼ ਕਦਮ ਉਠਾ ਸਕਦੀ ਹੈ।

ਅੰਤ ਵਿਚ, ਅਸੀਂ ਕਹਿ ਸਕਦੇ ਹਾਂ ਕਿ ਜਲਵਾਯੂ ਇਕ ਲੰਮੇ ਸਮੇਂ ਦੀ ਸਮੱਸਿਆ ਹੈ ਜਿਸ ਦਾ ਦੂਰਗਾਮੀ ਹੱਲ ਜ਼ਰੂਰੀ ਹੈ। ਇਸ ਕਰਕੇ ਸਾਰੀਆਂ ਧਿਰਾਂ ਨੂੰ ਨਾ ਸਿਰਫ਼ ਥੋੜ੍ਹ-ਚਿਰੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਸਗੋਂ ਵਿਚਕਾਰਲੇ ਪੱਧਰ ਦੇ ਅਤੇ ਲੰਮੇਂ ਸਮੇਂ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਹਰੇਕ ਪੱਧਰ 'ਤੇ ਵਿਕਾਸ ਦੀਆਂ ਸਰਗਰਮੀਆਂ ਪਾਰਦਰਸ਼ੀ ਤਰੀਕੇ ਨਾਲ ਲਾਗੂ ਕੀਤੀਆਂ ਜਾ ਸਕਣ।

***(ਲੇਖਕ ਪ੍ਰਿੰਸੀਪਲ ਸਕੱਤਰ, ਕਿਰਤ ਸਰੋਤ ਵਿਭਾਗ, ਵਿਕਾਸ ਭਵਨ, ਪਟਨਾ ਹੈ।)***

**Five Fundamental Principles of Tribal Development :**

1. People should develop along the lines of their own genius and we should avoid imposing anything on them. We should try to encourage in every way their own traditional arts and culture.
2. Tribal rights in land and forests should be respected.
3. We should try to train and build up a team of their own people to do work of administration and development. Some technical personnel from outside will, no doubt, be needed, especially in the beginning. But we should avoid introducing too many outsiders into tribal territory
4. We should not over-administer these areas or over-whelm them with multiplicity of schemes. We should rather work through, and not in rivalry to, their own social and cultural institutions.
5. We should judge results, not by statistics or the amount of money spent, but by the quality of human character that is evolved.

**New Delhi,**
**9th October, 1958—** **JAWAHARLAL NEHRU**

(From the Foreword to the Second Edition of the book 'A Philosophy for NEFA' by Verrier Elwin)

# ਆਦਿਵਾਸੀ ਸਮਾਜ : ਸਮੱਸਿਆਵਾਂ, ਨੀਤੀਆਂ ਤੇ ਚੁਨੌਤੀਆਂ

**ਬਾਲ ਆਨੰਦ**

**ਭਾਰਤ ਦੀ ਸਭਿਅਤਾ ਤੇ ਸਮਾਜ ਦਾ ਵਿਕਾਸ ਇਸ ਦੀ 'ਸਤਰੰਗੀ ਪੀਂਘ' ਦੇ ਰੂਪ ਦੀ ਪਛਾਣ ਦੇ ਸੰਦਰਭ ਨਾਲ ਜੋੜ ਕੇ ਹੀ ਸਮੁੱਚੇ ਤੌਰ ਤੇ ਸਮਝਿਆ ਜਾ ਸਕਦਾ ਹੈ। ਭਾਰਤ ਦੇ ਹਾਸ਼ੀਆਕ੍ਰਿਤ ਵਰਗਾਂ ਲਈ ਮੁੱਢ ਕਦੀਮੀ ਲੋਕ ਜਾਂ ਕੇਵਲ ਕਬੀਲੇ ਦੀਆਂ ਸੰਗਿਆਵਾਂ ਦਾ ਪ੍ਰਯੋਗ ਹੋਇਆ ਪਰ 'ਆਦਿਵਾਸੀ' ਸ਼ਬਦ ਹੀ ਵਧੇਰੇ ਪ੍ਰਵਾਨ ਚੜ੍ਹਿਆ ਕਿਉਂਕਿ ਇਹ ਮੂਲ ਨਿਵਾਸੀਆਂ ਦੀ ਪੁਰਾਤਨ ਪ੍ਰਭੁਸੱਤਾ ਦੀ ਦੱਸ ਪਾਉਂਦਾ ਸੀ।**

ਭਾਰਤੀ ਸਮਾਜ ਨਸਲਾਂ, ਜਾਤਾਂ ਤੇ ਕਬੀਲਿਆਂ ਦਾ ਇਕ ਅਦੁਤੀ ਅਜਾਇਬ ਘਰ ਹੈ – ਸਭਿਅਤਾਵਾਂ ਤੇ ਸੰਸਕ੍ਰਿਤੀਆਂ ਦਾ ਮਹਾਨ ਸੰਗਮ। ਸ਼ਾਇਰ ਰਘੁਪਤੀ ਸਹਾਇ ਫ਼ਿਰਾਕ ਗੋਰਖਪੁਰੀ ਦੇ ਸ਼ਬਦਾਂ 'ਚ, "ਕਾਫਲੇ ਆਤੇ ਗਏ, ਔਰ ਹਿੰਦੁਸਤਾਨ ਬਨਤਾ ਗਿਆ।"

ਬਨਸਪਤੀ, ਸਭ ਤਰ੍ਹਾਂ ਦੇ ਪ੍ਰਾਣੀ ਤੇ ਕੁਦਰਤੀ ਸਰੋਤਾਂ ਨੇ ਭਾਰਤ ਦੀ ਵਿਸ਼ਾਲ ਭੂਮੀ 'ਚ ਮਾਨਵਤਾ ਦੀ ਵਿਭਿੰਨਤਾ ਦਾ ਮਹਾਨ ਤੇ ਗੌਰਵਸ਼ਾਲੀ ਵਿਰਸਾ ਪ੍ਰਦਾਨ ਕੀਤਾ ਹੈ। ਭਾਰਤ ਦੀ ਸਭਿਅਤਾ ਤੇ ਸਮਾਜ ਦਾ ਵਿਕਾਸ ਇਸ ਦੀ 'ਸਤਰੰਗੀ ਪੀਂਘ' ਦੇ ਰੂਪ ਦੀ ਪਛਾਣ ਦੇ ਸੰਦਰਭ ਨਾਲ ਜੋੜ ਕੇ ਹੀ ਸਮੁੱਚੇ ਤੌਰ ਤੇ ਸਮਝਿਆ ਜਾ ਸਕਦਾ ਹੈ। ਪ੍ਰਾਣੀ ਸ਼ਾਸਤਰ ਵਿਗਿਆਨੀ, ਸਮਾਜ ਸ਼ਾਸ਼ਤਰੀ, ਮਾਨਵ ਸ਼ਾਸਤਰੀ ਤੇ ਅਰਥਸ਼ਾਸਤਰੀ – ਸਭ ਨੇ ਮਿਲ ਕੇ ਭਾਰਤੀ ਸਮਾਜ ਦੀ ਬਣਤਰ ਤੇ ਵਿਵਹਾਰ ਦੇ ਗੁੰਝਲਦਾਰ ਪਹਿਲੂਆਂ ਨੂੰ ਨਿਯਮਤ ਅਧਿਐਨ ਦੁਆਰਾ ਸਮਝਣ ਤੇ ਸਮਝਾਉਣ ਦੇ ਗੰਭੀਰ ਤੇ ਸੁਹਿਰਦ ਯਤਨ ਕੀਤੇ ਹਨ। ਭਾਰਤ ਦੇ ਹਾਸ਼ੀਆਕ੍ਰਿਤ ਵਰਗਾਂ ਲਈ ਮੁੱਢ ਕਦੀਮੀ ਲੋਕ ਜਾਂ ਕੇਵਲ ਕਬੀਲੇ ਦੀਆਂ ਸੰਗਿਆਵਾਂ ਦਾ ਪ੍ਰਯੋਗ ਹੋਇਆ ਪਰ 'ਆਦਿਵਾਸੀ' ਸ਼ਬਦ ਹੀ ਵਧੇਰੇ ਪ੍ਰਵਾਨ ਚੜ੍ਹਿਆ ਕਿਉਂਕਿ ਇਹ ਮੂਲ ਨਿਵਾਸੀਆਂ ਦੀ ਪੁਰਾਤਨ ਪ੍ਰਭੁਸੱਤਾ ਦੀ ਦੱਸ ਪਾਉਂਦਾ ਸੀ – ਜੋ ਬਾਹਰੋਂ ਆਉਣ ਵਾਲੇ ਨਵੇਂ ਲੋਕਾਂ ਨੇ ਆਪੋ-ਆਪਣੇ ਤਰੀਕਿਆਂ ਨਾਲ ਭੰਗ ਕਰ ਦਿਤੀ ਸੀ। ਜਾਤੀ ਪ੍ਰਥਾ ਦੇ ਅਛੂਤਾਂ ਤੇ ਆਦਿਵਾਸੀਆਂ ਦਾ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਭਾਰਤੀ ਇਤਿਹਾਸ ਤੇ ਸਮਾਜਿਕ ਬਣਤਰ ਉੱਤੇ ਕਲੰਕ ਵਜੋਂ ਪੇਸ਼ ਕਰਦਾ ਹੈ।

'ਮੂਲ ਨਿਵਾਸੀਆਂ' ਨੂੰ ਅੱਜ ਦੀਆਂ ਦਸ ਜਾਤੀਆਂ ਨਾਲ ਜੋੜੇ ਤੇ ਪਛਾਣੇ ਜਾਣ ਦਾ ਸਿਧਾਂਤ ਤੇ ਇਤਿਹਾਸ ਅਤੇ ਇੰਡੋ-ਆਰੀਅਨ ਆਗਮਨ ਜਾਂ ਹਮਲੇ ਦੀ ਕਲਪਨਾ ਇਕ ਵਿਵਾਦ ਪ੍ਰਸਤ ਅਧਿਐਨ ਖੇਤਰ ਤੇ ਵਿਚਾਰਧਾਰਾ ਦਾ ਵਿਸ਼ਾ ਬਣਿਆ ਰਿਹਾ ਹੈ। ਕੁਝ 'ਐਥਰੋ-ਪੋਲੋਜਿਸਟਸ – ਮਾਨਵ ਸ਼ਾਸਤਰ ਵਿਗਿਆਨੀਆਂ' ਦੀ ਸੋਚ ਵਿਚਾਰ ਅਨੁਸਾਰ ਭਾਰਤ ਦਾ ਭੂਗੋਲਿਕ ਖਿੱਤਾ ਪੁਰਾਤਨ ਕਾਲ ਤੋਂ ਲਗਾਤਾਰ ਨਵੇਂ-ਨਵੇਂ ਲੋਕਾਂ ਦੇ ਆਗਮਨ ਦੇ ਸਿਲਸਿਲਿਆਂ ਦਾ ਕੇਂਦਰ ਬਣਿਆ ਰਿਹਾ ਹੈ ਜਿਸ ਕਾਰਨ ਕਿਸੇ ਵੀ ਮਾਨਵੀ ਸਮੂਹ ਨੂੰ ਮੁੱਢ ਕਦੀਮੀ ਲੋਕ' ਕਹਿ ਸਕਣਾ ਕੇਵਲ ਅਨੁਮਾਨ ਹੀ ਕਿਹਾ ਜਾ ਸਕਦਾ ਹੈ। ਇਕ ਵਿਚਾਰਧਾਰਾ, ਜੋ ਅੱਜ ਦੀ 'ਜੀਨੈਟਿਕ' ਖੋਜ 'ਤੇ ਆਧਾਰਿਤ ਹੈ, ਨੀਗਰੀਟੋਜ ਜੋ ਅੰਡੇਮਾਨ ਟਾਪੂਆਂ ਦੇ ਆਦਿਵਾਸੀਆਂ ਨਾਲ ਮਿਲਦੀ ਜੁਲਦੀ ਨਸਲ ਹੈ, ਨੂੰ ਭਾਰਤ ਦੇ ਪ੍ਰਥਮ ਮਨੁੱਖੀ ਸਮੂਹ ਪ੍ਰਵਾਨ ਕਰਦੀ ਹੈ ਜੋ 30 ਤੋਂ 65 ਹਜ਼ਾਰ ਸਾਲ ਪਹਿਲਾਂ ਇਸ ਧਰਤੀ 'ਤੇ ਆ ਵਿਚਰੇ ਸਨ। ਫਿਰ 'ਆਸਟ੍ਰੋ-ਏਸ਼ੀਐਟਿਕ' ਬੋਲੀ ਵਾਲੇ 'ਆਸਟ੍ਰਲੋਆਇਡ' ਦੇ ਬਾਅਦ ਕ੍ਰਮਵਾਰ 'ਕੋਕਾਸੁਆਇਡਜ਼ (ਦਰਾਵੀਦੀਅਨ ਤੇ ਇੰਡੋ ਆਰੀਅਨ ਦੇ ਪੂਰਵਜ) ਤੇ ਮੰਗੋਲਾਇਡ (ਸਾਈਨੋ-ਤਿੱਬਤਨ) ਤੇ ਤਿੱਬਤੋ-ਬਰਮਨ ਸਮੂਹਾਂ ਦੇ ਲੋਕ ਹਿਮਾਲਿਆ ਤੇ ਉੱਤਰ ਪੂਰਬੀ ਸੀਮਾਵਾਂ ਤੋਂ ਆ ਕੇ ਵਸਦੇ ਰਹੇ। ਇਹ ਸਭ ਕਲਪਨਾਵਾਂ ਵਿਵਾਦ ਤੇ ਮਤਭੇਦਾਂ ਤੋਂ ਮੁਕਤ ਨਹੀਂ ਹਨ। ਖੇਤੀਬਾੜੀ ਤੇ ਪਸ਼ੂ-ਪਾਲਣ ਆਧਾਰਿਤ ਸਮਾਜਿਕ ਤੇ ਆਰਥਿਕ ਢਾਂਚੇ ਦਾ ਵਿਕਾਸ ਪੱਧਰੇ ਮੈਦਾਨੀ ਇਲਾਕਿਆਂ ਵਿਚ ਹੀ ਪ੍ਰਫੁੱਲਤ ਹੋਣਾ ਸ਼ੁਰੂ ਹੋਇਆ ਹੋਵੇਗਾ ਤੇ ਅਨੇਕ ਕਬੀਲੇ ਜੰਗਲਾਤ ਤੇ ਉੱਚੇ ਪਹਾੜੀ ਖੇਤਰਾਂ ਵਿਚ ਆਪਣੀ ਵਿਸ਼ੇਸ਼ ਜੀਵਨ ਸ਼ੈਲੀ ਵਿਚ ਨਿਰਬਾਹ ਕਰਦੇ ਰਹੇ ਹੋਣਗੇ।

ਮੱਧ ਕਾਲ ਤੇ ਮੁਗ਼ਲ ਕਾਲ ਵਿਚ ਆਦਿਵਾਸੀਆਂ ਨਾਲ ਕਿਸੇ ਵੱਡੇ ਸੰਘਰਸ਼ ਦੇ

ਹਵਾਲੇ ਨਹੀਂ ਮਿਲਦੇ। ਹਿੰਦੂ ਸ਼੍ਰੇਣੀ ਵੰਡ ਦੀਆਂ ਨਿਮਨ ਜਾਤੀਆਂ ਦੀ ਤੁਲਨਾ ਵਿਚ ਆਦਿਵਾਸੀਆਂ ਨੂੰ 'ਅਸ਼ੁੱਧ' ਜਾਂ 'ਅਛੂਤ' ਕਰਾਰ ਦਿਤੇ ਜਾਣ ਦੇ ਵੀ ਹਵਾਲੇ ਨਹੀਂ ਮਿਲਦੇ ਅਤੇ ਅਨੇਕ ਵੱਡੇ ਆਦਿਵਾਸੀ ਸਮੂਹ ਕੇਂਦਰੀ ਭਾਰਤ ਵਿਚ ਆਪਣੇ ਰਾਜ ਖੰਡ ਚਲਾ ਸਕਣ ਦੇ ਸਮਰੱਥ ਸਨ। ਭੀਲ, ਗੌਂਡ ਤੇ ਗੜ੍ਹ-ਮਾਂਡਲਾ ਤੇ ਚੰਦਾ ਕਬੀਲਿਆਂ ਦੇ ਰਾਜਿਆਂ ਨੇ ਉੱਚ ਸ਼੍ਰੇਣੀਆਂ ਦੇ ਲੋਕਾਂ 'ਤੇ ਵੀ ਰਾਜ ਕਰਨ ਦੀਆਂ ਉਦਾਹਰਣਾਂ ਮਿਲਦੀਆਂ ਹਨ। ਸਤ੍ਹਾਰਵੀਂ ਸਦੀ ਵਿਚ ਮੁਗ਼ਲ ਸ਼ਾਸਨ ਕਾਲ ਭੀਲ ਸੰਪਰਦਾ ਤੇ ਗੌਂਡ ਕਬੀਲਿਆਂ ਦੇ ਸੰਘਰਸ਼ ਤੇ ਬਗ਼ਾਵਤ ਦੇ ਹਵਾਲੇ ਮਿਲਦੇ ਹਨ। ਬ੍ਰਿਟਿਸ਼ ਪ੍ਰਸ਼ਾਸਨ ਦੇ ਸ਼ੁਰੂਆਤੀ ਦੌਰ ਤੋਂ ਹੀ ਆਦਿਵਾਸੀ ਕਬੀਲਿਆਂ ਨੇ ਉਨ੍ਹਾਂ ਦੀ ਭੂਮੀ ਤੇ ਨਿਰੰਕੁਸ਼ ਅਧਿਕਾਰ ਤੇ ਦਖ਼ਲ ਅੰਦਾਜ਼ੀ ਦਾ ਵਿਰੋਧ ਕੀਤਾ। 18ਵੀਂ ਸਦੀ ਵਿਚ ਅੰਗਰੇਜ਼ਾਂ ਨੇ ਜਾਗੀਰਦਾਰੀ ਪ੍ਰਬੰਧ ਨੂੰ ਵੱਡੇ ਪੈਮਾਨੇ 'ਤੇ ਲਾਗੂ ਕਰਨਾ ਸ਼ੁਰੂ ਕੀਤਾ ਤੇ ਇਸ ਦਾ ਸਿੱਧਾ ਪ੍ਰਭਾਵ ਆਦਿਵਾਸੀ ਵਸੋਂ ਦੇ ਜੰਗਲਾਂ ਤੇ ਜ਼ਮੀਨਾਂ 'ਤੇ ਹੋਇਆ। ਜ਼ਮੀਨ ਤੋਂ ਬੇਦਖ਼ਲੀ, ਕਰਾਂ ਦਾ ਬੋਝ ਤੇ ਨਵੇਂ ਵਸਾਏ ਲੋਕਾਂ ਦੀਆਂ ਵਧੀਕੀਆਂ ਨੇ ਆਦਿਵਾਸੀਆਂ ਦੀ ਜੀਵਨ ਸ਼ੈਲੀ ਨੂੰ ਝੰਜੋੜਨਾ ਆਰੰਭ ਕਰ ਦਿਤਾ। ਸਿੱਟੇ ਵਜੋਂ, ਅਠਾਰਵੀਂ ਸਦੀ ਦੇ ਆਖਰੀ ਦਹਾਕਿਆਂ ਤੇ ਉਨ੍ਹੀਵੀਂ ਸਦੀ ਵਿਚ ਆਦਿਵਾਸੀਆਂ ਵਲੋਂ ਅਨੇਕ ਬਗ਼ਾਵਤਾਂ ਹੋਈਆਂ ਜਿਨ੍ਹਾਂ ਵਿਚ 1855 ਦਾ ਸੰਥਾਲ ਵਿਦਰੋਹ ਵਰਨਣ ਯੋਗ ਹੈ। ਅੰਗਰੇਜ਼ ਸ਼ਾਸਕਾਂ ਨੇ ਨਰਮੀ ਦਾ ਰਵੱਈਆ ਅਪਣਾਉਂਦੇ ਹੋਏ ਅਨੇਕ ਆਦਿਵਾਸੀ ਮੁਖੀਆਂ ਨਾਲ ਉਨ੍ਹਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਬਾਰੇ ਭਰੋਸੇ ਦਿਵਾਉਂਦੇ ਹੋਏ ਸਮਝੌਤੇ ਵੀ ਕੀਤੇ। ਪਰ ਆਦਿਵਾਸੀਆਂ ਦੀ ਦੁਨੀਆਂ ਸਦਾ ਲਈ ਬਦਲਣੀ ਸ਼ੁਰੂ ਹੋ ਗਈ ਤੇ ਅਨੇਕ ਕਬੀਲੇ ਅਗਲੀ ਸਦੀ ਵਿਚ ਵੱਡੇ ਪਰਿਵਰਤਨਾਂ ਦੇ ਦੌਰ ਵਿਚੋਂ ਲੰਘੇ ਹਨ। ਅਨੇਕ ਆਦਿਵਾਸੀਆਂ ਨੇ ਭਾਰਤ ਦੇ ਸੁਤੰਤਰਤਾ ਸੰਘਰਸ਼ ਵਿਚ ਵੀ ਵੱਡਾ ਯੋਗਦਾਨ ਪਾਇਆ - ਵਿਰਸਾ ਮੁੰਡਾ, ਧਰਿੰਦਰ ਭੀਊਆਨ, ਲਕਸ਼ਮਣ ਨਾਇਕ, ਜਤੀਆ ਭੀਲ, ਬਾਂਗਰੂ ਦੇਵੀ ਤੇ ਰਹਿਮਾ ਵਸਾਵੇ ਦੇ ਨਾਂ ਪ੍ਰਸਿੱਧ ਹਨ।

ਆਜ਼ਾਦ ਭਾਰਤ ਦੇ ਸੰਵਿਧਾਨ ਨੇ ਅਨੁਸੂਚਿਤ ਜਨ ਜਾਤੀਆਂ ਦੇ ਪ੍ਰਸ਼ਾਸਨੀ ਨਿਰਣੇ ਦੀ ਸੂਚੀ ਦੇ ਸਿਧਾਂਤ ਨੂੰ ਮਾਨਤਾ ਦਿੰਦੇ ਹੋਏ ਇਨ੍ਹਾਂ ਵਰਗਾਂ ਨਾਲ ਸੰਬੰਧਿਤ ਲੋਕਾਂ ਨੂੰ ਵਿਸ਼ੇਸ਼ ਰਿਆਇਤਾਂ ਪ੍ਰਦਾਨ ਕਰਕੇ ਉਨ੍ਹਾਂ ਦੀ ਰਾਜਨੀਤਕ ਪ੍ਰਤਿਨਿਧਤਾ ਅਤੇ ਆਰਥਿਕ ਤੇ ਸਮਾਜਿਕ ਭਲਾਈ ਦਾ ਪ੍ਰਾਵਧਾਨ ਕੀਤਾ ਹੈ।

**ਅੰਗਰੇਜ਼ੀ ਦੇ 'ਟਰਾਈਬ' ਸ਼ਬਦ ਦਾ ਸਮਾਨ-ਅਰਥ ਤੇ ਪਰਿਭਾਸ਼ਾ ਲਈ ਪੁਰਾਤਨ ਭਾਰਤੀ ਲਿਖਤਾਂ ਵਿਚ ਜਾਤੀ, ਜਨ, ਕੁਲਮ, ਸਮੁਦਾਇ, ਨੀਅਤ, ਬਿਰਾਦਰੀ ਆਦਿ ਦਾ ਪ੍ਰਯੋਗ ਮਿਲਦਾ ਹੈ। ਅਜਿਹਾ ਪਰਿਵਾਰਾਂ ਦਾ ਜਨ ਸਮੂਹ, ਸਮੁਦਾਇ, ਵਿਸ਼ੇਸ਼ ਕਰਕੇ ਪੁਰਾਤਨ ਜੋ ਸਮਾਜਿਕ, ਆਰਥਿਕ, ਧਾਰਮਿਕ ਜਾਂ ਖ਼ੂਨ ਦੇ ਰਿਸ਼ਤਿਆਂ ਨਾਲ ਜੁੜਿਆ ਹੋਵੇ ਅਤੇ ਸਾਂਝੀ ਸੰਸਕ੍ਰਿਤੀ ਤੇ ਉਪ-ਬੋਲੀ ਅਤੇ ਪ੍ਰਵਾਨਿਤ ਮੁਖੀਏ ਰੱਖਦਾ ਹੋਵੇ ਜਾਂ ਫਿਰ ਅਜਿਹਾ ਹੀ ਸਮਾਨਤਾਵਾਂ ਵਾਲਾ ਵਰਗ ਜਾਂ ਸਿਆਸੀ ਸਮੂਹ ਹੋਵੇ। ਅਜਿਹੀਆਂ ਪ੍ਰਮੁੱਖ ਜਨਜਾਤੀਆਂ ਵਿਚ ਜਾਂਗਲੀ ਕਬੀਲੇ, ਮਾਰੂਥਲਾਂ ਦੇ ਵਸਨੀਕ, ਨਦੀਆਂ ਕਿਨਾਰੇ ਵਸੇ ਲੋਕ, ਟਾਪੂਆਂ ਦੇ ਵਾਸੀ ਤੇ ਮੁੱਖ ਧਾਰਾ ਤੋਂ ਕੱਟੇ ਕਬੀਲੇ ਸ਼ੁਮਾਰ ਕੀਤੇ ਜਾਂਦੇ ਹਨ।**

ਭੂਗੋਲਿਕ ਸਥਿਤੀ ਅਨੁਸਾਰ ਭਾਰਤ ਦੀਆਂ ਜਨ ਜਾਤੀਆਂ ਕ੍ਰਮਵਾਰ ਪੰਜ ਪ੍ਰਮੁੱਖ ਖੇਤਰਾਂ ਵਿਚ ਫੈਲੀਆਂ ਹੋਈਆਂ ਹਨ। ਪਹਿਲਾ ਸਮੂਹ ਹਿਮਾਲਿਆ ਦੇ ਖੇਤਰ ਭਾਵ ਅਸਮ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਤਰੀਪੁਰਾ ਅਤੇ ਉੱਤਰ ਪ੍ਰਦੇਸ਼ ਦੇ ਹਿਮਾਲਿਆ ਦੇ ਪਹਾੜੀ ਖੇਤਰਾਂ ਨਾਲ ਸੰਬੰਧਿਤ ਹਨ। ਕੇਂਦਰੀ ਭਾਰਤ ਵਿਚ ਬਿਹਾਰ, ਪੱਛਮੀ ਬੰਗਾਲ, ਓਡੀਸ਼ਾ ਅਤੇ ਮੱਧ ਪ੍ਰਦੇਸ਼ ਦੇ ਇਲਾਕੇ ਆਉਂਦੇ ਹਨ ਜਿਨ੍ਹਾਂ ਵਿਚ ਇਨ੍ਹਾਂ ਜਨ ਜਾਤੀਆਂ ਦੀ 55 ਪ੍ਰਤਿਸ਼ਤ ਜਨਸੰਖਿਆ ਰਹਿੰਦੀ ਹੈ। ਪੱਛਮੀ ਭਾਰਤ ਦੇ ਇਲਾਕਿਆਂ ਵਿਚ ਰਜਸਥਾਨ, ਮਹਾਂਰਾਸ਼ਟਰ, ਗੁਜਰਾਤ, ਗੋਆ ਤੇ ਦਾਦਰਾ ਤੇ ਨਗਰ ਹਵੇਲੀ ਦੇ ਖੇਤਰ ਜਨ ਜਾਤੀਆਂ ਦੀ ਵਸੋਂ ਵਾਲੇ ਹਨ। ਦ੍ਰਾਵੀਦੀਅਨ ਖੇਤਰ ਵਿਚ ਕਰਨਾਟਕ, ਆਂਧਰ ਪ੍ਰਦੇਸ਼, ਕੇਰਲ ਤੇ ਤਮਿਲਨਾਡੂ ਦੇ ਇਲਾਕੇ ਹਨ। ਅੰਡੇਮਾਨ, ਨਿਕੋਬਾਰ, ਲਕਸ਼ਦੀਪ ਦੇ ਟਾਪੂ ਜਨ ਜਾਤੀਆਂ ਦੀ ਵਿਸ਼ੇਸ਼ ਪਛਾਣ ਦੇ ਖੇਤਰ ਹਨ। ਭਾਸ਼ਾਈ ਵਿਰਸੇ ਅਨੁਸਾਰ ਵੀ ਭਾਰਤੀ ਜਨ ਜਾਤੀਆਂ ਪੰਜ ਪ੍ਰਮੁੱਖ ਸਮੂਹਾਂ ਵਿਚ ਵੰਡੀਆਂ ਹੋਈਆਂ ਹਨ। ਜਨ ਜਾਤੀਆਂ ਭਾਰਤੀ ਮੁੱਖ ਧਾਰਾ ਸਭਿਅਤਾ ਦੇ ਹਾਸ਼ੀਏ 'ਤੇ ਹਮੇਸ਼ਾ ਹੀ ਰਹੀਆਂ ਹਨ ਤੇ ਭੇਦਭਾਵ ਤੇ ਸ਼ੋਸ਼ਣ ਦਾ ਸ਼ਿਕਾਰ ਰਹੀਆਂ ਹਨ।

ਸੰਵਿਧਾਨਕ ਨਿਰਮਾਣਕਾਰਾਂ ਨੇ ਗਹਿਰੀ ਸੋਚ ਵਿਚਾਰ ਅਨੁਸਾਰ ਕੁਝ ਸਮੁਦਾਇ ਉਨ੍ਹਾਂ ਦੇ ਭੂਗੋਲਿਕ ਤੇ ਇਤਿਹਾਸਕ ਵੱਖਰੇਪਨ ਤੇ ਆਰਥਿਕ ਪਛੜੇਵੇਂ ਤੇ ਸਦੀਆਂ ਤੋਂ ਭੇਦਭਾਵ ਦੀਆਂ ਪ੍ਰਥਾਵਾਂ ਤੇ ਪ੍ਰੰਪਰਾਵਾਂ ਦੇ ਆਧਾਰ 'ਤੇ ਅਨੁਛੇਦ 341 ਦੇ ਖੰਡ 1 ਅਤੇ ਅਨੁਛੇਦ 342 ਵਿਚ ਉਲੇਖਿਤ ਉਪਬੰਧਾਂ ਅਨੁਸਾਰ ਜਨ ਜਾਤੀਆਂ ਦੇ ਸਰੂਪ ਨੂੰ ਸੁਨਿਸਚਿਤ ਕੀਤਾ ਹੈ। ਸੰਵਿਧਾਨ ਦੇ 89ਵੇਂ ਸੰਸ਼ੋਧਨ 2003, ਮਿਤੀ 19 ਫ਼ਰਵਰੀ 2004 ਦੀ ਨੋਟੀਫੀਕੇਸ਼ਨ ਨਾਲ ਦੋ ਵੱਖਰੇ ਰਾਸ਼ਟਰੀ ਆਯੋਗ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨ ਜਾਤੀਆਂ ਲਈ ਸਥਾਪਤ ਕੀਤੇ ਗਏ ਹਨ। 2011 ਦੇ ਰਾਸ਼ਟਰੀ ਜਨਗਣਨਾ ਦੇ ਅੰਕੜਿਆਂ ਅਨੁਸਾਰ ਜਨਜਾਤੀ ਸਮਾਜ ਦੀ ਗਿਣਤੀ 104.2 ਮਿਲੀਅਨ ਆਂਕੀ ਗਈ ਹੈ ਜਿਸ ਵਿਚ ਕੇਵਲ 10.4 ਮਿਲੀਅਨ ਹੀ ਸ਼ਹਿਰੀ ਜੀਵਨ ਦਾ ਹਿੱਸਾ ਹਨ। ਹਿਮਾਲਾ ਦੀ ਪੱਟੀ ਦੇ ਪ੍ਰਦੇਸ਼ਾਂ ਵਿਚ ਵੱਡੀ ਬਹੁ-ਗਿਣਤੀ ਤੋਂ ਇਲਾਵਾ ਰਾਜਸਥਾਨ (13.5 ਪ੍ਰਤਿਸ਼ਤ), ਝਾਰਖੰਡ (26.2 ਪ੍ਰਤਿਸ਼ਤ), ਓਡੀਸ਼ਾ (2.8 ਪ੍ਰਤਿਸ਼ਤ), ਛੱਤੀਸਗੜ੍ਹ (30.6 ਪ੍ਰਤਿਸ਼ਤ), ਮੱਧ ਪ੍ਰਦੇਸ਼ (21.1 ਪ੍ਰਤਿਸ਼ਤ) ਤੇ ਗੁਜਰਾਤ (14.8 ਪ੍ਰਤਿਸ਼ਤ) ਜਨ ਜਾਤੀਆਂ ਦੀ ਵਸੋਂ ਵਾਲੇ ਪ੍ਰਮੁੱਖ ਪ੍ਰਦੇਸ਼ ਹਨ। ਸਿੱਖਿਆ, ਸਿਹਤ, ਮਕਾਨ ਤੇ ਸਮਾਜਿਕ ਸਹੂਲਤਾਂ ਦੇ ਤਾਜ਼ੇ ਅੰਕੜੇ ਜਨ ਜਾਤੀਆਂ ਦੀ ਚਿੰਤਾਜਨਕ ਹਾਲਤ ਪ੍ਰਗਟਾਉਂਦੇ ਹਨ। ਨਵੇਂ ਮੰਡੀ ਆਧਾਰਿਤ ਆਰਥਿਕ ਉਦਾਰਵਾਦ ਦੀਆਂ ਨੀਤੀਆਂ ਨੇ ਜਨ ਜਾਤੀਆਂ ਦੇ ਪ੍ਰਮੁੱਖ ਜੀਵਿਕਾ ਸਾਧਨਾਂ ਕੁਦਰਤੀ ਜੰਗਲ, ਜ਼ਮੀਨ ਤੇ ਖਣਿਜ ਪਦਾਰਥਾਂ ਦੇ ਖੇਤਰ ਨੂੰ ਗੰਭੀਰ ਖ਼ਤਰੇ ਉਤਪੰਨ ਕੀਤੇ ਹਨ। ਵੱਡੇ ਬੰਨ੍ਹ ਜੋ ਦਰਿਆਵਾਂ ਦੇ ਸਦੀਆਂ ਪੁਰਾਣੇ ਕੁਦਰਤੀ ਵਹਾਅ ਬਦਲ ਰਹੇ ਹਨ, ਪੌਣ-ਪਾਣੀ ਲਈ ਘਾਤਕ ਉਦਯੋਗੀਕਰਨ ਦੀਆਂ ਯੋਜਨਾਵਾਂ, ਪਹਾੜੀ ਖੇਤਰਾਂ ਦੇ ਵੱਡੇ ਹੋਟਲਾਂ

ਲਈ ਤੇ ਅਮੀਰ ਘਰਾਣਿਆਂ ਦੇ ਸੁਪਨ ਮਹਿਲਾਂ ਲਈ ਪਰਬਤਾਂ ਦੀ ਬਣਤਰ ਬੁਨਿਆਦ ਨਾਲ ਛੇੜ-ਛਾੜ ਦੇ ਭਿਆਨਕ ਨਤੀਜੇ ਸਾਹਮਣੇ ਆ ਰਹੇ ਹਨ। ਪਿਛਲੇ ਦਹਾਕੇ ਵਿਚ 'ਜਲਵਾਯੂ ਬਦਲਾਵ' ਦੇ ਵਿਸ਼ਵਵਿਆਪੀ ਸੰਕਟ ਬਾਰੇ ਨਵੀਂ ਚੇਤਨਤਾ ਦੇ ਸੰਦਰਭ ਵਿਚ ਭਾਰਤ ਅੰਦਰ ਕਾਫੀ ਚੇਤਨਤਾ ਅਨੁਭਵ ਕੀਤੀ ਜਾ ਰਹੀ ਹੈ ਅਤੇ ਇਸ ਦੇ ਮਾਨਵੀ ਤੇ ਕੁਦਰਤੀ ਸਿੱਟਿਆਂ ਪ੍ਰਤਿ ਸੰਵੇਦਨਾ ਵਧੀ ਹੈ।

ਪ੍ਰਸ਼ਾਸਨੀ ਪੁਨਰਗਠਨ ਤੇ ਨਵੀਆਂ ਨਰੋਈਆਂ ਨੀਤੀਆਂ ਅਨੁਸਾਰ 1985-86 ਵਿਚ ਅਨੁਸੂਚਿਤ ਜਾਤੀਆਂ, ਜਨਜਾਤੀਆਂ ਤੇ ਘੱਟ ਗਿਣਤੀ ਸਮੂਹਾਂ ਦੇ ਵਿਕਾਸ ਤੇ ਭਲਾਈ ਲਈ ਨਵੇਂ ਵਿਭਾਗ ਤੇ ਮੰਤਰਾਲੇ ਹੋਂਦ ਵਿਚ ਆਉਣੇ ਆਰੰਭ ਹੋਏ। ਕਲਿਆਣ ਮੰਤਰਾਲਾ ਦੇ ਕਾਰਜ ਤੇ ਮੰਤਵ ਮਈ 1998 ਵਿਚ ਨਵੇਂ ਨਾਂ 'ਸਮਾਜਿਕ ਨਿਆਂ ਤੇ ਸ਼ਕਤੀਕਰਨ' ਨਾਲ ਪਰਿਭਾਸ਼ਿਤ ਕੀਤੇ ਗਏ।

**ਅਕਤੂਬਰ 1999 ਵਿਚ 'ਜਨਜਾਤੀ ਵਿਕਾਸ ਵਿਭਾਗ' ਨੂੰ ਪੂਰੇ ਮੰਤਰਾਲਾ ਦਾ ਦਰਜਾ ਦੇ ਦਿਤਾ ਗਿਆ। ਇਸ ਪ੍ਰਕਿਰਿਆ ਨੂੰ ਜਾਰੀ ਰੱਖਦੇ ਹੋਏ ਜਨਵਰੀ 2007 ਵਿਚ 'ਘੱਟ ਗਿਣਤੀਆਂ ਦੇ ਮਾਮਲੇ ਦਾ ਮੰਤਰਾਲਾ' ਸਥਾਪਤ ਕਰ ਦਿਤਾ ਗਿਆ ਹੈ। ਜਨਜਾਤੀਆਂ ਦੇ ਰਾਜਨੀਤਕ ਸ਼ਸਕਤੀਕਰਨ ਦੇ ਮੰਤਵ ਨਾਲ ਤਿੰਨ ਨਵੇਂ ਰਾਜਾਂ - ਛੱਤੀਸਗੜ੍ਹ, ਝਾਰਖੰਡ ਤੇ ਉੱਤਰਾਖੰਡ ਦੀ ਸਥਾਪਨਾ ਨੂੰ ਵੱਡਾ ਕਦਮ ਗਿਣਿਆ ਗਿਆ। ਪੱਟੀਦਰਜ ਜਾਤੀਆਂ ਤੇ ਜਨਜਾਤੀਆਂ ਲਈ ਕੇਂਦਰੀ ਤੇ ਰਾਜ ਸਰਕਾਰਾਂ ਦੇ ਆਮ ਬਜਟਾਂ ਵਿਚ ਵਿਸ਼ੇਸ਼ ਰਾਸ਼ੀ ਦਾ ਪ੍ਰਾਵਧਾਨ ਕੀਤਾ ਜਾਣਾ ਵੀ ਕਾਫੀ ਚਰਚਿਤ ਵਿਸ਼ਾ ਬਣਿਆ ਹੈ। ਜਨ ਸੰਚਾਰ ਦੇ ਮਾਧਿਅਮ ਰਾਹੀਂ ਜਨ ਜਾਤੀ ਦੀਆਂ ਸਮੱਸਿਆਵਾਂ ਨੂੰ ਰਾਸ਼ਟਰੀ ਚੇਤਨਾ ਵਿਚ ਪ੍ਰਮੁੱਖ ਸਥਾਨ ਮਿਲਣਾ ਇਕ ਸਵਸਥ ਰੁਝਾਨ ਕਿਹਾ ਜਾ ਸਕਦਾ ਹੈ।**

ਤਾਜ਼ਾ ਸਰਕਾਰੀ ਸੂਚਨਾ ਅਨੁਸਾਰ ਅਨੁਸੂਚਿਤ ਜਨ ਜਾਤੀਆਂ ਦੀ ਗਿਣਤੀ ਵਧ ਕੇ 705 ਹੋ ਗਈ ਹੈ ਅਤੇ ਜਾਣਕਾਰ ਸੂਤਰਾਂ ਅਨੁਸਾਰ ਆਦਿਵਾਸੀ ਸਮਾਜ ਦੀ ਕੁੱਲ ਜਨਸੰਖਿਆ ਦਰਜ 10.4 ਕਰੋੜ ਤੋਂ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ 'ਡੀਨੋਟੀਫਾਈਡ ਐਂਡ ਕੋਮੈਡਿਕ ਟ੍ਰਾਈਬਜ਼' ਦੇ ਠੀਕ ਅੰਕੜੇ ਕਦੀ ਵੀ ਸੁਚੱਜੇ ਢੰਗ ਨਾਲ ਗਿਣੇ ਨਹੀਂ ਜਾ ਸਕੇ। ਇਹੋ ਹਾਲ ਦੇਸ਼ ਵਿਆਪੀ ਸਮੁੱਚੀ ਨੀਤੀ ਅਪਣਾਉਣ ਬਾਰੇ ਰਿਹਾ ਹੈ। ਵਾਅਦਿਆਂ ਦੇ ਲੰਮੇ ਟਾਲ-ਮ-ਟੋਲ ਦੌਰ ਬਾਅਦ, ਆਖਰ 2004 ਵਿਚ ਐਨ ਡੀ ਏ ਸਰਕਾਰ ਨੇ ਰਾਸ਼ਟਰੀ ਆਦਿਵਾਸੀ ਨੀਤੀ (ਐਨ ਟੀ ਪੀ) ਦਾ ਪਹਿਲਾ ਖਰੜਾ ਪੇਸ਼ ਕੀਤਾ। ਇਹ 'ਪ੍ਰਸਤਾਵਿਤ ਰਾਸ਼ਟਰੀ ਜਨਜਾਤੀ ਨੀਤੀ' ਦਾ ਸਮਾਜ ਸੇਵੀ ਸੰਸਥਾਵਾਂ ਵਲੋਂ ਸਖ਼ਤ ਵਿਰੋਧ ਹੋਇਆ ਕਿਉਂਕਿ ਇਸ ਦਾ ਆਧਾਰ ਜਨ ਜਾਤੀਆਂ ਨੂੰ ਮੁੱਖ ਧਾਰਾ ਸਮਾਜ ਵਿਚ ਮਿਲਾਉਣਾ/ਮਿਟਾਉਣਾ ਸੋਚਿਆ ਗਿਆ ਸੀ। ਇਸ ਨੀਤੀ ਦੀ ਜਨ ਜਾਤੀਆਂ ਦੇ ਵਿਸ਼ੇਸ਼ ਅਧਿਕਾਰਾਂ ਤੇ ਵੱਖਰੀ ਪਛਾਣ ਦੇ ਸਿਧਾਂਤਾਂ ਨੂੰ ਉਲੰਘਣ ਕਰਨ ਲਈ ਵੀ ਆਲੋਚਨਾ ਕੀਤੀ ਗਈ। ਇਸ ਨੀਤੀ ਵਿਚ ਸਥਾਨਕ ਪੰਚਾਇਤ ਸੰਸਥਾਵਾਂ, ਪੱਟੀਦਰਜ ਇਲਾਕਿਆਂ ਦੇ ਕਾਨੂੰਨ ਦੀ ਵਿਵਸਥਾ ਅਤੇ ਭੂਮੀ ਪ੍ਰਾਪਤੀ ਦੇ ਮੁੱਖ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਨ ਦਾ ਦੋਸ਼ ਵੀ ਪਾਇਆ ਗਿਆ।

ਸੰਯੁਕਤ ਪ੍ਰਗਤੀਸ਼ੀਲ ਗਠਬੰਧਨ (ਯੂ.ਪੀ.ਏ.) ਸਰਕਾਰ ਨੇ 2006 ਵਿਚ ਸੋਧੀ 'ਪ੍ਰਸਤਾਵਿਤ ਰਾਸ਼ਟਰੀ ਜਨਜਾਤੀ ਨੀਤੀ (ਐਨ ਟੀ ਪੀ) ਦਾ ਦਸਤਾਵੇਜ਼ ਤਿਆਰ ਕੀਤਾ। ਇਸ ਨਵੇਂ ਨੀਤੀ ਖਰੜੇ ਅਨੁਸਾਰ ਮਿਲਾਉਣ/ਮਿਟਾਉਣ ਦੀ ਬਜਾਇ 'ਜੋੜਨ' ਦੇ ਦ੍ਰਿਸ਼ਟੀ ਕੋਣ ਨੂੰ ਅਪਣਾਇਆ ਗਿਆ ਤੇ ਜਨ ਜਾਤੀਆਂ ਦੀ 'ਅਦੁਤੀ ਪਛਾਣ' ਨੂੰ ਠੇਸ ਪਹੁੰਚਾਉਣ ਤੋਂ ਸੰਕੋਚ ਕੀਤਾ ਗਿਆ ਹੈ। ਉਦਾਹਰਣ ਵਜੋਂ, ਉੱਤਰ ਪੂਰਬੀ ਖੇਤਰ ਦੇ 100 ਤੋਂ ਵੱਧ ਨਸਲੀ ਘੱਟ ਗਿਣਤੀਆਂ ਦੀ 'ਪੁਰਾਤਨ ਕ੍ਰਿਸ਼ੀ ਪ੍ਰਣਾਲੀ' 'ਤੇ ਨਿਰਭਰਤਾ ਨੂੰ ਤਬਦੀਲ ਕਰਨ ਦੀ ਥਾਂ ਸਵੀਕਾਰ ਕੀਤਾ ਗਿਆ ਹੈ ਤੇ ਜਨ ਜਾਤੀਆਂ ਦੇ 'ਜ਼ਮੀਨ ਨਾਲ ਭਾਵਨਾਤਮਕ ਲਗਾਅ' ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਤਰ੍ਹਾਂ, ਪ੍ਰੰਪਰਾਗਤ ਇਲਾਜ ਤੇ ਜੜੀ-ਬੂਟੀਆਂ ਦੇ ਪ੍ਰਯੋਗ ਨੂੰ ਵੀ ਨਵੀਆਂ ਸਿਹਤ ਯੋਜਨਾਵਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਜਨ ਜਾਤੀਆਂ ਦਾ ਜੰਗਲਾਂ ਤੋਂ ਉਜਾੜਾ, ਕਰਜ਼ਿਆਂ ਦੇ ਭਾਰ ਹੇਠ ਦਬੇ ਹੋਣ ਤੇ ਨਵੇਂ ਸੰਘਰਸ਼ ਤੇ ਤਣਾਵਾਂ ਨੂੰ ਵਾਸਤਵਿਕਤਾ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਖਰੜਾ ਨੀਤੀ ਦੇ ਦੋ ਵੱਡੇ ਨੁਕਸ ਇਸ ਵਿਚ 'ਦਰਜ ਬਿੰਦੂਆਂ' - ਦੀ ਘਾਟ ਅਤੇ 'ਸਮਾਂ ਸੀਮਾ ਵਾਲੀ ਰਣਨੀਤੀ' ਦੀ ਅਣਹੋਂਦ ਗਿਣਾਏ ਗਏ ਸਨ। ਇਸ ਦਸਤਾਵੇਜ਼ ਨੂੰ 31 ਮਈ 2007 ਨੂੰ ਕੇਂਦਰੀ ਮੰਤਰੀ ਮੰਡਲ ਅੱਗੇ ਪੇਸ਼ ਕੀਤਾ ਗਿਆ ਤੇ ਫਿਰ ਇਸ ਨੂੰ ਮੰਤਰੀ ਸਮੂਹ ਨੂੰ ਯੋਗ ਸਿਫ਼ਾਰਸ਼ ਲਈ ਭੇਜਿਆ ਗਿਆ। ਜਨ ਜਾਤੀ ਮਾਮਲਿਆਂ ਦੇ ਰਾਜ ਮੰਤਰੀ ਸ੍ਰੀ ਤੁਸ਼ਾਰ ਚੌਧਰੀ ਨੇ ਪੁਸ਼ਟੀ ਕੀਤੀ ਸੀ ਕਿ ਮੰਤਰੀ ਸਮੂਹ ਨੇ ਸੋਧਿਆ ਅੰਤਿਮ ਖਰੜਾ ਮੰਤਰੀ ਮੰਡਲ ਨੂੰ ਪ੍ਰਵਾਨਗੀ ਲਈ ਭੇਜ ਦਿਤਾ ਹੈ। ਇਸ ਸੰਦਰਭ ਵਿਚ ਕਈ ਸਿਆਣੇ ਟਿੱਪਣੀਕਾਰਾਂ ਨੇ ਨਹਿਰੂ ਜੀ ਦੇ ਪੰਜ ਨੁਕਾਤੀ ਨੀਤੀ ਤੇ ਸੰਵਿਧਾਨ ਦੀਆਂ ਸੰਬੰਧਿਤ ਧਾਰਾਵਾਂ ਦੀ ਯਾਦ ਦਿਵਾਈ। ਕੁਦਰਤੀ ਸਰੋਤਾਂ ਵਿਸ਼ੇਸ਼ ਤੌਰ ਤੇ ਭੂਮੀ, ਜੰਗਲਾਤ ਤੇ ਖਣਿਜ ਪਦਾਰਥਾਂ ਵਾਲੇ ਖੇਤਰਾਂ ਸੰਬੰਧੀ ਨਵੀਆਂ ਆਰਥਿਕ ਨੀਤੀਆਂ ਨੇ, ਜਨ ਜਾਤੀਆਂ ਵਿਚ ਸਰਗਰਮ ਜਾਣਕਾਰ ਸੂਤਰਾਂ ਅਨੁਸਾਰ, ਆਦਿਵਾਸੀ ਵਰਗਾਂ ਦੀ 'ਬੇਦਖਲੀ' ਤੇ 'ਬੇਗਾਨਗੀ' ਤੇ ਸ਼ੋਸ਼ਣ ਨੂੰ ਹੋਰ ਗਹਿਰਾ ਕੀਤਾ ਹੈ ਤੇ ਵਧਾਇਆ ਵੀ ਹੈ। ਇਸ ਸਥਿਤੀ ਦੇ ਸੰਕੇਤ ਜਨ ਜਾਤੀ ਖੇਤਰਾਂ ਵਿਚ ਹਿੰਸਾਤਮਕ ਹਲਚਲ ਵਿਚ ਦੇਖੇ ਗਏ ਹਨ। ਛੱਤੀਸਗੜ੍ਹ, ਓਡੀਸ਼ਾ, ਬਿਹਾਰ ਤੇ ਆਂਧਾਰਾ ਦੇ ਖੇਤਰਾਂ ਵਿਚ ਨਕਸਲਵਾਦ ਦਾ ਉਭਾਰ ਵੀ ਆਦਿਵਾਸੀ ਲੋਕਾਂ ਦੇ ਗੁੱਸੇ ਦੇ ਪ੍ਰਗਟਾਵੇ ਨਾਲ ਜੁੜਿਆ ਹੋਇਆ ਸਮਝਿਆ ਜਾਂਦਾ ਹੈ। ਜਨਜਾਤੀ ਮਾਮਲਿਆਂ ਦੇ ਪੂਰਵ ਮੰਤਰੀ ਪੀ ਆਰ ਕੀਂਡੀਆਹ ਦੇ ਸ਼ਬਦਾਂ ਵਿਚ, "ਇਹ ਇਕ ਵਿਰੋਧਾਭਾਸ ਹੀ ਹੈ ਕਿ ਗਰੀਬ ਜਨਜਾਤੀਆਂ ਦੇ ਲੋਕ ਅਜਿਹੇ ਖੇਤਰਾਂ ਵਿਚ ਵਸੇ ਹੋਏ ਹਨ ਜੋ ਖਣਿਜਾਂ, ਜੰਗਲਾਂ ਤੇ ਹੋਰ ਕੁਦਰਤੀ ਬਹੁ-ਮੁੱਲੇ ਭੰਡਾਰਾਂ ਨਾਲ ਭਰਪੂਰ ਹਨ। ਸਮਾਧਾਨ ਜਨਜਾਤੀ ਸਮੁਦਾਇਆਂ ਨੂੰ ਕੁਦਰਤੀ ਤੇ ਵਿੱਤੀ ਸਰੋਤਾਂ ਤੇ ਉਨ੍ਹਾਂ ਦੇ ਯੋਗ ਅਧਿਕਾਰਾਂ ਦੀ ਬਹਾਲੀ ਅਤੇ ਆਰਥਿਕ ਵੰਚਿਤਤਾ ਨੂੰ ਦੂਰ ਕਰਨ ਵਿਚ ਹੈ।"

'ਰਾਸ਼ਟਰੀ ਜਨਜਾਤੀ ਨੀਤੀ' ਦੇ ਸੰਬੰਧ ਵਿਚ ਕੁਝ ਚਿੰਤਕਾਂ ਵਲੋਂ ਇਸ ਨੀਤੀ ਦੀ ਸਿਰਜਣਾ ਵਿਚ ਖੁਦ ਜਨ ਜਾਤੀਆਂ ਵਲੋਂ ਸ਼ਮੂਲੀਅਤ ਤੇ ਯੋਗਦਾਨ ਦੇ ਅਭਾਵ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਦੇਸ਼ ਭਰ ਦੇ ਆਦਿਵਾਸੀ ਸੰਗਠਨਾਂ ਤੇ ਕਾਰਜ ਕਰਤਾਵਾਂ ਨੂੰ ਇਸ ਨੀਤੀ ਦੇ

ਖਰੜੇ ਬਾਰੇ ਆਪਣੀਆਂ ਟਿੱਪਣੀਆਂ 'ਤੇ ਵਿਚਾਰ ਪੇਸ਼ ਕਰਨ ਲਈ ਕੇਵਲ 20 ਦਿਨ ਦਾ ਸਮਾਂ (21 ਜੁਲਾਈ - 10 ਅਗਸਤ 2006) ਦਿਤਾ ਗਿਆ ਸੀ। ਪ੍ਰੋ. ਵੀ ਕੇ ਸ੍ਰੀਵਾਸਤਵ ਦੇ ਕਹਿਣ ਅਨੁਸਾਰ ਇਹ 'ਨੀਤੀ ਪੱਤਰ', ਸ਼ਾਇਦ, ਜਨਜਾਤੀ ਸਮੁਦਾਇ ਦਾ ਇਸ ਲਈ ਵਿਸ਼ਵਾਸ ਪ੍ਰਾਪਤ ਕਰਨ ਵਿਚ ਪੂਰੀ ਤਰ੍ਹਾਂ ਸਫਲ ਨਹੀਂ, ਕਿਉਂਕਿ ਜਨ ਜਾਤੀ ਸਮਾਜ ਦੀ ਗਤੀਸ਼ੀਲ ਵਾਸਤਵਿਕਤਾ ਇਸ ਦਸਤਾਵੇਜ਼ ਵਿਚ ਗੁੰਮ ਹੋ ਗਈ ਲਗਦੀ ਹੈ ... ਇਸ ਵਿਚ 'ਜਨਜਾਤੀ ਲੋਕਾਂ' ਦੀ ਆਵਾਜ਼ ਸੁਣਾਈ ਨਹੀਂ ਦੇ ਰਹੀ।' ਨਿਸਚੇ ਹੀ ਰਾਸ਼ਟਰੀ ਤੇ ਖੇਤਰੀ ਪੱਧਰ 'ਤੇ ਆਦਿਵਾਸੀ ਸੰਗਠਨਾਂ ਤੇ ਸਮੁਦਾਇ ਦੇ ਸਮੂਹਾਂ ਨਾਲ ਗਹਿਰਾਈ ਵਿਚ ਤੇ ਨੇਕ ਇਰਾਦਿਆਂ ਨਾਲ ਖੁੱਲ੍ਹੇ ਵਿਚਾਰ-ਵਟਾਂਦਰੇ ਦੀ ਜ਼ਰੂਰਤ ਤੇ ਮਹੱਤਵ ਨੂੰ ਸਮਝਿਆ ਜਾਣਾ ਚਾਹੀਦਾ ਹੈ। ਭੂਮੰਡਲੀਕਰਨ ਦੇ ਇਸ ਨਾਜ਼ਕ ਦੌਰ ਵਿਚ ਦੇਸ਼ ਦੇ ਆਦਿਵਾਸੀ ਲੋਕਾਂ ਨੂੰ ਆਪਣੀਆਂ ਨਵੀਆਂ ਉਮੰਗਾਂ ਤੇ ਸੰਸਕ੍ਰਿਤਕ ਰਾਜਨੀਤਕ ਪਛਾਣ ਬਣਾਉਣ ਦੀ ਚੋਣ ਉਨ੍ਹਾਂ ਦੀ ਆਪਣੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਪੱਟੀਦਰਜ ਕਬੀਲਾ, ਜਨਜਾਤੀ ਆਦਿਵਾਸੀ ਦੇ ਵਿਸ਼ੇਸ਼ਣ ਅਜੇ ਵੀ ਬੜੀ ਅਰਥ ਵਿਭਿੰਨਤਾ ਹੈ, ਰਾਸ਼ਟਰੀ ਆਦਿਵਾਸੀ ਨੀਤੀ ਹਾਲੇ ਵੀ ਘਸੇ ਪਿਟੇ ਮਾਪਦੰਡ ਪ੍ਰਯੋਗ ਕਰ ਰਹੀ ਲਗਦੀ ਹੈ ਜਿਵੇਂ ਮੁੱਢ-ਕਦੀਮੀ ਵਿਸ਼ੇਸ਼ਤਾਈਆਂ, ਵੱਖਰੀ ਸੰਸਕ੍ਰਿਤੀ, ਭੂਗੋਲਿਕ ਵੱਖਰਤਾ, ਸੰਪਰਕ ਵਿਚ ਸ਼ਰਮੀਲਾਪਨ ਅਤੇ ਪਿਛੜਾਪਨ। ਪਰ ਹੁਣ ਨਵੇਂ ਦ੍ਰਿਸ਼ਟੀਕੋਣ ਤੋਂ ਮਾਪਦੰਡਾਂ ਦੀ ਵਿਆਖਿਆ ਦੀ ਲੋੜ ਹੈ ਜਿਸ ਵਿਚ 'ਵੰਚਿਤ ਰੱਖੇ ਜਾਣ ਤੇ ਬਾਹਰ ਕੱਢੇ ਜਾਣ ਦੇ ਸੰਦਰਭ ਨੂੰ ਧਿਆਨ ਵਿਚ ਰੱਖਿਆ ਜਾਵੇ। ਉੱਘੇ ਆਗੂ ਸ਼ਰਦ ਜੋਸ਼ੀ ਕਹਿੰਦੇ ਹਨ, ''ਰਾਸ਼ਟਰੀ ਜਨ ਜਾਤੀ ਨੀਤੀ ਹਰ ਆਦਿਵਾਸੀ ਸਮਾਜ ਲਈ ਇਸ ਗੱਲ ਦੇ ਸੁਤੰਤਰ ਅਖਤਿਆਰ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਕਿ ਉਹ ਪ੍ਰੰਪਰਾਗਤ ਜਾਂ ਆਧੁਨਿਕ ਜੀਵਨ ਸ਼ੈਲੀ ਦੀ ਬੇਰੋਕ ਚੋਣ ਕਰ ਸਕਣ ਜਾਂ ਦੋਵੇਂ ਜੀਵਨ ਵਿਵਹਾਰਾਂ ਵਿਚ ਵਿਚਰ ਸਕਣ।" ਭਾਰਤ ਨੇ, ਹੋਰ 143 ਦੇਸ਼ਾਂ ਨਾਲ, ਰਾਸ਼ਟਰ ਸੰਘ ਦੇ ਮੂਲ ਨਿਵਾਸੀਆਂ ਦੇ ਐਲਾਨਨਾਮੇ ਨੂੰ ਸਤੰਬਰ 2007 ਵਿਚ ਪ੍ਰਵਾਨਗੀ ਦੇ ਦਿਤੀ ਹੈ। ਇਸ ਐਲਾਨਨਾਮੇ ਦੀ ਧਾਰਾ ਤਿੰਨ ਵਿਚ ਕਿਹਾ ਗਿਆ ਹੈ, ''ਮੂਲ ਨਿਵਾਸੀਆਂ ਨੂੰ ਸਵੈ ਨਿਰਣੇ ਦਾ ਅਧਿਕਾਰ ਹਾਸਲ ਹੈ। ਇਸ ਅਧਿਕਾਰ ਦੇ ਆਧਾਰ 'ਤੇ ਉਹ ਆਪਣਾ ਸਿਆਸੀ ਰੁਤਬਾ ਤੈਅ ਕਰ ਸਕਦੇ ਹਨ ਅਤੇ ਆਪਣੇ ਆਰਥਿਕ, ਸਮਾਜਿਕ ਅਤੇ ਸੰਸਕ੍ਰਿਤਕ ਵਿਕਾਸ ਦੇ ਰਾਹ 'ਤੇ ਅੱਗੇ ਵਧ ਸਕਦੇ ਹਨ।" ਰਾਸ਼ਟਰੀ ਜਨ ਜਾਤੀ ਨੀਤੀ 'ਸਵੈ ਨਿਰਣੇ' ਦੇ ਸਿਧਾਂਤ ਬਾਰੇ ਸਪੱਸ਼ਟ ਨਹੀਂ ਹੈ ਤੇ ਇਸ ਵਰਗ ਦੇ ਵਿਕਾਸ ਦਾ ਮਾਰਗ ਚੁਣਨ ਦਾ ਬੁਨਿਆਦੀ ਅਧਿਕਾਰ ਵੀ ਧੁੰਦਲੇਪਣ ਵਿਚ ਹੈ।

**ਪਿਛਲੇ ਵਰ੍ਹੇ ਅੱਠ ਜੁਲਾਈ ਦੇ ਬਿਆਨ ਅਨੁਸਾਰ ਜਨਜਾਤੀ ਮਾਮਲਿਆਂ ਦੇ ਮੰਤਰੀ ਸ੍ਰੀ ਵੀਰ ਕਿਸੋਰ ਚੰਦਰ ਦਿਉ ਨੇ ਦੱਸਿਆ, 'ਰਾਸ਼ਟਰੀ ਜਨਜਾਤੀ ਨੀਤੀ' ਦੇ ਖਰੜੇ ਨੂੰ ਮਾਹਰਾਂ ਦੀ ਸੰਪਤੀ ਨੂੰ ਸੌਂਪਿਆ ਗਿਆ ਹੈ ਅੰਤਿਮ ਰੂਪ ਦੇਣ ਲਈ। ਸ੍ਰੀ ਦਿਉ ਅਨੁਸਾਰ, ''ਅਸੀ 2006 ਦੀ ਲੰਬੀਆਂ ਕਥਾਵਾਂ ਵਾਲੀ ਨੀਤੀ ਦਾ ਪੁਨਰ ਨਿਰੀਖਣ ਕਰ ਰਹੇ ਹਾਂ। ਆਦਿਵਾਸੀਆਂ ਦੀ ਨੀਤੀ ਸਪੱਸ਼ਟ, ਕੇਂਦਰਿਤ ਅਤੇ ਵਰਤਮਾਨ ਸਥਿਤੀਆਂ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ ਜੋ ਭਵਿੱਖ ਦਾ ਵੀ ਧਿਆਨ ਰੱਖਣ ਵਾਲੀ ਹੋਵੇ।"**

ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਦੇ ਪਹਿਲੂਆਂ ਦੇ ਨਾਲ, ਸੋਧੀ ਹੋਈ ਨੀਤੀ ਜਨ ਜਾਤੀਆਂ ਦੇ ਸੂਚੀਕਰਨ ਦੀ ਪ੍ਰਕਿਰਿਆ ਦੇ ਮਾਪ ਦੰਡਾਂ 'ਤੇ ਗਹਿਰਾ ਮੁੜ ਵਿਚਾਰ ਕਰੇਗੀ। ਉਨ੍ਹਾਂ ਨੇ ਸਵੀਕਾਰ ਕੀਤਾ ਕਿ ਅਨੇਕ ਰਾਜਾਂ ਵਿਚ, ਜਿਨ੍ਹਾਂ ਵਿਚ ਛੱਤੀਸਗੜ੍ਹ, ਝਾਰਖੰਡ ਤੇ ਆਂਧਰ ਪ੍ਰਦੇਸ਼ ਸ਼ਾਮਿਲ ਹਨ, ਸੰਵਿਧਾਨਿਕ ਪ੍ਰਾਵਧਾਨਾਂ ਦਾ ਉਲੰਘਣ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਨਵੰਬਰ 2009 ਦੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਆਦਿਵਾਸੀਆਂ ਦੀਆਂ ਪ੍ਰਸਥਿਤੀਆਂ ਬਾਰੇ ਦੇਸ਼ ਨੂੰ ਸੁਚੇਤ ਕੀਤਾ ਸੀ। ਪੂਰੀ ਈਮਾਨਦਾਰੀ ਤੇ ਨੇਕ ਨੀਤੀ ਨਾਲ ਇਸ ਵਰਗ ਦੀਆਂ ਸਮੱਸਿਆਵਾਂ ਦਾ ਜਾਇਜ਼ਾ ਲੈਂਦੇ ਹੋਏ ਉਨ੍ਹਾਂ ਕਿਹਾ ਸੀ, ''ਸਰਕਾਰ ਤੇ ਸਮੁੱਚੇ ਰਾਜ ਪ੍ਰਬੰਧ ਵਲੋਂ ਪੱਟੀਦਰਜ ਜਨ ਜਾਤੀਆਂ ਨੂੰ ਆਧੁਨਿਕ ਆਰਥਿਕ ਪ੍ਰਕਿਰਿਆਵਾਂ ਨਾਲ ਜੋੜਨ ਵਿਚ ਪ੍ਰਬੰਧਕੀ ਢਾਂਚਾ ਪ੍ਰਣਾਲੀ ਅਸਫਲ ਰਹੀ ਹੈ। ਲੰਬੇ ਸਮੇਂ ਤੋਂ ਇਨ੍ਹਾਂ ਵਰਗਾਂ ਦੀ ਅਲਗ-ਥਲਗ ਅਵਸਥਾ ਹੁਣ ਕੁੱਝ ਭਾਗਾਂ ਵਿਚ ਭਿਆਨਕ ਰੂਪ ਧਾਰਨ ਕਰ ਰਹੀ ਹੈ। ਸਾਨੂੰ ਜਨ ਜਾਤੀਆਂ ਪ੍ਰਤਿ ਆਪਣੇ ਤੌਰ ਤਰੀਕੇ ਤਬਦੀਲ ਕਰਨੇ ਬਹੁਤ ਜ਼ਰੂਰੀ ਹਨ ਤੇ ਹਮਦਰਦੀ ਦੀ ਛੁਹ ਨੀਤੀ ਅਪਣਾਉਣ ਦੀ ਲੋੜ ਹੈ।"

ਪ੍ਰਧਾਨ ਮੰਤਰੀ ਨੇ ਰਾਜ ਸਰਕਾਰਾਂ ਵਲੋਂ ਭੂਮੀ ਹੜੱਪ ਦੀਆਂ ਗ਼ੈਰ ਜ਼ਿੰਮੇਵਾਰ ਯੋਜਨਾਵਾਂ, ਜੰਗਲਾਂ ਦੀ ਅੰਨ੍ਹੇਵਾਹ ਕਟਾਈ ਤੇ ਗ਼ੈਰ ਸੰਵੇਦਨਸ਼ੀਲ ਪ੍ਰਸ਼ਾਸਨ ਨੂੰ ਸੰਕਟ ਸਥਿਤੀ ਦੇ ਵੱਡੇ ਕਾਰਨ ਦੱਸਿਆ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਬੰਦੂਕਾਂ ਦੇ ਸਾਏ ਵਿਚ ਕੋਈ ਸਥਾਈ ਆਰਥਿਕ ਉੱਨਤੀ ਸੰਭਵ ਨਹੀਂ ਤੇ ਸ਼ੋਸ਼ਿਤ ਵਰਗ ਨੂੰ ਅਹਿੰਸਾ ਦੇ ਮਾਰਗ ਤੋਂ ਭਟਕਾਉਣ ਵਾਲੇ ਤੱਤਾਂ ਨੂੰ ਕ੍ਰਿਆਤਮਕ ਆਰਥਿਕ ਬਦਲ ਮਾਰਗ ਸੁਝਾਉਣੇ ਚਾਹੀਦੇ ਹਨ। ਜਾਣਕਾਰ ਟਿੱਪਣੀਕਾਰਾਂ ਨੇ ਦੱਸਿਆ ਹੈ ਕਿ ਦੇਸ਼ ਦੇ 600 ਜ਼ਿਲ੍ਹਿਆਂ ਵਿਚੋਂ ਤਕਰੀਬਨ ਦੋ ਸੌ ਜ਼ਿਲ੍ਹੇ ਜਨ ਜਾਤੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ ਤੋਂ ਪ੍ਰਭਾਵਿਤ ਹਨ। ਜ਼ਰੂਰਤ ਦੇਸ਼ ਦੀਆਂ ਸਭ ਰਾਜਨੀਤਕ ਸ਼੍ਰੇਣੀਆਂ, ਆਰਥਿਕ ਤੇ ਸਮਾਜਿਕ ਨੀਤੀਆਂ ਤੇ ਮਾਹਰਾਂ ਤੇ ਪ੍ਰਸ਼ਾਸਨ ਮਸ਼ੀਨਰੀ ਦੇ ਮਿਲ ਬੈਠ ਕੇ ਰਾਸ਼ਟਰ ਹਿਤਾਂ ਦੀ ਰਾਖੀ ਲਈ ਸੰਬੰਧਿਤ ਵਰਗਾਂ ਲਈ ਹਮਦਰਦੀ ਭਰੀ ਨੀਤੀ ਤਿਆਰ ਕਰਨ ਤੇ ਉਸ ਨੂੰ ਅਮਲੀ ਰੂਪ ਦੇਣ ਦੀ ਹੈ।

ਵਿਸ਼ਵੀਕਰਨ, ਮੰਡੀਕਰਨ ਤੇ ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਨੇ ਸਮੁੱਚੀ ਮਾਨਵਤਾ ਨੂੰ ਨਵੀਆਂ ਆਰਥਿਕ ਤੇ ਸਮਾਜਿਕ ਸਥਿਤੀਆਂ ਦੇ ਸਾਹਮਣੇ ਕੀਤਾ ਹੈ ਜਿਨ੍ਹਾਂ ਕਾਰਨ ਅਨੇਕ ਕਮਜ਼ੋਰ ਵਰਗ ਹੋਰ ਵੀ ਦਰਕਿਨਾਰ ਹੋ ਰਹੇ ਹਨ। ਭਾਰਤ ਦੀ ਅਤਿ ਗੁੰਝਲਦਾਰ ਸਮਾਜਿਕ ਵਿਵਸਥਾ ਵਿਚ ਦਲਿਤ ਤੇ ਜਨ ਜਾਤੀ ਵਰਗ ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਰਹੇ ਹਨ। ਅੰਤਰਰਾਸ਼ਟਰੀ ਖੁੱਲ੍ਹਾ ਬਾਜ਼ਾਰ ਪ੍ਰਣਾਲੀ ਪੂੰਜੀਪਤੀਆਂ ਲਈ ਖੁੱਲ੍ਹਮ ਖੁੱਲ੍ਹੀ ਲੁੱਟ ਦੀ ਪਰਿਭਾਸ਼ਾ ਨਹੀਂ ਹੋ ਸਕਦੀ। ਆਸ ਰੱਖਣੀ ਚਾਹੀਦੀ ਹੈ ਕਿ ਮਹਾਤਮਾ ਗਾਂਧੀ, ਡਾ. ਬੀ ਆਰ ਅੰਬੇਡਕਰ ਤੇ ਡਾ. ਰਾਮ ਮਨੋਹਰ ਲੋਹੀਆ ਵਰਗੇ ਮੌਲਿਕ ਭਾਰਤੀ ਚਿੰਤਕਾਂ ਦੇ ਵਿਚਾਰ ਸਾਡੀਆਂ ਸਮੁੱਚੀਆਂ ਵਿਕਾਸ ਨੀਤੀਆਂ ਨੂੰ ਰੁਸ਼ਨਾਉਂਦੇ ਰਹਿਣਗੇ।

***(ਲੇਖਕ ਸਮਾਜਿਕ ਮਸਲਿਆਂ ਬਾਰੇ ਚਿੰਤਕ ਤੇ ਸਾਬਕ ਭਾਰਤੀ ਵਿਦੇਸ਼ ਸੇਵਾ ਅਧਿਕਾਰੀ ਹੈ।)***

***e-mail :baal.anad@gmail.com***

# ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ ਬਰਾਬਰ ਦੇ ਮੌਕੇ

✍ ਗੁਰਮੀਤ ਕੌਰ

ਭਾਰਤੀ ਸਮਾਜ ਦੀ ਵਰਗ ਵੰਡ ਨੇ ਕੁਝ ਲੋਕਾਂ ਲਈ ਬਰਾਬਰ ਦੇ ਆਰਥਿਕ ਮੌਕੇ ਪੈਦਾ ਨਾ ਹੋਣ ਦਿਤੇ। ਸਮਾਜਿਕ ਵਿਵਸਥਾ ਨੂੰ ਹੀ ਇਸ ਤਰ੍ਹਾਂ ਦਾ ਬਣਾ ਦਿਤਾ ਕਿ ਕੁਝ ਵਰਗਾਂ ਲਈ ਰੁਜ਼ਗਾਰ ਅਤੇ ਕੰਮਾਂ ਨੂੰ ਯਕੀਨੀ ਬਣਾ ਦਿਤਾ। ਨਿਮਨ ਵਰਗ ਦੇ ਜ਼ਿੰਮੇ ਸੇਵਾ ਦਾ ਕੰਮ ਲਾਇਆ ਗਿਆ। ਇਸ ਪ੍ਰਕਾਰ ਜਿਥੇ ਉਹ ਆਰਥਿਕ ਤੌਰ ਤੇ ਪਛੜੇ ਰਹੇ ਉਥੇ ਸਮਾਜਿਕ ਤੌਰ ਤੇ ਵੀ ਉਨ੍ਹਾਂ ਨੂੰ ਸਨਮਾਨ ਨਾ ਮਿਲ ਸਕਿਆ, ਉਪਰਲੇ ਤਿੰਨ ਵਰਗਾਂ ਜਿਨ੍ਹਾਂ ਵਿਚ ਉੱਚ ਕੁੱਲ ਦੀਆਂ ਜਾਤੀਆਂ ਆਉਂਦੀਆਂ ਸਨ, ਉਨ੍ਹਾਂ ਨੂੰ ਮਿਲਿਆ। ਪ੍ਰਾਚੀਨ ਭਾਰਤੀ ਸਮਾਜ ਵਿਚ ਖੇਤੀਬਾੜੀ ਹੀ ਮੁੱਖ ਪੇਸ਼ਾ ਸੀ। ਖੇਤੀ ਕਰਨ ਵਾਲੇ ਲੋਕਾਂ ਦੇ ਨਾਲ-ਨਾਲ ਉਹ ਲੋਕ ਜੋ ਧਾਰਮਿਕ ਰਿਵਾਇਤਾਂ ਕਰਦੇ ਸਨ ਅਤੇ ਵਪਾਰਕ ਜਾਂ ਸਰਕਾਰੀ ਕੰਮਾਂ 'ਤੇ ਲੱਗੇ ਹੋਏ ਸਨ ਉਨ੍ਹਾਂ ਦਾ ਸਮਾਜਿਕ ਅਤੇ ਆਰਥਿਕ ਦਰਜਾ, ਪਛੜੇ ਵਰਗਾਂ ਦੇ ਲੋਕਾਂ ਤੋਂ ਕਾਫ਼ੀ ਚੰਗਾ ਸੀ। ਬਰਾਬਰ ਦੇ ਮੌਕੇ ਨਾ ਮਿਲਣ ਕਰਕੇ ਉਹ ਲਗਾਤਾਰ ਇਸ ਤਰ੍ਹਾਂ ਦੀ ਹੀ ਸਥਿਤੀ ਵਿਚ ਰਹੇ। ਦੂਜੇ ਪਾਸੇ, ਭਾਰਤ ਦੇ ਕੁਝ ਉਹ ਕਬੀਲੇ ਸਨ ਜਿਨ੍ਹਾਂ ਦੀਆਂ ਰਿਹਾਇਸ਼ਾਂ, ਆਵਾਜਾਈ ਅਤੇ ਸੰਚਾਰ ਸਾਧਨਾਂ ਤੋਂ ਦੂਰ ਰਹੀਆਂ। ਜਦੋਂ ਭਾਰਤ ਵਿਚ ਬ੍ਰਿਟਿਸ਼ ਸਰਕਾਰ ਸਥਾਪਿਤ ਹੋਈ ਤਾਂ ਉਸ ਸਰਕਾਰ ਵਲੋਂ ਵਿੱਦਿਆ ਨੂੰ ਫੈਲਾਉਣ ਦੇ ਯਤਨ ਕੀਤੇ ਗਏ। ਇਸ ਕੰਮ ਨੂੰ ਦੇਸ਼ ਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿਚ ਅਸਾਨੀ ਨਾਲ ਵਧਾਇਆ ਜਾ ਸਕਦਾ ਸੀ। ਇਸ ਲਈ, ਵੱਡੇ ਸ਼ਹਿਰਾਂ ਵਿਚ ਸਕੂਲ ਅਤੇ ਕਾਲਜ ਖੋਲ੍ਹੇ ਗਏ ਜਿਸ ਨਾਲ ਜਿਥੇ ਵਿਦਿਅਕ ਡਿਗਰੀਆਂ ਦਿਤੀਆਂ ਗਈਆਂ ਉਥੇ ਮਨੁੱਖੀ ਚੇਤਨਾ ਵਿਚ ਵੱਡਾ ਵਾਧਾ ਕੀਤਾ ਗਿਆ ਜਿਸ ਨਾਲ ਭਰਮ ਭੁਲੇਖੇ ਅਤੇ ਪੁਰਾਣੀਆਂ ਗਲਤ ਰੀਤੀਆਂ ਦੇ ਵਿਰੁੱਧ ਪ੍ਰਚਾਰ ਕੀਤਾ ਗਿਆ।

ਦੂਰ-ਦਰਾਜ਼ ਦੇ ਬਹੁਤ ਸਾਰੇ ਖੇਤਰਾਂ ਵਿਚ, ਨਵੀਂ ਚੇਤਨਾ ਤੇ ਨਵੀਆਂ ਰਸਮਾਂ ਅਤੇ ਰੀਤੀਆਂ ਨੂੰ ਮਾਨਸਿਕ ਤੌਰ ਤੇ ਪ੍ਰਵਾਨ ਨਾ ਕੀਤਾ ਗਿਆ ਅਤੇ ਉਨ੍ਹਾਂ ਦੀ ਵਿਰੋਧਤਾ ਕੀਤੀ ਗਈ। ਉੱਤਰ-ਪੂਰਬੀ ਰਾਜਾਂ ਜਿਵੇਂ ਅਸਮ, ਮੇਘਾਲਿਆ, ਨਾਗਾਲੈਂਡ, ਮੀਜ਼ੋਰਮ, ਮਣੀਪੁਰ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ, ਛੱਤੀਸਗੜ੍ਹ, ਝਾਰਖੰਡ, ਅੰਡੇਮਾਨ ਨਿਕੋਬਾਰ ਆਦਿ ਖੇਤਰਾਂ ਦੇ ਪੁਰਾਣੇ ਕਬੀਲਿਆਂ ਵਿਚੋਂ ਅਜੇ ਵੀ ਬਹੁਤ ਸਾਰੇ ਉਹ ਕਬੀਲੇ ਮਿਲਦੇ ਹਨ ਜਿਨ੍ਹਾਂ ਨੇ ਮਾਨਸਿਕ ਤੌਰ ਤੇ ਆਧੁਨਿਕ ਤਬਦੀਲੀਆਂ ਨੂੰ ਮਨੋ ਪ੍ਰਵਾਨ ਨਹੀਂ ਕੀਤਾ। ਇਥੋਂ ਤਕ ਕਿ ਅੰਡੇਮਾਨ ਅਤੇ ਨਿਕੋਬਾਰ ਦੇ ਬਹੁਤੇ ਖੇਤਰਾਂ ਵਿਚ ਅਜੇ ਆਧੁਨਿਕ ਸਭਿਅਤਾ ਨੂੰ ਪ੍ਰਵਾਨ ਨਾ ਕਰਨ ਕਰਕੇ ਉਨ੍ਹਾਂ ਵਲੋਂ ਆਮ ਸ਼ਹਿਰੀਆਂ 'ਤੇ ਹਮਲੇ ਕਰਨ ਦੀਆਂ ਰਿਪੋਰਟਾਂ ਵੀ ਆਉਂਦੀਆਂ ਰਹੀਆਂ ਹਨ।

1947 ਵਿਚ ਭਾਰਤ ਦੀ ਸੁਤੰਤਰਤਾ ਤੋਂ ਬਾਅਦ ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪਛੜੇ ਵਰਗਾਂ ਦੀ ਹਾਲਤ ਸੁਧਾਰਨ ਲਈ ਸਭ ਤੋਂ ਪਹਿਲਾ ਕੰਮ ਇਨ੍ਹਾਂ ਲਈ ਰਾਖਵਾਂਕਰਨ ਰਾਹੀਂ ਕੀਤਾ ਗਿਆ। ਇਹ ਰਾਖਵਾਂਕਰਨ ਮੁੱਖ ਤੌਰ ਤੇ ਸਰਕਾਰੀ ਅਤੇ ਜਨਤਕ ਸੇਵਾਵਾਂ ਵਿਚ ਕੀਤਾ ਗਿਆ ਜਿਸ ਲਈ ਉਨ੍ਹਾਂ ਦੀਆਂ ਵਿੱਦਿਅਕ ਯੋਗਤਾਵਾਂ ਚਾਹੀਦੀਆਂ ਸਨ। ਇਨ੍ਹਾਂ ਵਰਗਾਂ ਦਾ ਵਿੱਦਿਆ ਵਿਚ ਪਛੜੇ ਰਹਿ ਜਾਣਾ ਜਿਥੇ ਇਨ੍ਹਾਂ ਦੀ ਗਰੀਬੀ ਕਰਕੇ ਸੀ ਉਥੇ ਕੁਝ ਖੇਤਰਾਂ ਵਿਚ ਵਿੱਦਿਅਕ ਸੰਸਥਾਵਾਂ ਦੀ ਅਣਹੋਂਦ ਸੀ। ਇਸ ਲਈ ਦੋ ਪੱਖਾਂ 'ਤੇ ਕੰਮ ਕੀਤਾ ਗਿਆ, ਇਕ ਇਹ ਕਿ ਹਰ ਖੇਤਰ ਵਿਚ ਪਹਿਲਾਂ ਪ੍ਰਾਇਮਰੀ, ਫਿਰ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਅਤੇ ਬਾਅਦ ਵਿਚ ਕਾਲਜ ਖੋਲ੍ਹੇ ਗਏ। ਵਿੱਦਿਆ ਦਾ ਆਧਾਰ ਪ੍ਰਾਇਮਰੀ ਵਿੱਦਿਆ ਦੇ ਨਾਲ-ਨਾਲ ਮਿਡਲ ਤਕ ਦੀ ਵਿੱਦਿਆ ਜਿਥੇ ਮੁਫ਼ਤ ਕੀਤੀ ਗਈ ਉਥੇ ਲਾਜ਼ਮੀ ਵੀ ਕੀਤੀ ਗਈ। ਇਨ੍ਹਾਂ ਵਰਗਾਂ ਦੇ ਵਿਦਿਆਰਥੀਆਂ ਵਲੋਂ ਛੇਤੀ ਹੀ ਸਕੂਲ ਛੱਡ ਦਿਤਾ ਜਾਂਦਾ ਸੀ ਅਤੇ ਇਸ ਦੇ ਪਿੱਛੇ ਕਾਰਨ ਸੀ ਉਨ੍ਹਾਂ ਦੀ ਗਰੀਬੀ। ਇਸ ਲਈ ਸਰਕਾਰ ਵਲੋਂ ਇਨ੍ਹਾਂ ਬੱਚਿਆਂ ਲਈ ਪੁਸਤਕਾਂ ਮੁਫ਼ਤ ਦੇਣ ਦੀ ਵਿਵਸਥਾ ਕੀਤੀ ਗਈ। ਫੀਸ ਨੂੰ ਮੁਆਫ਼ ਕਰਨ ਦੇ ਨਾਲ-ਨਾਲ ਕੁਝ ਹੱਦ ਤਕ ਵਜ਼ੀਫ਼ੇ ਦਿਤੇ ਜਾਣੇ ਸ਼ੁਰੂ ਕੀਤੇ ਤਾਂ ਕਿ ਉਨ੍ਹਾਂ ਬੱਚਿਆਂ ਦੇ ਮਾਂ-ਬਾਪ ਵਲੋਂ ਉਨ੍ਹਾਂ ਦੀ ਵਿੱਦਿਆ ਨੂੰ ਕਦੀ ਵੀ ਬੋਝ ਨਾ ਸਮਝਿਆ ਜਾਵੇ ਸਗੋਂ ਰਾਹਤ ਸਮਝਿਆ ਜਾਵੇ।

ਆਰਥਿਕ ਤੌਰ ਤੇ ਪਛੜੇਵੇਂ ਦਾ ਜਿਹੜਾ ਆਧਾਰ ਜਾਤ-ਪਾਤ 'ਤੇ ਨਿਰਭਰ ਸੀ ਉਸ ਨੂੰ ਦੂਰ ਕਰਨ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਨੌਕਰੀਆਂ ਵਿਚ ਰਾਖਵਾਂਕਰਨ ਕੀਤਾ ਗਿਆ। ਇਸ ਦਾ ਲਾਭ ਤਾਂ ਹੀ ਹੋ ਸਕਦਾ ਸੀ ਜੇ ਹਰੇਕ ਦੀਆਂ ਯੋਗਤਾਵਾਂ ਲਈ ਲੋੜੀਂਦੀ ਵਿੱਦਿਆ ਪ੍ਰਾਪਤ ਕੀਤੀ ਜਾਂਦੀ। ਇਸ ਲਈ ਮੁਫ਼ਤ ਵਿੱਦਿਆ ਅਤੇ ਵਜ਼ੀਫ਼ਿਆਂ ਤੋਂ ਇਲਾਵਾ, ਇਨ੍ਹਾਂ ਕਮਜ਼ੋਰ ਵਰਗਾਂ ਲਈ ਸਿਖਲਾਈ ਅਤੇ ਖ਼ਾਸ ਕੋਰਸਾਂ ਦਾ ਇੰਤਜ਼ਾਮ ਵੀ ਕੀਤਾ ਗਿਆ। ਬਰਾਬਰ ਦੇ ਮੌਕੇ ਦੇਣ ਦਾ ਉਦੇਸ਼ ਇਹੋ ਸੀ ਕਿ ਇਨ੍ਹਾਂ ਨੂੰ ਸਮਾਜ ਦੇ ਬਾਕੀ ਵਰਗਾਂ ਦੇ ਬਰਾਬਰ ਦਰਜਾ ਮਿਲ ਸਕੇ। ਇਸ ਰਾਖਵੇਂਕਰਨ ਦਾ ਕਾਫ਼ੀ ਲਾਭ ਹੋਇਆ ਪਰ ਫਿਰ ਵੀ ਕਈ ਲੋਕਾਂ ਦਾ ਕਮਜ਼ੋਰ ਆਰਥਿਕ ਹਾਲਤ ਅਤੇ ਉਨ੍ਹਾਂ ਦੇ ਰਹਿਣ ਦੀ ਜਗਾਹ ਦੀਆਂ ਮੁਸ਼ਕਿਲਾਂ ਕਰਕੇ ਕਈ ਲੋਕਾਂ ਵਲੋਂ ਇਨ੍ਹਾਂ ਰਿਆਇਤਾਂ ਦਾ ਲਾਭ ਨਾ ਲਿਆ ਜਾ ਸਕਿਆ।

1950 ਵਿਚ ਨਵਾਂ ਸੰਵਿਧਾਨ ਅਪਣਾਉਣ ਤੋਂ ਬਾਅਦ ਸਮੇਂ-ਸਮੇਂ 'ਤੇ ਕਈ ਯੋਜਨਾਵਾਂ ਇਸ ਮੰਤਵ ਨਾਲ ਚਲਾਈਆਂ ਗਈਆਂ ਕਿ ਕਮਜ਼ੋਰ ਵਰਗਾਂ ਨੂੰ ਸਮਾਜ ਵਿਚ ਬਰਾਬਰੀ ਦਾ ਸਥਾਨ ਮਿਲੇ, ਜਿਸ ਦੇ ਤਹਿਤ ਵਿਸ਼ੇਸ਼ ਗਰੀਬੀ ਵਿਰੋਧੀ ਪ੍ਰੋਗਰਾਮ ਅਤੇ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਯੋਜਨਾਵਾਂ ਨੂੰ ਇਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ ਕਿ ਵਿਕਾਸ ਦਾ ਲਾਭ ਸਿਰਫ਼ ਕੁਝ ਵਰਗਾਂ ਤਕ ਹੀ ਸੀਮਤ ਨਾ ਰਹੇ ਸਗੋਂ ਹਰ ਇਕ ਨੂੰ ਇਸ ਦਾ ਲਾਭ ਪ੍ਰਾਪਤ ਹੋਵੇ। ਸਭ ਤੋਂ ਪਹਿਲਾਂ ਭੂਮੀ ਸੁਧਾਰ ਅਪਣਾਏ ਗਏ। ਭੂਮੀ ਸੁਧਾਰਾਂ ਵਿਚ ਇਹ ਗੱਲ ਵੇਖੀ ਗਈ ਸੀ ਕਿ ਜ਼ਮੀਂਦਾਰੀ ਪ੍ਰਣਾਲੀ ਦੇ ਤਹਿਤ ਜਿਹੜੇ ਲੋਕ ਖੇਤੀ ਕਰਦੇ ਸਨ, ਉਹ ਜ਼ਮੀਨ ਦੇ ਮਾਲਕ ਨਹੀਂ ਸਨ। ਉਹ ਮੁਜਾਰੇ ਦੇ ਤੌਰ ਤੇ ਖੇਤੀ ਕਰਦੇ ਸਨ, ਉਨ੍ਹਾਂ ਦੀ ਕਾਸ਼ਤ ਕਰਨ ਦੀ ਮਿਆਦ ਵੀ ਪੱਕੀ ਨਹੀਂ ਸੀ। ਉਨ੍ਹਾਂ ਨੂੰ ਕਿਸੇ ਵੀ ਸਮੇਂ ਕਾਸ਼ਤ ਤੋਂ ਵੱਖ ਕੀਤਾ ਜਾ ਸਕਦਾ ਸੀ। ਇਸ ਲਈ ਉਹ ਚਾਹੁੰਦੇ ਤਾਂ ਸਨ ਕਿ ਭੂਮੀ ਵਿਚ ਸਥਾਈ ਸੁਧਾਰ ਕੀਤੇ ਜਾਣ ਪਰ ਉਹ ਇਸ ਕਰਕੇ ਨਹੀਂ ਸਨ ਕਰਦੇ ਕਿ ਉਨ੍ਹਾਂ ਨੂੰ ਆਪਣੀ ਖੇਤੀ ਕਰਨ ਦੀ ਮਿਆਦ ਦਾ ਯਕੀਨ ਨਹੀਂ ਸੀ। ਜ਼ਮੀਂਦਾਰ ਜੋ ਸੈਂਕੜੇ ਏਕੜਾਂ ਦਾ ਮਾਲਕ ਸੀ ਅਤੇ ਅਸਾਨੀ ਨਾਲ ਭੂਮੀ 'ਤੇ ਸਥਾਈ ਸੁਧਾਰ ਕਰ ਸਕਦਾ ਸੀ ਉਹ ਇਉਂ ਕਰਨ ਵਿਚ ਦਿਲਚਸਪੀ ਨਹੀਂ ਸੀ ਰਖਦਾ। ਇਸ ਤਰ੍ਹਾਂ ਇਕ ਤਾਂ ਉਤਪਾਦਨ ਵਧ ਨਹੀਂ ਸੀ ਰਿਹਾ ਅਤੇ ਦੂਸਰਾ ਮੁਜਾਰੇ ਅਤੇ ਭੂਮੀ ਰਹਿਤ ਕਿਰਤੀਆਂ ਦੀ ਆਰਥਿਕ ਹਾਲਤ ਲਗਾਤਾਰ ਕਮਜ਼ੋਰ ਸੀ। ਭੂਮੀ ਸੁਧਾਰਾਂ ਦੇ ਤਹਿਤ ਭੂਮੀ ਦੀ ਉਪਰਲੀ ਸੀਮਾ ਨਿਸ਼ਚਤ ਕੀਤੀ ਗਈ ਜੋ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਸੀ ਅਤੇ ਬਾਕੀ ਦੀ ਵਾਧੂ ਜ਼ਮੀਨ ਨੂੰ ਉਨ੍ਹਾਂ ਭੂਮੀ ਰਹਿਤ ਮੁਜਾਰਿਆਂ ਵਿਚ ਸਸਤੀਆਂ ਕੀਮਤਾਂ 'ਤੇ ਵੰਡ ਦਿਤਾ ਗਿਆ ਜਿਸ ਨਾਲ ਵੱਡੀ ਗਿਣਤੀ ਵਿਚ ਮੁਜਾਰਿਆਂ ਦੀ ਹਾਲਤ ਸੁਧਾਰੀ ਗਈ।

ਪਛੜੇ ਵਰਗਾਂ ਵਿਚ ਆਮ ਲੋਕਾਂ ਨੂੰ ਗਰੀਬੀ ਦੇ ਸ਼ਿਕੰਜੇ ਵਿਚੋਂ ਮੁਕਤ ਕਰਾਉਣ ਲਈ 1982 ਵਿਚ ਇਕ ਨਵਾਂ ਵੀਹ ਨੁਕਾਤੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਜੋ ਇਸ ਪ੍ਰਕਾਰ ਹੈ :

- ਸਿੰਜਾਈ ਸਮਰਥਾ ਵਿਚ ਵਾਧਾ ਕਰਨਾ।
- ਦਾਲਾਂ ਅਤੇ ਤੇਲ ਬੀਜਾਂ ਦੇ ਉਤਪਾਦਨ ਵਿਚ ਵਾਧਾ ਕਰਨਾ।
- ਸੰਗਠਿਤ ਪੇਂਡੂ ਵਿਕਾਸ ਕਾਰਜਕ੍ਰਮ ਅਤੇ ਰਾਸ਼ਟਰੀ ਪੇਂਡੂ ਰੁਜ਼ਗਾਰ ਕਾਰਜਕ੍ਰਮ ਦਾ ਵਿਸਥਾਰ ਕਰਨਾ।
- ਭੂਮੀ ਦੀ ਵਧੇਰੇ ਸੀਮਾ ਦਾ ਨਿਰਧਾਰਨ।
- ਖੇਤੀ ਮਜ਼ਦੂਰਾਂ ਦਾ ਮੁੜ-ਵਸੇਬਾ।
- ਬੰਧੂਆ ਮਜ਼ਦੂਰਾਂ ਦਾ ਮੁੜ-ਵਸੇਬਾ।
- ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਕਾਰਜਕ੍ਰਮ ਦਾ ਵਿਕਾਸ।
- ਪਿੰਡਾਂ ਵਿਚ ਪੀਣ ਦੇ ਸਾਫ਼ ਪਾਣੀ ਦੀ ਵਿਵਸਥਾ।
- ਪੇਂਡੂ ਖੇਤਰਾਂ ਵਿਚ ਮਕਾਨਾਂ ਦੀ ਵਿਵਸਥਾ।
- ਗੰਦੀਆਂ ਬਸਤੀਆਂ ਦਾ ਸੁਧਾਰ।
- ਬਿਜਲੀ ਦੀ ਸਮਰਥਾ ਦਾ ਵਿਕਾਸ।
- ਜੰਗਲਾਂ ਅਤੇ ਗੋਬਰ ਗੈਸ ਦਾ ਵਿਕਾਸ।
- ਪਰਿਵਾਰ ਨਿਯੋਜਨ।
- ਮੁਢਲੇ ਸਿਹਤ ਕੇਂਦਰਾਂ ਦੀ ਸਥਾਪਨਾ।
- ਔਰਤਾਂ ਅਤੇ ਬੱਚਿਆਂ ਲਈ ਕਲਿਆਣ ਕਾਰਜਕ੍ਰਮ।
- 6 ਤੋਂ 14 ਸਾਲ ਤਕ ਦੇ ਬੱਚਿਆਂ ਨੂੰ ਮੁਫ਼ਤ ਮੁਢਲੀ ਸਿੱਖਿਆ।
- ਵਾਜਬ ਭਾਅ ਦੁਕਾਨਾਂ ਅਤੇ ਜਨਤਕ ਵਿਤਰਣ ਪ੍ਰਣਾਲੀ ਦਾ ਵਿਕਾਸ।
- ਸੌਖੀ ਉਦਯੋਗਿਕ ਨੀਤੀ।
- ਕਾਲੇ ਧਨ ਦੀ ਰੋਕਥਾਮ।
- ਜਨਤਕ ਉਦਯੋਗਾਂ ਦਾ ਚੰਗਾ ਪ੍ਰਬੰਧ।

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਕਮਜ਼ੋਰ ਵਰਗਾਂ ਅਤੇ ਉਨ੍ਹਾਂ ਲਈ ਰੁਜ਼ਗਾਰ ਵਧਾਉਣਾ ਅਤੇ ਬਰਾਬਰ ਦੇ ਮੌਕੇ ਪੈਦਾ ਕਰਨਾ ਸੀ। ਇਸ ਪ੍ਰੋਗਰਾਮ ਤਹਿਤ ਵੱਖ-ਵੱਖ ਸਕੀਮਾਂ ਚਲਾਈਆਂ ਗਈਆਂ। 1980 ਵਿਚ ਸਰਕਾਰ ਵਲੋਂ ਸਵੈਰੁਜ਼ਗਾਰ 'ਤੇ ਜ਼ੋਰ ਦਿਤਾ ਗਿਆ ਸੀ। ਕਿਉਂਕਿ ਇਹ ਮਹਿਸੂਸ ਕੀਤਾ ਜਾਂਦਾ ਸੀ ਕਿ ਰੁਜ਼ਗਾਰ ਦੀ ਸਮੱਸਿਆ ਦੇਸ਼ ਦੀ ਵੱਡੀ ਸਮੱਸਿਆ ਹੈ। ਉਸ ਨੂੰ ਹੱਲ ਕਰਨ ਲਈ ਸੰਗਠਿਤ ਖੇਤਰ ਨੂੰ ਇੰਨਾ ਵਿਕਸਤ ਨਹੀਂ ਕੀਤਾ ਜਾ ਸਕਦਾ ਕਿ ਦੇਸ਼ ਦੇ ਹਰ ਬੇਰੁਜ਼ਗਾਰ ਨੂੰ ਸੰਗਠਿਤ ਖੇਤਰ ਦੇ ਤਹਿਤ ਨੌਕਰੀਆਂ ਦਿਤੀਆਂ ਜਾ ਸਕਣ।

ਸਵੈ-ਰੁਜ਼ਗਾਰ ਪੈਦਾ ਕਰਨ ਦੇ ਉਦੇਸ਼ ਨਾਲ ਜ਼ਿਲ੍ਹਿਆਂ ਦੀ ਪੱਧਰ 'ਤੇ ਪੇਂਡੂ ਵਿਕਾਸ ਏਜੰਸੀਆਂ ਸਥਾਪਤ ਕੀਤੀਆਂ ਗਈਆਂ ਜਿਸ ਦੇ ਤਹਿਤ ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੇ ਵਰਗਾਂ ਸਮੇਤ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਰੁਜ਼ਗਾਰ ਅਤੇ ਉਤਪਾਦਨ ਵਧਾਉਣ ਦੇ ਉਦੇਸ਼ ਨਾਲ ਕਈ ਸਕੀਮਾਂ ਚਲਾਈਆਂ ਗਈਆਂ। ਭਾਵੇਂ ਕਿ ਇਨ੍ਹਾਂ ਵਿਚੋਂ ਜ਼ਿਆਦਾ ਸਕੀਮਾਂ ਖੇਤੀ ਨਾਲ ਹੀ ਸੰਬੰਧਿਤ ਸਨ ਪਰ ਇਨ੍ਹਾਂ ਦੇ ਨਾਲ ਹੀ ਛੋਟੇ ਵਪਾਰ, ਪ੍ਰਚੂਨ ਦੀ ਦੁਕਾਨ, ਛੋਟੇ ਘਰੇਲੂ ਉਦਯੋਗ, ਘੋੜਾ-ਰੇਹੜਾ, ਟਾਂਗਾਂ, ਖੱਡੀਆਂ ਲਾਉਣੀਆਂ, ਭੇਡਾਂ-ਬੱਕਰੀਆਂ ਪਾਲਣਾ ਆਦਿ ਲਈ ਕਰਜ਼ਾ ਦੇਣ ਦੀ ਵਿਵਸਥਾ ਕੀਤੀ ਗਈ। ਇਸ ਸਕੀਮ ਤਹਿਤ ਕਮਜ਼ੋਰ ਵਰਗਾਂ ਅਤੇ ਅਨਸੂਚਿਤ ਜਾਤੀਆਂ ਲਈ ਸਬਸਿਡੀ ਵੀ ਦਿਤੀ ਗਈ ਜੋ ਕਿ ਕੁੱਲ ਕਰਜ਼ੇ ਦਾ 33 ਪ੍ਰਤਿਸ਼ਤ ਸੀ। ਇਨ੍ਹਾਂ ਸਕੀਮਾਂ ਦਾ ਬਹੁਤ ਚੰਗਾ ਪ੍ਰਭਾਵ ਪਿਆ ਅਤੇ ਕਾਫ਼ੀ ਲੋਕਾਂ ਨੇ ਇਸ ਦਾ ਲਾਭ ਉਠਾਇਆ। ਇਸ ਦੇ ਤਹਿਤ ਬਹੁਤ ਸਾਰਾ ਰੁਜ਼ਗਾਰ ਵਧਿਆ ਜਿਸ ਕਰਕੇ, ਉਤਪਾਦਨ ਅਤੇ ਆਮਦਨ ਵਿਚ ਵਾਧਾ ਹੋਇਆ ਅਤੇ ਇਨ੍ਹਾਂ ਵਰਗਾਂ ਵਿਚ ਕੁਝ ਹੱਦ ਤਕ ਖ਼ੁਸ਼ਹਾਲੀ ਆਈ।

ਕਮਜ਼ੋਰ ਵਰਗਾਂ ਲਈ ਘਰ ਬਣਾਉਣ ਦੀ ਸਕੀਮ ਤਹਿਤ ਇੰਦਰਾ ਆਵਾਸ ਯੋਜਨਾ ਚਾਲੂ ਕੀਤੀ ਗਈ। ਇਸ ਯੋਜਨਾ ਵਿਚ ਗਰੀਬ ਵਰਗ ਦੇ ਲੋਕਾਂ ਲਈ ਵੱਡੀ ਮਾਤਰਾ ਵਿਚ ਹਰ ਸਾਲ ਖਰਚ ਕੀਤਾ ਜਾਂਦਾ ਰਿਹਾ। ਇਸ ਦੇ ਤਹਿਤ 1 ਕਰੋੜ ਦੇ ਕਰੀਬ ਲੋਕਾਂ ਨੂੰ ਰਹਿਣ ਲਈ ਮਕਾਨ ਮਿਲਣਗੇ ਅਤੇ ਇਸ ਸਕੀਮ ਦਾ ਉਦੇਸ਼ ਵੀ ਕਮਜ਼ੋਰ ਵਰਗਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਨਾ ਹੈ ਜਿਸ ਤਹਿਤ ਹਰ ਇਕ ਲਈ ਉਸ ਦਾ ਘਰ ਬਣ ਸਕੇ।

1989-90 ਵਿਚ ਜਵਾਹਰ ਰੁਜ਼ਗਾਰ ਯੋਜਨਾ ਸ਼ੁਰੂ ਕੀਤੀ ਗਈ। ਇਹ ਇਕ ਪ੍ਰਭਾਵਸ਼ਾਲੀ ਯੋਜਨਾ ਹੈ ਇਸ ਨੂੰ ਰਾਸ਼ਟਰੀ ਪੇਂਡੂ ਰੁਜ਼ਗਾਰ ਯੋਜਨਾ ਅਤੇ ਪੇਂਡੂ ਕਿਰਤੀ ਰੁਜ਼ਗਾਰ ਜ਼ਾਮਨੀ ਪ੍ਰੋਗਰਾਮ ਵਿਚ ਸ਼ਾਮਿਲ ਕੀਤਾ ਗਿਆ ਜੋ ਯੋਜਨਾਵਾਂ ਪਹਿਲਾਂ ਤੋਂ ਚਲ ਰਹੀਆਂ ਸਨ। ਇਸ ਯੋਜਨਾ ਦਾ ਟੀਚਾ ਹਰੇਕ ਗਰੀਬ ਪੇਂਡੂ ਪਰਿਵਾਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਹਰ ਸਾਲ 50 ਤੋਂ

100 ਦਿਨਾਂ ਤਕ ਰੁਜ਼ਗਾਰ ਦੇਣਾ ਹੈ। ਸ਼ੁਰੂ ਵਿਚ ਇਸ ਯੋਜਨਾ ਨੂੰ ਦੇਸ਼ ਦੇ ਪਛੜੇ 120 ਜ਼ਿਲ੍ਹਿਆਂ ਵਿਚ ਸ਼ੁਰੂ ਕੀਤਾ ਗਿਆ। 1995-96 ਤਕ ਹੀ ਇਸ ਯੋਜਨਾ ਦੇ ਤਹਿਤ 89 ਕਰੋੜ ਮਨੁੱਖੀ ਦਿਹਾੜੀਆਂ ਦਾ ਰੁਜ਼ਗਾਰ ਪ੍ਰਦਾਨ ਕੀਤਾ ਗਿਆ ਸੀ। ਭਾਵੇਂ ਕਿ ਇਹ ਬੇਰੁਜ਼ਗਾਰੀ ਦਾ ਠੋਸ ਹੱਲ ਨਹੀਂ ਸੀ, ਫਿਰ ਵੀ ਇਸ ਨੇ ਰੁਜ਼ਗਾਰ ਦੇ ਖੇਤਰ ਵਿਚ ਵੱਡਾ ਯੋਗਦਾਨ ਪਾਇਆ।

1995-96 ਵਿਚ ਕਮਜ਼ੋਰ ਵਰਗਾਂ ਨੂੰ ਸਹਾਇਤਾ ਦੇਣ ਲਈ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜਿਸ ਦੇ ਤਹਿਤ ਕਮਜ਼ੋਰ ਬਿਰਧ ਵਿਅਕਤੀਆਂ ਨੂੰ ਉਸ ਸਮੇਂ 75 ਰੁਪਏ ਪ੍ਰਤਿ ਮਹੀਨਾ ਪੈਨਸ਼ਨ ਦੇਣੀ ਸ਼ੁਰੂ ਕੀਤੀ ਜਿਸ ਨੂੰ ਬਾਅਦ ਵਿਚ ਵਧਾਇਆ ਜਾਂਦਾ ਰਿਹਾ। ਸਕੀਮ ਤਹਿਤ ਕਮਜ਼ੋਰ ਵਰਗਾਂ ਦੇ ਪਰਿਵਾਰਾਂ ਵਿਚ ਬੱਚੇ ਦੀ ਪੈਦਾਇਸ਼ ਵਕਤ ਵਿਤੀ ਮਦਦ ਦੇਣਾ ਸ਼ੁਰੂ ਕੀਤਾ ਗਿਆ। ਸੋਕਾ ਪੀੜਤ ਖੇਤਰਾਂ ਵਿਚ ਸੋਕਾ ਪੀੜਤ ਕਿਸਾਨਾਂ ਨੂੰ ਰੁਜ਼ਗਾਰ ਦੀਆਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ। ਛੇਵੀਂ ਪੰਜ ਸਾਲਾ ਯੋਜਨਾ ਵਿਚ ਇਸ ਨੂੰ ਸ਼ੁਰੂ ਕਰਕੇ ਇਸ 'ਤੇ 310 ਕਰੋੜ ਰੁਪਏ ਖਰਚ ਕੀਤੇ ਗਏ ਜਿਹੜੇ ਸੱਤਵੀਂ ਯੋਜਨਾ ਵਿਚ 2487 ਕਰੋੜ ਰੁਪਏ ਤਕ ਵਧਾਏ ਗਏ ਅਤੇ ਉਸ ਤੋਂ ਬਾਅਦ ਇਸ ਖਰਚ ਵਿਚ ਵੱਡਾ ਵਾਧਾ ਹੁੰਦਾ ਰਿਹਾ ਜਿਸ ਨਾਲ ਇਸ ਖੇਤਰ ਦੇ ਕਮਜ਼ੋਰ ਵਰਗਾਂ ਦੀ ਮਦਦ ਕੀਤੀ ਗਈ।

2004 ਵਿਚ ਭਾਰਤ ਵਿਚ ਸਮਾਜਿਕ ਸੁਰੱਖਿਆ ਸੰਬੰਧੀ ਸਭ ਤੋਂ ਪਹਿਲਾ ਇਤਿਹਾਸਕ ਕੰਮ ਮਹਾਤਮਾ ਗਾਂਧੀ ਰੁਜ਼ਗਾਰ ਜ਼ਾਮਨੀ ਕਾਨੂੰਨ ਪਾਸ ਕਰਕੇ ਕੀਤਾ ਗਿਆ। ਇਸ ਸਕੀਮ ਤਹਿਤ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੇ ਹਰ ਪਰਿਵਾਰ ਵਿਚੋਂ ਇਕ ਮਰਦ ਜਾਂ ਔਰਤ ਨੂੰ ਸਾਲ ਵਿਚ 100 ਦਿਨ ਦੇ ਰੁਜ਼ਗਾਰ ਦੀ ਜ਼ਾਮਨੀ ਦਿਤੀ ਗਈ। ਇਸ ਕੰਮ ਨੂੰ ਪੰਚਾਇਤਾਂ ਦੇ ਰਾਹੀਂ ਕੀਤਾ ਜਾਂਦਾ ਹੈ। ਰੁਜ਼ਗਾਰ ਪ੍ਰਾਪਤ ਕਰਨ ਯੋਗ ਮਰਦ ਜਾਂ ਔਰਤ, ਇਸ ਸਕੀਮ ਦੇ ਤਹਿਤ ਕੰਮ ਪ੍ਰਾਪਤ ਕਰਨ ਦੀ ਅਰਜ਼ੀ ਦਿੰਦੇ ਹਨ ਜਿਸ ਅਨੁਸਾਰ ਉਸ ਪਿੰਡ ਦੇ ਕਿਸੇ ਵਿਕਾਸ ਕੰਮ ਲਈ ਸਾਲ ਵਿਚ 100 ਦਿਨ ਦਾ ਕੰਮ ਦਿਤਾ ਜਾਦਾ ਹੈ। ਹਰ ਸਾਲ, ਕੇਂਦਰੀ ਬਜਟ ਵਿਚ ਇਨ੍ਹਾਂ ਸਕੀਮਾਂ ਵਿਚ ਵੱਡੀ ਰਕਮ ਰੱਖੀ ਜਾਂਦੀ ਹੈ ਅਤੇ ਬਹੁਤ ਸਾਰੇ ਰਾਜਾਂ ਵਿਚ ਇਸ ਸਕੀਮ ਦੇ ਤਹਿਤ ਬਹੁਤ ਜ਼ਿਆਦਾ ਕੰਮ ਪੈਦਾ ਕੀਤੇ ਗਏ ਹਨ।

ਇਹ ਗੱਲ ਵੇਖਣ ਵਿਚ ਆਈ ਸੀ ਕਿ ਭਾਵੇਂ ਸਕੂਲ ਦੀ ਵਿੱਦਿਆ ਮੁਫ਼ਤ ਵੀ ਦਿਤੀ ਜਾਂਦੀ ਸੀ ਪਰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਕਮਜ਼ੋਰ ਵਰਗਾਂ ਦੇ ਬੱਚੇ ਮੈਟਰਿਕ ਤੋਂ ਬਾਅਦ ਆਪਣੀ ਪੜ੍ਹਾਈ ਇਸ ਕਰਕੇ ਛੱਡ ਦਿੰਦੇ ਸਨ ਕਿਉਂਕਿ ਕਾਲਜਾਂ, ਯੂਨੀਵਰਸਿਟੀਆਂ ਅਤੇ ਤਕਨੀਕੀ ਜਾਂ ਪੇਸ਼ਾਵਰ ਕਾਲਜਾਂ ਦੀਆਂ ਫੀਸਾਂ ਅਤੇ ਖਰਚ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਸਨ। ਇਸ ਲਈ ਕੇਂਦਰ ਸਰਕਾਰ ਵਲੋਂ ਦਸਵੀਂ ਤੋਂ ਬਾਅਦ ਵਜ਼ੀਫੇ ਦੇਣ ਦੀ ਸਕੀਮ ਸ਼ੁਰੂ ਕੀਤੀ ਗਈ। ਇਸ ਤਹਿਤ ਕੇਂਦਰ ਸਰਕਾਰ ਵਲੋਂ ਰਾਜਾਂ ਦੀਆਂ ਸਰਕਾਰਾਂ ਦੇ ਰਾਹੀਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਰੀ ਰਖਣ ਲਈ ਵਜ਼ੀਫੇ ਦਿਤੇ ਜਾਂਦੇ ਹਨ। 2010 ਵਿਚ ਇਸ ਸਕੀਮ ਅਨੁਸਾਰ ਯੋਗ ਪਰਿਵਾਰਾਂ ਦੀ ਆਮਦਨ 1 ਲੱਖ ਰੁਪਏ ਪ੍ਰਤਿ ਸਾਲ ਤੋਂ ਵਧਾ ਕੇ 2 ਲੱਖ ਰੁਪਏ ਪ੍ਰਤਿ ਸਾਲ ਤਕ ਕੀਤੀ ਗਈ ਅਤੇ ਇਸ ਦੇ ਨਾਲ ਹੀ ਵਿੱਦਿਆ 'ਤੇ ਹੋਣ ਵਾਲੇ ਖਰਚ ਵਿਚ 60 ਪ੍ਰਤਿਸ਼ਤ ਇਸ ਸਕੀਮ ਦੇ ਤਹਿਤ ਉਨ੍ਹਾਂ ਵਿਦਿਆਰਥੀਆਂ ਨੂੰ ਦਿਤਾ ਜਾਂਦਾ ਹੈ।

2006 ਵਿਚ ਰਾਜੀਵ ਗਾਂਧੀ ਰਾਸ਼ਟਰੀ ਫੈਲੋਸ਼ਿਪ ਸਕੀਮ ਚਾਲੂ ਕੀਤੀ ਗਈ ਜਿਸ ਦੇ ਤਹਿਤ ਐਮ ਫਿਲ ਅਤੇ ਪੀ ਐਚ ਡੀ ਕਰਨ ਵਾਲੇ ਵਿਦਿਆਰਥੀਆਂ ਨੂੰ ਖ਼ਾਸ ਵਜ਼ੀਫੇ ਦਿਤੇ ਜਾਂਦੇ ਹਨ। ਇਸ ਸਕੀਮ ਦਾ ਉਦੇਸ਼ ਵੀ ਅਨਸੂਚਿਤ ਪਰਿਵਾਰਾਂ ਦੇ ਲੜਕੇ-ਲੜਕੀਆਂ ਨੂੰ ਖੋਜ ਕੰਮਾਂ ਵਿਚ ਉਤਸ਼ਾਹਿਤ ਕਰਨਾ ਹੈ ਤਾਂ ਕਿ ਉਹ ਜਿਥੇ ਆਪਣੇ ਪੇਸ਼ੇ ਵਿਚ ਉੱਨਤੀ ਕਰ ਸਕਣ ਪਰ ਇਸ ਦੇ ਨਾਲ ਹੀ ਉਹ ਰਾਸ਼ਟਰ ਵਿਕਾਸ ਲਈ ਖੋਜ ਰਾਹੀਂ ਆਪਣਾ ਯੋਗਦਾਨ ਪਾ ਸਕਣ। ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਹੋਸਟਲ ਦੀਆਂ ਸਹੂਲਤਾਂ ਦੇਣ ਲਈ 2008 ਵਿਚ ਕੇਂਦਰੀ ਸਰਕਾਰ ਵਲੋਂ ਇਕ ਸਕੀਮ ਸ਼ੁਰੂ ਕੀਤੀ ਗਈ। ਇਸ ਤਹਿਤ ਲੜਕੀਆਂ ਦੇ ਹੋਸਟਲ ਬਣਾਉਣ ਲਈ ਕੇਂਦਰੀ ਸਹਾਇਤਾ 50 ਪ੍ਰਤਿਸ਼ਤ ਤੋਂ ਵਧਾ ਕੇ 100 ਪ੍ਰਤਿਸ਼ਤ ਕੀਤੀ ਗਈ। 2010-11 ਵਿਚ 49 ਲੜਕੀਆਂ ਦੇ ਹੋਸਟਲ ਜਦ ਕਿ 59 ਲੜਕਿਆਂ ਦੇ ਹੋਸਟਲ ਬਣਾਏ ਗਏ।

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਕਮਜ਼ੋਰ ਵਰਗਾਂ ਲਈ ਅਨੁਸੂਚਿਤ ਜਾਤੀਆਂ ਵਿਤ ਅਤੇ ਵਿਕਾਸ ਨਿਗਮ/ਰਾਸ਼ਟਰੀ ਅਨੁਸੂਚਿਤ ਕਬੀਲੇ ਵਿਤ ਅਤੇ ਵਿਕਾਸ ਨਿਗਮ ਬਣਾਏ ਗਏ ਹਨ ਜਿਨ੍ਹਾਂ ਰਾਹੀਂ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਨਿਵੇਸ਼ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਬਹੁਤ ਸਸਤੀਆਂ ਵਿਆਜ ਦਰਾਂ 'ਤੇ ਕਰਜ਼ੇ ਦਿਤੇ ਜਾਂਦੇ ਹਨ। ਇਨ੍ਹਾਂ ਕਮਜ਼ੋਰ ਵਰਗਾਂ ਵਲੋਂ ਤਿਆਰ ਕੀਤੀਆਂ ਜਾਂਦੀਆਂ ਵਸਤੂਆਂ ਦੀ ਖਰੀਦ ਲਈ ਕਬੀਲਿਆਂ ਦੇ ਸਹਿਕਾਰੀ ਮੰਡੀਕਰਨ ਵਿਕਾਸ ਦੀ ਫੈਡਰੇਸ਼ਨ ਬਣਾਈ ਗਈ ਹੈ ਜੋ ਰਾਸ਼ਟਰੀ ਪੱਧਰ 'ਤੇ ਸੰਗਠਿਤ ਹੈ ਅਤੇ ਇਸ ਦੇ ਤਹਿਤ ਰਾਜਾਂ, ਜ਼ਿਲ੍ਹਿਆਂ ਅਤੇ ਪਿੰਡਾਂ ਦੀ ਪੱਧਰ ਤਕ ਸਹਿਕਾਰੀ ਮੰਡੀਕਰਨ ਸਭਾਵਾਂ ਨੂੰ ਜੋੜਿਆ ਗਿਆ ਹੈ। ਇਸ ਦਾ ਉਦੇਸ਼ ਵੀ ਉਨ੍ਹਾਂ ਕਬੀਲਿਆਂ ਦੀਆਂ ਬਣੀਆਂ ਵਸਤੂਆਂ ਖਰੀਦਣਾ ਹੈ ਤਾਂ ਕਿ ਰੁਜ਼ਗਾਰ ਅਤੇ ਉਤਪਾਦਨ ਵਿਚ ਵਾਧਾ ਹੋ ਸਕੇ। ਇਨ੍ਹਾਂ ਵਰਗਾਂ ਲਈ ਸਵੈ-ਸਹਾਇਤਾ ਸੰਗਠਨਾਂ ਨੂੰ ਸੰਗਠਿਤ ਕਰਕੇ, ਸਰਕਾਰ ਵਲੋਂ ਸਿਖਲਾਈ ਅਤੇ ਵਿਤੀ ਮਦਦ ਕੀਤੀ ਜਾਂਦੀ ਹੈ ਤਾਂ ਕਿ ਇਨ੍ਹਾਂ ਵਰਗਾਂ ਲਈ ਆਮਦਨ ਪੈਦਾ ਕਰਨ ਵਾਲੇ ਕੰਮਾਂ ਨੂੰ ਸ਼ੁਰੂ ਕੀਤਾ ਜਾ ਸਕੇ।

ਅਨਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਕਮਜ਼ੋਰ ਵਰਗਾਂ ਲਈ ਬਰਾਬਰ ਦੇ ਮੌਕੇ ਤਾਂ ਹੀ ਪੈਦਾ ਹੋ ਸਕਦੇ ਹਨ ਜੇ ਉਨ੍ਹਾਂ ਦੀਆਂ ਯੋਗਤਾਵਾਂ ਬਣਾਉਣ ਲਈ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਮਿਲਣ ਜਿਸ ਲਈ ਵਿੱਦਿਆ ਦੇ ਖੇਤਰ ਵਿਚ ਬਹੁਤ ਸਾਰੀਆਂ ਸਹੂਲਤਾਂ, ਵਜ਼ੀਫਿਆਂ ਆਦਿ ਨੂੰ ਲਗਾਤਾਰ ਚਾਲੂ ਰਖਿਆ ਗਿਆ ਹੈ। ਦੂਜੇ ਪਾਸੇ ਸਵੈ-ਰੁਜ਼ਗਾਰ ਪੈਦਾ ਕਰਨ ਅਤੇ ਆਮਦਨ ਪੈਦਾ ਕਰਨ ਲਈ ਇਨ੍ਹਾਂ ਲਈ ਵੱਖ-ਵੱਖ ਕੇਂਦਰ ਸਰਕਾਰ ਵਲੋਂ ਬਹੁਤ ਸਾਰੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਰਾਜਾਂ ਦਾ ਯੋਗਦਾਨ ਵੀ ਪਾਇਆ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਸਕੀਮਾਂ ਦਾ ਇਕ ਹੀ ਉਦੇਸ਼ ਹੈ ਹਰ ਇਕ ਦੀ ਸਰਬ ਪੱਖੀ ਸ਼ਖ਼ਸੀਅਤ ਦਾ ਵਿਕਾਸ ਅਤੇ ਹਰ ਇਕ ਲਈ ਬਰਾਬਰ ਮੌਕੇ ਪੈਦਾ ਕਰਨਾ।

***(ਲੇਖਿਕਾ ਸੁਤੰਤਰ ਪੱਤਰਕਾਰ ਹੈ।)***

# ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਦਾ ਸੁਨੇਹਾ ਜਵਾਨਾਂ ਦੇ ਨਾਂ

*(ਬਾਬਾ ਜੀ ਨੇ ਇਹ ਸੁਨੇਹਾ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਦੇ ਸਮੇਂ ਦੇਸ਼ ਦੇ ਨੌਜਵਾਨਾਂ ਨੂੰ ਦਿਤਾ ਜੋ ਮਈ 1964 ਦੇ 'ਦੇਸ਼ ਭਗਤ ਯਾਦਾਂ' ਵਿਚ ਛਪਿਆ – ਸੰਪਾਦਕ)*

ਦੇਸ਼ ਭਗਤੀ ਉਹ ਲਗਨ ਤੇ ਇਸ਼ਕ ਹੈ, ਜਿਸ ਨੂੰ ਲੱਗ ਜਾਵੇ, ਉਹ ਆਪਣੇ ਨਿੱਜੀ ਸੁਖ ਅਤੇ ਅਭਿਮਾਨ ਨੂੰ ਭੁੱਲ ਜਾਂਦਾ ਹੈ ਅਤੇ ਸੱਚੇ ਆਸ਼ਕ ਦੀ ਤਰ੍ਹਾਂ ਆਪਣੇ ਆਪ ਨੂੰ ਮਾਸ਼ੂਕ-ਦੇਸ਼- ਉੱਪਰ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਉਹ ਲਾਲਚ, ਸ਼ੁਹਰਤ ਅਤੇ ਮੌਤ ਤਕ ਦੇ ਡਰ ਤੋਂ ਵੀ ਬੇਪ੍ਰਵਾਹ ਹੁੰਦਾ ਹੈ। ਮਨੁੱਖ-ਜ਼ਾਤੀ ਦੀ ਸੇਵਾ ਖ਼ਾਤਰ ਉਸ ਵਿਚੋਂ ਇਹ ਗੱਲਾਂ ਉੱਡ ਜਾਂਦੀਆਂ ਹਨ। ਉਹ ਆਪਣੇ ਦੇਸ਼ ਖ਼ਾਤਰ ਇੰਜ ਜਲ਼ ਮਰਦਾ ਹੈ, ਜਿਵੇਂ ਪਤੰਗਾ ਸ਼ਮਾ ਉੱਪਰ। ਸਿਰ ਦੇ ਕੇ ਆਪਣਾ ਯਾਰ ਮਨਾਉਣ ਦੀ ਧੁਨ ਉਸ ਦੇ ਦਿਲ ਦਿਮਾਗ਼ ਵਿਚ ਹਮੇਸ਼ਾ ਗੂੰਜਦੀ ਰਹਿੰਦੀ ਹੈ ਅਤੇ ਉਹ ਹਰ ਵਕਤ ਉਸ ਸਮੇਂ ਦੀ ਉਡੀਕ ਵਿਚ ਰਹਿੰਦਾ ਹੈ ਜਦੋਂ ਉਹ ਦੇਸ਼ ਤੇ ਮਨੁੱਖ ਜ਼ਾਤੀ ਦੇ ਦੁੱਖਾਂ ਨੂੰ ਦੂਰ ਕਰਨ ਲਈ ਆਪਣੀ ਜਾਨ ਵਾਰ ਦੇਵੇ।

ਮੇਰੇ ਪਿਆਰੇ ਹਮਵਤਨ ਨੌਜੁਆਨੋਂ, ਮੈਂ ਤੁਹਾਡੇ ਅੱਗੇ ਇਕ ਪ੍ਰਸ਼ਨ ਕਰਨਾ ਆਪਣਾ ਫ਼ਰਜ਼ ਤੇ ਧਰਮ ਸਮਝਦਾ ਹਾਂ ਤੇ ਉਮੀਦ ਕਰਦਾ ਹਾਂ ਕਿ ਤੁਸੀਂ ਮੇਰੀ ਤਸੱਲੀ ਕਰੋਗੇ। ਇਹ ਸਵਾਲ ਮੈਂ ਸਾਰਿਆਂ ਨੌਜੁਆਨਾਂ ਦੇ ਸਾਹਮਣੇ ਬਗੈਰ ਕਿਸੇ ਮਜ਼ਹਬੀ ਫ਼ਰਕ ਅਤੇ ਪਾਰਟੀ ਫ਼ਰਕ ਤੋਂ ਰੱਖਦਾ ਹਾਂ। ਮੈਂ ਇਹ ਵੀ ਫ਼ਰਕ ਨਹੀਂ ਰੱਖਦਾ ਕਿ ਆਪ ਹਕੂਮਤ ਦੀ ਨੌਕਰੀ ਕਰ ਰਹੇ ਹੋ ਜਾਂ ਉਸ ਤੋਂ ਬਾਹਰ ਰਹਿ ਕੇ ਆਪਣਾ ਕੋਈ ਕੰਮ। ਮੈਂ ਸਮੁੱਚੇ ਤੌਰ ਤੇ ਸਾਰੀ ਨੌਜੁਆਨ ਜਮਾਤ ਤੋਂ ਪੁੱਛਦਾ ਹਾਂ ਕਿ ਜਿਸ ਜਿਸ ਜਗ੍ਹਾ ਤੁਸੀਂ ਕੰਮ ਕਰ ਰਹੇ ਹੋ, ਕੀ ਇਹ ਸੱਚੇ ਦਿਲੋਂ ਦੇਸ਼ ਭਗਤੀ ਦੇ ਜਜ਼ਬੇ ਨਾਲ ਆਪਣਾ ਫ਼ਰਜ਼ ਅਦਾ ਕਰ ਰਹੇ ਹੋ? ਜੇਕਰ 'ਹਾਂ' ਵਿਚ ਉੱਤਰ ਹੈ ਤਾਂ ਮੈਂ ਦੇਸ਼ ਤੇ ਕੌਮ ਦੇ ਧੰਨਭਾਗ ਸਮਝਦਾ ਹਾਂ, ਜਿਸ ਦੇ ਪੁੱਤਰ ਤਨ, ਮਨ ਅਤੇ ਧਨ ਨਾਲ ਮਾਤਰ ਭੂਮੀ ਦੀ ਸੇਵਾ ਕਰ ਰਹੇ ਹਨ। ਜੇ 'ਹਾਂ' ਵਿਚ ਜੁਆਬ ਨਹੀਂ ਤਾਂ ਮੈਨੂੰ ਬੜੇ ਦੁੱਖ ਨਾਲ ਸਖ਼ਤ ਸ਼ਬਦ, ਜਿਹੜੇ ਕਿ ਮੈਂ ਪਸੰਦ ਨਹੀਂ ਕਰਦਾ, ਵਰਤਣੇ ਪੈਂਦੇ ਹਨ। ਇਸ ਤਰ੍ਹਾਂ ਕਰਕੇ ਅਸੀਂ ਇਨਸਾਨੀਅਤ ਨੂੰ ਦਾਗ਼ ਲਾ ਰਹੇ ਹਾਂ, ਅਤੇ ਆਪਣੇ ਦੁਖੀ ਦੇਸ਼ਵਾਸੀਆਂ ਦੇ ਦੁੱਖ ਤੇ ਤੰਗੀ ਨੂੰ ਹੋਰ ਵਧਾ ਰਹੇ ਹਾਂ। ਤੇ ਆਪਣੀਆਂ ਨਿੱਜੀ ਐਸ਼ੋ-ਇਸ਼ਰਤ ਭਰੀਆਂ ਗੱਲਾਂ ਵਿਚ ਖੁੱਭ ਕੇ ਦੇਸ਼ ਨਾਲ ਗ਼ਦਾਰੀ ਕਰ ਰਹੇ ਹਾਂ। ਮਜ਼ਮੂਨ ਨੂੰ ਲੰਬਾ ਨਾ ਕਰਦੇ ਹੋਏ ਅੰਤ ਵਿਚ ਮੈਂ ਹਿੰਦੁਸਤਾਨ ਦੇ ਨੌਜੁਆਨ ਸਪੁੱਤਰਾਂ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਫ਼ਰਜ਼ ਨੂੰ ਪਛਾਣੋ ਅਤੇ ਆਜ਼ਾਦ ਦੇਸ਼ ਦੀ ਸ਼ਹਿਰੀ ਜ਼ਹਿਨੀਅਤ ਨੂੰ, ਜਿਸ ਵਿਚ ਤੁਹਾਡਾ ਦੇਸ਼ ਵੀ ਸ਼ਾਮਿਲ ਹੈ, ਅਖ਼ਤਿਆਰ ਕਰੋ ਅਤੇ ਅੱਗੇ ਵਧ ਚੁੱਕੀ ਦੁਨੀਆਂ ਦੇ ਨਾਲ ਆਪਣੇ ਮੁਲਕ ਨੂੰ ਹਰ ਪੱਖ ਤੋਂ ਮਿਲਾਓ। ਇਹ ਹੀ ਤੁਹਾਡਾ ਸੱਚਾ, ਸੁੱਚਾ ਤੇ ਮੁੱਖ ਫ਼ਰਜ਼ ਹੈ।

## ਜੀਵਨ ਸੰਗਰਾਮ ਕੀ ਹੈ?

***ਜੀਵਨ ਸੰਗਰਾਮ ਦਾ ਦੂਸਰਾ ਨਾਮ ਹੈ – ਆਰਥਿਕ ਸੰਗਰਾਮ।***

ਜਦੋਂ ਬੱਚਾ ਮਾਂ ਦੀ ਕੁੱਖ ਵਿਚੋਂ ਬਾਹਰ ਆਉਂਦਾ ਹੈ, ਤਦ ਥੋੜ੍ਹੇ ਸਮੇਂ ਪਿੱਛੋਂ ਹੀ ਜੀਉਣ ਲਈ ਉਹ ਮਾਂ ਨਾਲ ਲੜਾਈ ਸ਼ੁਰੂ ਕਰ ਦਿੰਦਾ ਹੈ। ਇਸ ਸੰਗਰਾਮ ਦਾ ਕਾਰਨ ਉਸ ਦੀ ਭੁੱਖ ਹੁੰਦਾ ਹੈ। ਭਾਵ-ਆਰਥਿਕ ਜੀਵਨ ਦੀ ਰਖਵਾਲੀ। ਜਦ ਬੱਚੇ ਨੂੰ ਭੁੱਖ ਲਗਦੀ ਹੈ, ਤਦ ਰੋਣਾ ਸ਼ੁਰੂ ਕਰ ਦਿੰਦਾ ਹੈ। ਮਤਲਬ ਇਹ ਕਿ ਰੋਣ ਦੇ ਹਥਿਆਰ ਰਾਹੀਂ ਉਹ ਆਪਣੇ ਆਰਥਿਕ ਜੀਵਨ ਦੀ ਰਖਵਾਲੀ ਲਈ ਮਾਂ ਦਾ ਮੁਕਾਬਲਾ ਕਰਦਾ ਹੈ ਅਤੇ ਆਪਣੇ ਕੁਦਰਤੀ ਹੱਕ ਲਈ ਮਾਂ ਨੂੰ ਮਜਬੂਰ ਕਰਦਾ ਹੈ ਕਿ ਉਹ ਦੁੱਧ ਦੇਵੇ।

ਜਿਉਂ-ਜਿਉਂ ਉਸ ਦੀ ਉਮਰ ਵਧਦੀ ਹੈ, ਤਿਉਂ-ਤਿਉਂ ਉਹ ਆਪਣੇ ਹਥਿਆਰਾਂ ਤੇ ਲੜਾਈ ਦੇ ਢੰਗਾਂ ਨੂੰ ਵੀ ਬਦਲਦਾ ਜਾਂਦਾ ਹੈ। ਵੱਡਾ ਹੋ ਕੇ ਮਨੁੱਖ ਸਮਾਜ ਨਾਲ ਆਰਥਿਕ ਲੜਾਈ ਸਮੇਂ ਕਈ ਪ੍ਰਕਾਰ ਦੇ ਸੰਦਾਂ, ਹਥਿਆਰਾਂ ਤੇ ਬੰਬਾਂ ਨਾਲ ਤਿਆਰ ਹੋ ਕੇ ਖ਼ੂਨੀ ਇਨਕਲਾਬ ਪੈਦਾ ਕਰ ਦਿੰਦਾ ਹੈ। ਇਹ ਸੰਗਰਾਮ, ਪੈਦਾ ਹੋਣ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਮ ਤਕ ਜਾਰੀ ਰਹਿੰਦਾ ਹੈ। ਇਸ ਲਈ ਜੀਵਨ ਦਾ ਆਰਥਿਕ ਪੱਖ ਦੂਜੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਪੱਖਾਂ ਤੋਂ ਕਿਤੇ ਮਹਾਨ ਸਮਝਿਆ ਜਾਂਦਾ ਹੈ। ਕਹੌਤ ਹੈ : ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ।

ਸਿੱਧ ਹੋਇਆ ਕਿ ਸਾਨੂੰ ਜੀਵਨ ਸੰਗਰਾਮ ਵਿਚ ਸਭ ਤੋਂ ਪਹਿਲਾਂ ਆਰਥਿਕ ਪੱਖ ਨੂੰ ਬੁਨਿਆਦੀ ਥਾਂ ਦੇਣੀ ਚਾਹੀਦੀ ਹੈ। ਇਹ ਨਹੀਂ ਕਿ ਹਿੰਸਾ ਅਤੇ ਅਹਿੰਸਾ ਦੇ ਝਗੜਿਆਂ ਵਿਚ ਲੋਕਾਂ ਨੂੰ ਫਸਾ ਕੇ ਤੇ ਉਨ੍ਹਾਂ ਨੂੰ ਸਹੀ ਰਾਹ ਤੋਂ ਹਟਾ ਕੇ ਆਪਣੀ ਮਹਾਨਤਾ ਦਾ ਵਿਖਾਲਾ ਕਰੀਏ।

ਅਸੀਂ ਨਾ ਹੀ ਹਿੰਸਾ ਅਤੇ ਨਾ ਹੀ ਅਹਿੰਸਾ ਨੂੰ ਆਪਣਾ ਅਕੀਦਾ ਬਣਾ ਸਕਦੇ ਹਾਂ ਅਤੇ ਨਾ ਹੀ ਨਿਰਪੱਖ ਨੀਤੀ 'ਤੇ ਭਰੋਸਾ ਕਰ ਸਕਦੇ ਹਾਂ। ਸਾਡਾ ਅਕੀਦਾ ਨਿਆਏ ਨੀਤੀ ਹੋਣਾ ਚਾਹੀਦਾ ਹੈ। ਜੇ ਕਿਸੇ ਦਾ ਇਕ ਬੂੰਦ ਲਹੂ ਨਾਜਾਇਜ਼ ਵਹਾਇਆ ਜਾਂਦਾ ਹੈ ਤਾਂ ਇਹ ਭਾਰੀ ਗੁਨਾਹ ਹੈ। ਪਰ ਜੇ ਕੋਈ ਜ਼ਾਲਮ ਕਿਸੇ ਕਮਜ਼ੋਰ ਕੌਮ ਜਾਂ ਦੇਸ਼ ਦੀ ਆਜ਼ਾਦੀ, ਰੋਟੀ ਅਤੇ ਦੂਜੇ ਸਮਾਜਿਕ ਹੱਕਾਂ ਨੂੰ ਪੈਰਾਂ ਹੇਠਾਂ ਕੁਚਲਦਾ ਹੈ, ਤਦ ਅਜਿਹੀ ਹਾਲਤ ਵਿਚ ਆਪਣੀ ਰਾਖੀ ਹਥਿਆਰਬੰਦ ਇਨਕਲਾਬ ਰਾਹੀਂ ਕਰਨੀ ਇਕ ਫ਼ਰਜ਼ ਤੇ ਪਹਿਲਾ ਧਰਮ ਹੈ। ਅਹਿੰਸਾ ਇਥੇ ਕਾਇਰਤਾ ਦੀ ਭੈਣ

*ਬਾਕੀ ਸਫ਼ਾ 35 ਉੱਤੇ*

# ਭਾਰਤ ਵਿਚ ਧਰਮ-ਨਿਰਪੇਖਤਾ

ਮਨੋਹਰ ਸਿੰਘ ਬਤਰਾ

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਭਾਰਤ ਨੂੰ ਇਕ ਪ੍ਰਭੁਤਾ-ਸੰਪੰਨ ਸਮਾਜਵਾਦੀ ਧਰਮ-ਨਿਰਪੇਖ ਲੋਕਤੰਤਰੀ ਗਣਰਾਜ ਵਜੋਂ ਮੰਨਿਆ ਗਿਆ ਹੈ। ਸ਼ਬਦ 'ਸਮਾਜਵਾਦੀ' ਅਤੇ 'ਧਰਮ-ਨਿਰਪੇਖ' ਸੰਵਿਧਾਨ ਦੀ 42ਵੀਂ ਤਰਮੀਮ ਸਮੇਂ ਵਿਸ਼ੇਸ਼ ਤੌਰ ਤੇ ਜੋੜੇ ਗਏ ਸਨ। ਪ੍ਰਸਤਾਵਨਾ ਵਿਚ 'ਧਰਮ-ਨਿਰਪੇਖ' ਸ਼ਬਦ ਦੇ ਸ਼ਾਮਿਲ ਕੀਤੇ ਜਾਣ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਹੁਣ ਸੰਵਿਧਾਨ ਵਿਚ ਧਰਮ-ਨਿਰਪੇਖਤਾ ਸੰਬੰਧੀ ਸਾਰੀਆਂ ਮੱਦਾਂ ਇਸ 'ਧਰਮ-ਨਿਰਪੇਖਤਾ' ਸ਼ਬਦ ਤੋਂ ਸੇਧ ਪ੍ਰਾਪਤ ਕਰਦੀਆਂ ਹਨ। ਇਹ ਸਾਡੇ ਸੰਵਿਧਾਨ ਦੇ ਮੁਢਲੇ ਢਾਂਚੇ ਦਾ ਇਕ ਅਜਿਹਾ ਅੰਗ ਬਣ ਗਿਆ ਹੈ ਜਿਸ ਬਾਰੇ ਕੋਈ ਵੀ ਸਰਕਾਰ ਕਿਸੇ ਵੇਲੇ ਵੀ ਕੋਈ ਸਮਝੌਤਾ ਨਹੀਂ ਕਰ ਸਕਦੀ।

ਧਰਮ-ਨਿਰਪੇਖ ਦੇਸ਼ ਦਾ ਆਦਰਸ਼ ਲਿਆ ਗਿਆ ਕਿ ਭਾਰਤ ਦੀ ਜਨਤਾ ਵਿਚ ਏਕਤਾ ਅਤੇ ਭਰਾਵਲੀ ਦਾ ਜਜ਼ਬਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਸਭ ਧਰਮਾਂ ਦੀ ਇਕੋ ਜਿਹੀ ਰਖਿਆ ਕਰਦੀ ਹੈ ਅਤੇ ਕਿਸੇ ਵੀ ਧਰਮ ਨੂੰ ਸਰਕਾਰ ਦਾ ਧਰਮ ਨਹੀਂ ਕਿਹਾ ਜਾ ਸਕਦਾ। ਭਾਰਤੀ ਸੰਵਿਧਾਨ ਦੀਆਂ 25 ਅਤੇ 29 ਧਾਰਾਵਾਂ ਵਿਚ ਧਰਮ ਦੀ ਆਜ਼ਾਦੀ ਦਾ ਮੂਲ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ, ਜਿਸ ਦਾ ਸੰਬੰਧ ਹਰ ਨਾਗਰਿਕ ਦੀ ਅੰਤਹਕਰਣ, ਆਪਣਾ ਧਰਮ ਮੰਨਣ, ਉਸ ਉਤੇ ਅਮਲ ਕਰਨ ਅਤੇ ਉਸ ਦਾ ਪ੍ਰਚਾਰ ਕਰਨ ਦੀ ਸੁਤੰਤਰਤਾ ਨਾਲ ਹੈ।

ਸਰਕਾਰ ਦਾ ਸਾਰੇ ਧਰਮਾਂ ਪ੍ਰਤਿ ਰਵੱਈਆ ਨਿਰਪੇਖਤਾ ਵਾਲਾ ਹੈ। ਸਰਕਾਰ ਕਿਸੇ ਵੀ ਧਰਮ ਦੇ ਪ੍ਰਚਾਰ ਲਈ ਕੋਈ ਕਰ ਨਹੀਂ ਲਾ ਸਕਦੀ ਅਤੇ ਕਿਸੇ ਵੀ ਵਿਦਿਅਕ ਅਦਾਰੇ ਵਿਚ ਧਾਰਮਿਕ ਵਿੱਦਿਆ ਨਹੀਂ ਦਿਤੀ ਜਾ ਸਕਦੀ, ਜਿਸ ਦਾ ਸਾਰਾ ਖਰਚਾ ਸਰਕਾਰ ਤੋਰਦੀ ਹੋਵੇ। ਕੇਵਲ ਉਨ੍ਹਾਂ ਪਾਠਸ਼ਾਲਾਵਾਂ ਅਤੇ ਵਿੱਦਿਅਕ ਸੰਸਥਾਵਾਂ ਵਿਚ ਧਾਰਮਿਕ ਵਿੱਦਿਆ ਦਿਤੀ ਜਾ ਸਕਦੀ ਹੈ ਜਿਸ 'ਤੇ ਸਰਕਾਰ ਵਲੋਂ ਆਂਸ਼ਿਕ ਤੌਰ ਤੇ ਖਰਚਾ ਕੀਤਾ ਜਾਂਦਾ ਹੈ, ਪਰ ਸ਼ਰਤ ਇਹ ਹੈ ਕਿ ਵਿਦਿਆਰਥੀ ਜਾਂ ਉਸ ਦਾ ਸਰਪ੍ਰਸਤ ਇਸ ਦੀ ਮਨਜ਼ੂਰੀ ਦੇਵੇ।

**ਇਸ ਤੋਂ ਇਲਾਵਾ, ਹਰ ਕਿਸੇ ਨੂੰ ਆਪਣੇ ਮਜ਼ਹਬ ਨੂੰ ਮੰਨਣ, ਉਸ ਉਤੇ ਚਲਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਖੁੱਲ੍ਹ ਹੈ। ਪਰ ਸਰਕਾਰ ਅਮਨ, ਨੈਤਿਕਤਾ ਅਤੇ ਸਿਹਤ ਦੇ ਹਿਤ ਵਿਚ ਵਾਜਬ ਅੰਕੁਸ਼ ਲਗਾ ਸਕਦੀ ਹੈ। ਹਰ ਧਾਰਮਿਕ ਧੜੇ ਨੂੰ ਇਹ ਆਗਿਆ ਹੈ ਕਿ ਉਹ ਧਾਰਮਿਕ ਅਤੇ ਖ਼ੈਰਾਤੀ ਸੰਸਥਾਵਾਂ ਸ਼ੁਰੂ ਕਰੇ ਅਤੇ ਉਨ੍ਹਾਂ ਦਾ ਰਖ-ਰਖਾਅ ਕਰੇ। ਅਜਿਹੀਆਂ ਸੰਸਥਾਵਾਂ ਚੱਲ ਤੇ ਅਚੱਲ ਸੰਪਤੀ ਵੀ ਹਾਸਲ ਕਰ ਸਕਦੀਆਂ ਸਨ ਅਤੇ ਉਨ੍ਹਾਂ ਦੀਆਂ ਮਾਲਕ ਬਣ ਸਕਦੀਆਂ ਹਨ।**

ਇਹ ਯਾਦ ਰੱਖਣ ਦੀ ਲੋੜ ਹੈ ਕਿ ਭਾਰਤੀ ਸੰਵਿਧਾਨ ਵਿਚ ਵਿਖਾਈ ਗਈ ਧਰਮ-ਨਿਰਪੇਖਤਾ ਬੜੀ ਅਗਰਗਾਮੀ ਹੈ। ਇਨ੍ਹਾਂ ਧਾਰਾਵਾਂ ਦਾ ਘੇਰਾ ਸੁਪਰੀਮ ਕੋਰਟ ਦੇ ਕਈ ਫ਼ੈਸਲਿਆਂ ਦੁਆਰਾ ਹੋਰ ਮੋਕਲਾ ਕਰ ਦਿਤਾ ਗਿਆ ਹੈ। ਕਿਸੇ ਵੀ ਅਕੀਦੇ ਦੀ ਰਹੁ-ਰੀਤ ਜਾਂ ਰੀਤੀ ਰਿਵਾਜ ਜੋ ਉਸ ਲਈ ਜ਼ਰੂਰ ਹੋਵੇ, ਉਸ ਨੂੰ ਪੂਰਾ ਕਰਨ ਦੀ ਆਗਿਆ ਦਿਤੀ ਜਾਂਦੀ ਹੈ। ਧਰਮ ਨੂੰ ਇਕ ਨਿੱਜੀ ਅਕੀਦਾ ਸਮਝਿਆ ਜਾਂਦਾ ਹੈ ਅਤੇ ਸਰਕਾਰੀ ਕਾਇਦੇ ਕਾਨੂੰਨ ਨੂੰ ਧਾਰਮਿਕ ਕਾਰਜਾਂ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਨ ਦਿਤੀ ਜਾਂਦੀ। ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਭਾਰਤੀ ਧਰਮ-ਨਿਰਪੇਖਤਾ ਨੂੰ ਕਈ ਸਖ਼ਤ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਵੱਖ-ਵੱਖ ਧਰਮਾਂ ਦੀਆਂ ਮੂਲਵਾਦੀ ਸ਼ਕਤੀਆਂ ਕਦੀ-ਕਦੀ ਸੰਵਿਧਾਨਕ ਧਾਰਾਵਾਂ ਦਾ ਉਲੰਘਣ ਕਰਦੀਆਂ ਹਨ। ਦੇਸ਼ ਵਿਚ ਕੁਝ ਰਾਜਨੀਤਕ ਸੰਸਥਾਵਾਂ ਵਲੋਂ ਫ਼ਿਰਕਾਦਾਰਾਨਾ ਕਾਰਵਾਈਆਂ ਕਾਰਨ ਧਰਮ-ਨਿਰਪੇਖਤਾ ਦੇ ਆਦਰਸ਼ ਨੂੰ ਹੀ ਧੱਕਾ ਲੱਗਾ ਹੈ। ਕੁਝ ਨੀਤੀਵਾਨ ਵੀ ਜਨਤਾ ਨੂੰ ਫ਼ਿਰਕੂ ਲੀਹਾਂ 'ਤੇ ਵੱਖ-ਵੱਖ ਕਰਨ ਦੇ ਉਪਰਾਲੇ ਕਰਦੇ ਹਨ, ਜਿਹੜਾ ਇਕ ਖ਼ਤਰਨਾਕ ਰੁਝਾਨ ਹੈ। ਜੇ ਇਸ ਨੂੰ ਰੋਕਿਆ ਨਾ ਗਿਆ ਤਾਂ ਇਹ ਕਿਸੇ ਵੇਲੇ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ।

ਆਜ਼ਾਦੀ ਦੀ ਜੰਗ ਦੇ ਸਮੇਂ ਧਰਮ-ਨਿਰਪੇਖਤਾ ਦਾ ਅਸੂਲ ਸਭ ਤੋਂ ਉੱਚਾ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦੇ ਸਿਰਕੱਢ ਨੇਤਾ ਮਹਾਤਮਾ ਗਾਂਧੀ, ਮੌਲਾਨਾ ਅਬਦੁਲ ਕਲਾਮ ਆਜ਼ਾਦ, ਪੰਡਿਤ ਜਵਾਹਰ ਲਾਲ ਨਹਿਰੂ ਆਦਿ, ਧਰਮ-ਨਿਰਪੇਖਤਾ ਦੇ ਅਸੂਲ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਧਰਮ-ਨਿਰਪੇਖਤਾ ਭਾਰਤੀ ਕੌਮ ਲਈ ਇਕ ਮੰਤਰ ਦਾ ਰੂਪ ਧਾਰਨ ਕਰ ਗਿਆ ਸੀ। ਦੇਸ਼ ਦੀ ਵੰਡ ਅਤੇ ਫ਼ਿਰਕਾਦਾਰਾਨਾ ਫ਼ਸਾਦਾਂ ਅਤੇ ਨਾਲ ਹੀ ਗਾਂਧੀ ਜੀ ਦੀ ਹੱਤਿਆ ਕਾਰਨ ਸਾਰੀ ਕੌਮ ਪਥਰਾਈ ਗਈ ਸੀ। ਲੋਕੀ ਹੋਰ ਵੱਖਵਾਦ ਵਿਚ ਨਹੀਂ ਸਨ ਪੈਣਾ ਚਾਹੁੰਦੇ। ਉੱਚ ਨੇਤਾ ਆਪਣੇ ਸਮਾਜ ਦੇ ਵੱਖ-ਵੱਖ ਭਾਗਾਂ ਦੀ ਪ੍ਰਤਿਨਿਧਤਾ ਕਰਦੇ ਸਨ ਅਤੇ ਸਭ ਵਲੋਂ ਝੱਲੀਆਂ ਔਕੜਾਂ ਸਦਕਾ ਹੀ ਧਰਮ-ਨਿਰਪੇਖ ਅਸੂਲ ਭਾਰਤੀ ਸੰਵਿਧਾਨ ਦਾ ਭਾਗ ਬਣ ਗਏ।

ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਤੋਂ ਪਿਛੋਂ ਹੋਰ ਨੇਤਾਵਾਂ ਦੇ ਵਿਚਾਰਾਂ ਕਾਰਨ ਧਰਮ-

ਨਿਰਪੇਖਤਾ ਸਾਡੀ ਰਾਜਨੀਤਕ ਆਧੁਨਿਕਤਾ ਅਤੇ ਰਾਸ਼ਟਰੀ ਯਕਯਹਿਤੀ ਦਾ ਸਦੀਵੀ ਭਾਗ ਬਣ ਗਈ। ਇਹ ਸੋਚਿਆ ਜਾਣ ਲੱਗ ਪਿਆ ਕਿ ਧਰਮ-ਨਿਰਪੇਖਤਾ ਸਾਡੀ ਧਾਰਮਿਕ ਅਤੇ ਸਭਿਆਚਾਰਕ ਬਹੁਲਤਾ ਦਾ ਇਕ ਜ਼ਰੂਰੀ ਹਿੱਸਾ ਬਣ ਗਈ ਹੈ।

ਕੁਝ ਚਿਰ ਮਗਰੋਂ, ਝਗੜੇ ਵੀ ਸ਼ੁਰੂ ਹੋਏ। ਬਾਬਰੀ ਮਸਜਿਦ ਤੇ ਰਾਮ ਜਨਮਭੂਮੀ ਦਾ ਵਿਵਾਦ ਸਾਹਮਣੇ ਆਇਆ। ਗੁਜਰਾਤ ਵਿਚ ਅਤੇ ਪਿੱਛੇ ਜਿਹੇ ਉੱਤਰ ਪ੍ਰਦੇਸ਼ ਦੇ ਮੁਜ਼ੱਫਰ ਨਗਰ ਵਿਖੇ ਮਾਰਧਾੜ ਹੋਈ। ਕੁਝ ਸੰਪਰਦਾਇਕ ਤੱਤਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਧਰਮ-ਨਿਰਪੇਖਤਾ ਮੂਨਵਾਦ ਦਾ ਇਕ ਨਵਾਂ ਮਖੌਟਾ ਹੈ। ਕੁਝ ਅੰਸ਼ ਇਹ ਸੋਚਦੇ ਹਨ ਕਿ ਮੁਸਲਮਾਨਾਂ ਦਾ ਇਕ ਵੋਟ ਬੈਂਕ ਬਣਾਉਣ ਲਈ ਉਨ੍ਹਾਂ ਨੂੰ ਧਰਮ-ਨਿਰਪੇਖਤਾ ਨਾਲ ਰੀਝਾਇਆ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਯਾਦ ਹੋਵੇਗਾ ਕਿ ਜਦ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਗਈ ਸੀ, ਉਦੋਂ ਉਨ੍ਹਾਂ ਉਪਰ ਇਹ ਇਲਜ਼ਾਮ ਲਗਾਇਆ ਜਾ ਰਿਹਾ ਸੀ ਕਿ ਉਹ ਮੁਸਲਮਾਨਾਂ ਦੀ ਤਰਫ਼ਦਾਰੀ ਕਰ ਰਹੇ ਹਨ। ਇਕ ਸੋਚਣ ਵਾਲੀ ਗੱਲ ਇਹ ਹੈ ਕਿ ਦੇਸ਼ ਦੀ ਵੰਡ ਸਮੇਂ ਜਦ 13 ਕਰੋੜ ਮੁਸਲਮਾਨਾਂ ਨੇ ਪਾਕਿਸਤਾਨ ਜਾਣ ਦੀ ਥਾਂ ਭਾਰਤ ਵਿਚ ਰਹਿਣਾ ਚੰਗਾ ਸਮਝਿਆ, ਤਾਂ ਕੀ ਉਨ੍ਹਾਂ ਨੂੰ ਭਾਰਤ ਦੇ ਸੱਚੇ ਨਾਗਰਿਕਾਂ ਵਾਂਗ ਨਹੀਂ ਸਮਝਿਆ ਜਾਣਾ ਚਾਹੀਦਾ? ਭਾਰਤ ਦੀ ਧਰਮ-ਨਿਰਪੇਖਤਾ ਇਕ ਸੁੱਚਾ ਹੀਰਾ ਹੈ, ਜਿਸ ਦੀ ਆਭਾ ਨੂੰ ਘਟਾਇਆ ਨਹੀਂ ਜਾਣਾ ਚਾਹੀਦਾ। ਜਿਸ ਦੇਸ਼ ਵਿਚ ਹੁਣ 15 ਕਰੋੜ ਮੁਸਲਮਾਨ ਵਸਦੇ ਹਨ ਅਤੇ ਉਨ੍ਹਾਂ ਤੋਂ ਇਲਾਵਾ ਈਸਾਈ, ਸਿੱਖ, ਬੋਧੀ, ਜੈਨ, ਪਾਰਸੀ ਤੇ ਯਹੂਦੀ ਇਸ ਦੇ ਨਾਗਰਿਕ ਹਨ ਅਤੇ ਸਭ ਨੂੰ ਇਕੋ ਜਿਹੇ ਅਧਿਕਾਰ ਪ੍ਰਾਪਤ ਹਨ, ਤਾਂ ਉਸ ਦੇਸ਼ ਨੂੰ ਪੂਰੀ ਤਰ੍ਹਾਂ ਸੈਕੂਲਰ ਮੰਨਣਾ ਕਿਉਂ ਔਖਾ ਲਗਦਾ ਹੈ?

ਮਹਾਤਮਾ ਗਾਂਧੀ ਨੇ ਠੀਕ ਕਿਹਾ ਸੀ ਕਿ "ਮੈਂ ਆਪਣੇ ਧਰਮ ਦਾ ਪੱਕਾ ਹਾਂ, ਮੈਂ ਇਸ ਲਈ ਮਰ ਵੀ ਸਕਦਾ ਹਾਂ। ਪਰ ਇਹ ਮੇਰਾ ਜ਼ਾਤੀ ਮਾਮਲਾ ਹੈ। ਇਸ ਨਾਲ ਸਰਕਾਰ ਦਾ ਕੋਈ ਵਾਸਤਾ ਨਹੀਂ। ਸਰਕਾਰ ਤੁਹਾਡੀ ਸੈਕੂਲਰ ਭਲਾਈ, ਸਿਹਤ, ਦੂਰਸੰਚਾਰ, ਵਿਦੇਸ਼ੀ ਮਾਮਲਿਆਂ, ਕਰੰਸੀ ਆਦਿ ਦਾ ਧਿਆਨ ਰਖੇਗੀ, ਪਰ ਤੁਹਾਡੇ ਤੇ ਮੇਰੇ ਧਰਮ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਇਹ ਹਰ ਇਕ ਦਾ ਨਿੱਜੀ ਮਾਮਲਾ ਹੈ।"

**ਧਰਮ-ਨਿਰਪੇਖਤਾ ਹਰ ਇਕ ਦੇ ਦਿਲ ਵਿਚੋਂ ਉਪਜਦੀ ਹੈ। ਸਾਡੇ ਵਿਚ ਕੋਈ ਬੇਗਾਨਾ ਨਹੀਂ। ਸਾਡਾ ਇਤਿਹਾਸ ਸਾਂਝਾ ਹੈ। ਭਾਵੇਂ ਇਥੇ ਕਈ ਧਰਮ ਨਾਲ-ਨਾਲ ਚਲਦੇ ਰਹੇ ਹਨ ਅਤੇ ਵੱਖੋ-ਵੱਖ ਪਰੰਪਰਾਵਾਂ ਕਾਇਮ ਰਹੀਆਂ ਹਨ, ਪਰ ਅਸੀਂ ਸਾਰੇ ਧਰਮ-ਨਿਰਪੇਖਤਾ ਦੀ ਛਾਂ ਹੇਠ ਪ੍ਰਫੁੱਲਤ ਹੁੰਦੇ ਰਹੇ ਹਾਂ। ਇਥੇ ਸੂਫ਼ੀ ਲਹਿਰ ਅਤੇ ਭਗਤੀ ਲਹਿਰ ਦੇ ਵੱਡੇ-ਵਡੇਰਿਆਂ ਨੇ ਇਕ ਸਾਂਝੀ ਵਿਰਾਸਤ ਨੂੰ ਜਨਮ ਦਿਤਾ ਹੈ। ਜੇ ਅਸੀ ਭਾਰਤ ਨੂੰ ਇਕ ਮਜ਼ਬੂਤ ਅਤੇ ਅਗਾਂਹਵਧੂ ਰਾਸ਼ਟਰ ਬਣਾਉਣਾ ਹੈ ਤਾਂ ਸਾਨੂੰ ਧਰਮ-ਨਿਰਪੇਖਤਾ ਦੀਆਂ ਮਜ਼ਬੂਤ ਲੀਹਾਂ 'ਤੇ ਚਲਦੇ ਰਹਿਣਾ ਪਵੇਗਾ। ਇਨ੍ਹਾਂ ਲੀਹਾਂ ਤੋਂ ਥਿੜ੍ਹਕਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੋਵੇਗਾ।**

ਭਾਰਤ ਸਰਕਾਰ ਦਾ ਆਪਣਾ ਕੋਈ ਵਿਸ਼ੇਸ਼ ਧਰਮ ਨਹੀਂ। ਜਨਤਾ ਨੂੰ ਧਰਮ ਦੀ ਆਜ਼ਾਦੀ ਹੈ। ਸਰਕਾਰ ਦੀਆਂ ਨਜ਼ਰਾਂ ਵਿਚ ਸਾਰੇ ਨਾਗਰਿਕ ਇਕੋ ਜਿਹੇ ਹਨ, ਭਾਵੇਂ ਕਿਸੇ ਦਾ ਧਰਮ ਕੋਈ ਵੀ ਹੋਵੇ। ਪਰ ਕਾਨੂੰਨੀ ਮਾਮਲਿਆਂ ਵਿਚ ਅੰਤਰ ਜ਼ਰੂਰ ਹੈ। ਜ਼ਾਤੀ ਮਾਮਲਿਆਂ ਜਿਵੇਂ ਕਿ ਵਿਆਹ ਸ਼ਾਦੀ, ਤਲਾਕ, ਵਿਰਾਸਤ, ਤਲਾਕ ਮਗਰੋਂ ਖ਼ਰਚੇ ਗੁਜ਼ਾਰੇ ਦੀ ਰਕਮ ਆਦਿ ਮਾਮਲਿਆਂ ਵਿਚ ਕਾਨੂੰਨ ਵੱਖੋ-ਵੱਖਰੇ ਹਨ। ਮੁਸਲਮਾਨਾਂ ਲਈ ਸ਼ਰੀਆ ਦੇ ਆਧਾਰ 'ਤੇ ਮੁਸਲਿਮ ਨਿੱਜੀ ਕਾਨੂੰਨ ਹੈ, ਜਦ ਕਿ ਹਿੰਦੂ, ਈਸਾਈ, ਸਿੱਖ ਅਤੇ ਹੋਰ ਗ਼ੈਰ-ਮੁਸਲਿਮ ਭਾਰਤੀ ਸਾਂਝੇ ਕਾਨੂੰਨ ਹੇਠ ਵਿਚਰਦੇ ਹਨ। ਅਸਾਵੇਂ ਧਾਰਮਿਕ ਕਾਨੂੰਨਾਂ 'ਤੇ ਅਮਲ ਕਾਰਨ ਭਾਰਤ ਵਿਚ ਕਈ ਇਕ ਮਸਲੇ ਵੀ ਉੱਠ ਖੜ੍ਹੇ ਹੋਏ ਹਨ, ਜਿਵੇਂ ਕਿ ਬਾਲ-ਵਿਆਹ ਨੂੰ ਮਾਨਤਾ, ਬਹੁ-ਵਿਆਹ ਪ੍ਰਥਾ, ਗ਼ੈਰ-ਬਰਾਬਰ ਵਿਰਾਸਤੀ ਅਧਿਕਾਰ, ਬੇਜ਼ਾਬਤਾ, ਇਕ-ਤਰਫ਼ਾ ਤਲਾਕ ਕਾਨੂੰਨ, ਜਿਹੜਾ ਕੁਝ ਮਰਦਾਂ ਨੂੰ ਹੀ ਫ਼ਾਇਦਾ ਪਹੁੰਚਾਉਂਦਾ ਹੈ ਅਤੇ ਧਾਰਮਿਕ ਪੁਸਤਕਾਂ ਦੀ ਅੰਤਰ-ਵਿਰੋਧੀ ਵਿਆਖਿਆ।

ਸਾਡੇ ਪੁਰਾਤਨ ਇਤਿਹਾਸ ਵਿਚ ਵੀ ਨਿਰਪੇਖਤਾ ਦੇ ਸੰਕੇਤ ਮਿਲਦੇ ਹਨ। ਮਿਸਾਲ ਵਜੋਂ, ਮਹਾਂਰਾਸ਼ਟਰ ਦੇ ਐਲੋਰਾ ਦੀਆਂ ਪੰਜਵੀਂ ਤੋਂ ਦਸਵੀਂ ਸਦੀ ਦੌਰਾਨ ਬਣਾਈਆਂ ਗਈਆਂ 35 ਗੁਫ਼ਾਵਾਂ ਹਨ। ਇਹ ਗੁਫ਼ਾਵਾਂ ਇੰਨੀਆਂ ਨਾਲੋ-ਨਾਲ ਹਨ ਅਤੇ ਵੱਖ-ਵੱਖ ਧਰਮਾਂ ਦੀ ਸਹਿਹੋਂਦ ਦੀਆਂ ਪ੍ਰਤੀਕ ਹਨ ਕਿ ਇਹ ਧਰਮ-ਨਿਰਪੇਖਤਾ ਦਾ ਜਿਉਂਦਾ ਜਾਗਦਾ ਸਬੂਤ ਹਨ। ਬਾਰ੍ਹਵੀਂ ਸਦੀ ਵਿਚ ਇਸਲਾਮ ਦੇ ਆਗਮਨ ਤੋਂ ਪਹਿਲਾਂ ਉਸ ਵੇਲੇ ਦੇ ਭਾਰਤੀ ਧਰਮਾਂ ਦੀਆ ਯਾਦਗਾਰਾਂ ਦੀ ਸਹਿਹੋਂਦ ਧਰਮ-ਨਿਰਪੇਖਤਾ ਦਾ ਦੂਜਾ ਚਿਹਰਾ ਵਿਖਾਈ ਦਿੰਦਾ ਸੀ। 2200 ਸਾਲ ਪਹਿਲਾਂ ਅਸ਼ੋਕ ਨੇ ਅਤੇ 1400 ਸਾਲ ਪਹਿਲਾਂ ਹਰਸ਼ ਨੇ ਵੱਖ-ਵੱਖ ਧਰਮ ਅਪਣਾਏ ਅਤੇ ਉਨ੍ਹਾਂ ਦੀ ਸਰਪ੍ਰਸਤੀ ਕੀਤੀ। ਭਾਵੇਂ ਕਿਸੇ ਦਾ ਧਰਮ ਕੋਈ ਵੀ ਹੋਵੇ, ਸਭ ਨੂੰ ਨਾਗਰਿਕਤਾ ਪ੍ਰਦਾਨ ਕਰ ਦਿਤੀ ਜਾਂਦੀ ਸੀ। ਪਰ ਇਸਲਾਮ ਦੇ ਆਗਮਨ ਤੋਂ ਬਾਅਦ ਨਵੇਂ ਮੰਦਰ ਤੇ ਮੱਠ ਉਸਾਰਨ ਦੀ ਆਗਿਆ ਨਹੀਂ ਸੀ ਦਿਤੀ ਜਾਂਦੀ।

ਹੁਣ ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿਚ ਧਾਰਮਿਕ ਅਦਾਰਿਆਂ, ਖ਼ੈਰਾਤੀ ਅਤੇ ਅਮਾਨਤੀ ਸੰਸਥਾਵਾਂ ਨੂੰ ਸਾਂਝੀ ਫ਼ਹਿਰਿਸਤ ਵਿਚ ਰਖਿਆ ਗਿਆ ਹੈ ਜਿਸ ਦਾ ਮਤਲਬ ਹੈ ਕਿ ਕੇਂਦਰ ਸਰਕਾਰ ਅਤੇ ਰਾਜਾਂ ਦੀਆਂ ਸਰਕਾਰਾਂ ਧਾਰਮਿਕ ਅਦਾਰਿਆਂ ਆਦਿ ਲਈ ਆਪਣੇ-ਆਪਣੇ ਕਾਨੂੰਨ ਪਾਸ ਕਰ ਸਕਦੀਆਂ ਹਨ। ਜੇ ਕੇਂਦਰ ਵਲੋਂ ਬਣਾਏ ਗਏ ਕਾਨੂੰਨ ਅਤੇ ਕਿਸੇ ਰਾਜ ਸਰਕਾਰ ਵਲੋਂ ਘੜੇ ਗਏ ਕਾਨੂੰਨ ਵਿਚ ਕੋਈ ਵਿਰੋਧਾਭਾਸ ਹੋਵੇ ਤਾਂ ਕੇਂਦਰੀ ਕਾਨੂੰਨ ਲਾਗੂ ਰਹੇਗਾ।

ਭਾਰਤ ਵਿਚ ਧਰਮ-ਨਿਰਪੇਖਤਾ ਦਾ ਮਤਲਬ ਧਰਮ ਨੂੰ ਸਰਕਾਰ ਵਲੋਂ ਨਿਖੇੜਨਾ ਨਹੀਂ। ਇਸ ਤੋਂ ਉਲਟ ਭਾਰਤ ਵਿਚ ਧਰਮ-ਨਿਰਪੇਖਤਾ ਦਾ ਮਤਲਬ ਹੈ ਕਿ ਸਰਕਾਰ ਸਾਰੇ ਧਾਰਮਿਕ ਸਮੂਹਾਂ ਤੋਂ ਨਿਰਪੱਖ ਹੈ। ਪਰ ਭਾਰਤੀ ਮੁਸਲਮਾਨਾਂ ਸੰਬੰਧੀ ਕੁਝ ਜ਼ਾਤੀ ਕਾਨੂੰਨ ਸੰਸਦੀ ਕਾਨੂੰਨਾਂ ਤੋਂ ਵੱਖ ਹਨ।

ਭਾਰਤ ਦੀ ਜਨਤਾ ਨੂੰ ਧਰਮ ਦੀ ਆਜ਼ਾਦੀ ਹੈ। ਸਰਕਾਰ ਦੀਆਂ ਨਜ਼ਰਾਂ ਵਿਚ ਹਰ ਨਾਗਰਿਕ ਇਕੋ ਸਮਾਨ ਹੈ। ਉਹ ਭਾਵੇਂ ਕਿਸੇ ਵੀ ਧਰਮ ਦਾ ਅਨੁਯਾਈ ਹੋਵੇ, ਉਸ ਨਾਲ ਕੋਈ ਵੀ ਵਿਤਕਰਾ ਨਹੀਂ ਕੀਤਾ ਜਾਵੇਗਾ। ਪਰ ਜਿਥੋਂ ਤਕ ਜ਼ਾਤੀ ਕਾਨੂੰਨਾਂ ਦਾ ਸੰਬੰਧ ਹੈ, ਉਹ ਇਕਸਾਰ ਨਹੀਂ ਹਨ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ,

ਵਿਆਹ, ਤਲਾਕ, ਵਿਰਾਸਤ ਆਦਿ ਮਾਮਲਿਆਂ ਵਿਚ ਮੁਸਲਮਾਨਾਂ 'ਤੇ ਸ਼ਰੀਆ ਆਧਾਰਤ ਕਾਨੂੰਨ ਲਾਗੂ ਹੋਣਗੇ।

ਧਰਮ-ਨਿਰਪੇਖਤਾ ਸੰਵਿਧਾਨ ਦਾ ਇਕ ਮੁਢਲਾ ਅੰਗ ਹੈ। ਸੁਪਰੀਮ ਕੋਰਟ ਨੇ ਕਿਹਾ, "ਇਹ ਸਪੱਸ਼ਟ ਹੈ ਕਿ ਸੰਵਿਧਾਨ ਦੁਆਰਾ ਧਰਮ ਦੇ ਮਾਮਲੇ ਵਿਚ ਹਰ ਨਾਗਰਿਕ ਨੂੰ ਅਤੇ ਹਰ ਸਮੂਹ ਨੂੰ ਬਰਾਬਰੀ ਦਾ ਹੱਕ ਦਿਤਾ ਗਿਆ ਹੈ। ਜਿਥੋਂ ਤਕ ਸਰਕਾਰ ਦਾ ਸੰਬੰਧ ਹੈ, ਇਸ ਦਾ ਆਪਣਾ ਕੋਈ ਧਰਮ ਨਹੀਂ। ਜਦੋਂ ਸੰਵਿਧਾਨ ਦੀ ਤੁਲਨਾ ਵਿਚ ਧਰਮ-ਨਿਰਪੇਖਤਾ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ ਧਾਰਾਵਾਂ 25 ਤੋਂ 28 ਤਕ ਤੋਂ ਪਤਾ ਚਲਦਾ ਹੈ ਕਿ ਭਾਰਤ ਦੇ ਲੋਕਾਂ ਨੇ ਇਸ ਨੂੰ ਇਕ ਮੁਢਲੇ ਅਸੂਲ ਵਾਂਗ ਅਪਣਾਇਆ ਹੈ। ਧਰਮ-ਨਿਰਪੇਖਤਾ ਦਾ ਨਜ਼ਰੀਆ ਬਰਾਬਰੀ ਦੇ ਅਧਿਕਾਰ ਦਾ ਇਕ ਪਾਸਾ ਹੈ, ਜੋ ਸੰਵਿਧਾਨ ਵਿਚ ਇਕ ਸੁਨਹਿਰੇ ਧਾਗੇ ਵਾਂਗ ਹੈ।"

ਪੱਛਮੀ ਦੁਨੀਆਂ ਤੋਂ ਉਲਟ ਭਾਰਤ ਵਿਚ ਧਰਮ-ਨਿਰਪੇਖਤਾ ਨੂੰ ਸਾਰੇ ਧਰਮਾਂ ਦੀ ਬਰਾਬਰੀ ਦਾ ਆਧਾਰ ਮੰਨਿਆ ਜਾਂਦਾ ਹੈ। ਸਾਰੇ ਧਰਮਾਂ ਦਾ ਇਕੋ ਜਿਹਾ ਸਤਿਕਾਰ ਇਸ ਦਾ ਲੱਛਣ ਹੈ। ਇਹ ਧਰਮ ਅਤੇ ਸਰਕਾਰ ਵਿਚਾਲੇ ਕਿਸੇ ਝਗੜੇ ਤੋਂ ਨਹੀਂ ਸੀ ਉਗਮਿਆ। ਇਸ ਦੀਆਂ ਜੜ੍ਹਾਂ ਭਾਰਤ ਦੇ ਇਤਿਹਾਸ ਅਤੇ ਸਭਿਆਚਾਰ ਵਿਚ ਧੱਸੀਆਂ ਹੋਈਆਂ ਸਨ। ਸਾਡੇ ਸੰਵਿਧਾਨ ਨਿਰਮਾਤਾਵਾਂ ਦਾ ਵਿਚਾਰ ਸੀ ਕਿ ਸਾਰੇ ਤਬਕਿਆਂ ਨਾਲ ਨਿਆਂ ਪੂਰਬਕ ਵਿਹਾਰ ਕੀਤਾ ਜਾਵੇ, ਭਾਵੇਂ ਉਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਕਿੰਨੀ ਵੀ ਥੋੜ੍ਹੀ ਹੋਵੇ।

ਜਦੋਂ ਅਸੀਂ ਧਰਮ-ਨਿਰਪੇਖਤਾ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿਚ 'ਸਰਬ ਧਰਮ ਸੰਭਾਵ' ਦੀ ਧੁਨੀ ਗੂੰਜਦੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਅਸੀਂ ਸਭ ਧਰਮਾਂ ਨੂੰ ਇਕੋ ਜਿਹਾ ਆਦਰ ਮਾਣ ਦਈਏ ਅਤੇ ਸਾਰੇ ਅਕੀਦਿਆਂ ਨੂੰ ਬਰਾਬਰ ਸਮਝੀਏ, ਉਨ੍ਹਾਂ ਨੂੰ ਕੇਵਲ 'ਧਰਮ-ਨਿਰਪੇਖ' ਜਾਂ 'ਪੰਥ ਨਿਰਪੇਖ' ਨਾ ਕਹੀਏ।

ਭਾਰਤ ਦੀ ਠੋਸ ਅਸਲੀਅਤ 'ਧਰਮ-ਨਿਰਪੇਖਤਾ' ਦੇ ਪੱਛਮੀ ਨਜ਼ਰੀਏ ਤੋਂ ਭਿੰਨ ਹੈ। ਸਾਡੇ ਸੰਦਰਭ ਵਿਚ ਧਰਮ-ਨਿਰਪੇਖਤਾ ਦਾ ਮਤਲਬ ਹੈ ਕਿ ਸਾਡੀ ਸਰਕਾਰ 'ਧਰਮ-ਤੰਤਰੀ' ਨਹੀਂ ਹੈ, ਅਰਥਾਤ ਸਰਕਾਰ ਦਾ ਆਪਣਾ ਕੋਈ ਧਰਮ ਨਹੀਂ, ਇਸ ਦੀਆਂ ਨਜ਼ਰਾਂ ਵਿਚ ਸਾਰੇ ਧਰਮ ਬਰਾਬਰ ਹਨ ਅਤੇ ਇਹ ਧਰਮ ਦੇ ਆਧਾਰ 'ਤੇ ਕਿਸੇ ਨਾਲ ਭੇਦਭਾਵ ਨਹੀਂ ਕਰਦੀ।

ਸੁਪਰੀਮ ਕੋਰਟ ਦੇ ਜੱਜ ਰਾਜਿੰਦਰ ਗਡਕਰ ਦੇ ਕਹੇ ਅਨੁਸਾਰ ਭਾਰਤੀ ਸੰਵਿਧਾਨ ਵਿਚਲੀ ਧਰਮ-ਨਿਰਪੇਖਤਾ ਦਾ ਮਤਲਬ ਇਹ ਹੈ ਕਿ ਦੇਸ਼ ਦੇ ਸਾਰੇ ਨਾਗਰਿਕਾਂ ਦੇ ਬਰਾਬਰ ਦੇ ਅਧਿਕਾਰ ਹਨ। ਇਸ ਮਾਮਲੇ ਵਿਚ ਨਾਗਰਿਕਾਂ ਵਿਚਕਾਰ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਸਰਕਾਰ ਆਪ ਅਧਰਮੀ ਜਾਂ ਕੁਧਰਮੀ ਨਹੀਂ ਹੈ। ਇਹ ਸਭ ਧਰਮਾਂ ਨੂੰ ਇਕੋ ਜਿਹੀ ਖੁੱਲ੍ਹ ਦਿੰਦੀ ਹੈ। ਪ੍ਰਸਿੱਧ ਕਾਨੂੰਨਦਾਨ ਐਮ ਸੀ ਸੀਤਲਵਾਦ ਦਾ ਵੀ ਇਹੋ ਕਹਿਣਾ ਹੈ ਕਿ ਇਕ ਧਰਮ-ਨਿਰਪੇਖ ਦੇਸ਼ ਵਿਚ ਸਭ ਨਾਗਰਿਕਾਂ ਨਾਲ ਇਕੋ ਜਿਹਾ ਵਰਤਾਉ ਕੀਤਾ ਜਾਣਾ ਚਾਹੀਦਾ ਹੈ ਅਤੇ ਧਰਮ ਦੇ ਆਧਾਰ 'ਤੇ ਕੋਈ ਪੱਖਪਾਤ ਨਹੀਂ ਕੀਤਾ ਜਾਣਾ ਚਾਹੀਦਾ।

ਗਹੁ ਨਾਲ ਵੇਖਿਆ ਜਾਵੇ ਤਾਂ ਸੰਵਿਧਾਨ ਵਿਚ 42ਵੀਂ ਸੋਧ ਕੀਤੇ ਜਾਣ ਤੋਂ ਪਹਿਲਾਂ ਵੀ ਇਸੇ ਸੰਵਿਧਾਨ ਵਿਚ 'ਧਰਮ-ਨਿਰਪੇਖਤਾ' ਇਕ ਬੁਨਿਆਦੀ ਲੱਛਣ ਦੇ ਰੂਪ ਵਿਚ ਮੌਜੂਦ ਸੀ। 'ਕੇਸਵਾਨੰਦ ਭਾਰਤੀ' ਅਤੇ 'ਮਿਨਰਵਾ ਮਿਲਜ਼' ਦੇ ਮੁਕੱਦਮਿਆਂ ਵਿਚ 'ਧਰਮ-ਨਿਰਪੇਖਤਾ' ਦਾ ਸਿਧਾਂਤ ਇਕ ਬੁਨਿਆਦੀ ਲੱਛਣ ਦੇ ਰੂਪ ਵਿਚ ਉੱਭਰ ਕੇ ਆਇਆ ਸੀ। ਨਾਲੇ ਇਹ ਧਰਮ ਦੇ ਮੌਲਿਕ ਅਧਿਕਾਰ ਦੀ ਜ਼ਾਮਨੀ ਵਿਚ ਵੀ ਸ਼ਾਮਿਲ ਸੀ।

ਸੰਵਿਧਾਨ ਨਿਰਮਾਤਾਵਾਂ ਦੀ ਦ੍ਰਿਸ਼ਟੀ ਵਿਚ ਭਾਰਤੀ ਕੌਮ ਵਿਚ ਧਰਮ, ਜਾਤ ਅਤੇ ਅਕੀਦੇ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਵਿਚਾਰ ਵਿਚ ਧਰਮ ਦੇ ਆਧਾਰ 'ਤੇ ਕੋਈ ਵਖਰੇਵਾਂ ਜਾਂ ਦੰਗੇ ਫ਼ਸਾਦ ਨਹੀਂ ਹੋਣੇ ਚਾਹੀਦੇ। ਇਥੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਹੋਣਾ ਚਾਹੀਦਾ ਹੈ। ਕੋਈ ਕਾਨੂੰਨ ਇਹੋ ਜਿਹਾ ਨਹੀਂ ਹੋਣਾ ਚਾਹੀਦਾ ਜੋ ਧਰਮ, ਜਾਤ ਜਾਂ ਹੋਰ ਕਿਸੇ ਆਧਾਰ 'ਤੇ ਨਾਗਰਿਕਾਂ ਵਿਚ ਵਿਤਕਰਾ ਕਰੇ। ਸੰਵਿਧਾਨ ਦਾ ਉਦੇਸ਼ ਇਕ ਇਹੋ ਜਿਹਾ 'ਧਰਮ-ਨਿਰਪੇਖ' ਨਿਜ਼ਾਮ ਕਾਇਮ ਕਰਨਾ ਸੀ, ਜਿਸ ਵਿਚ ਜਨਤਾ ਦੀ ਬਹੁ-ਗਿਣਤੀ ਨੂੰ ਕੋਈ ਖ਼ਾਸ ਰਿਆਇਤਾਂ ਜਾਂ ਤਰਜੀਹੀ ਸਲੂਕ ਪ੍ਰਾਪਤ ਨਾ ਹੋਵੇ ਅਤੇ ਘੱਟ-ਗਿਣਤੀ ਫ਼ਿਰਕਿਆਂ ਦੇ ਧਾਰਮਿਕ ਅਧਿਕਾਰਾਂ ਦੀ ਵੱਖ-ਵੱਖ ਢੰਗਾਂ ਤਰੀਕਿਆਂ ਨਾਲ ਹਿਫ਼ਾਜ਼ਤ ਕੀਤੀ ਜਾਵੇ।

**ਇਕ ਗੱਲ ਸਪੱਸ਼ਟ ਹੈ ਕਿ ਸਿਆਸੀ ਮਕਸਦਾਂ ਲਈ ਧਰਮ ਦੀ ਗ਼ਲਤ ਵਰਤੋਂ ਨੂੰ ਰੋਕਣ ਲਈ ਸਭ ਉਪਾਅ ਕਰਨੇ ਅਤਿ ਜ਼ਰੂਰੀ ਹਨ। ਇਸ ਮਹਾਨ ਦੇਸ਼ ਦੇ ਬੁਨਿਆਦੀ ਢਾਂਚੇ ਦੀ ਰਖਿਆ ਕਰਨਾ ਅਤਿ ਮਹੱਤਵਪੂਰਨ ਕਾਰਜ ਹੈ, ਜਿਸ ਵਲ ਹਰ ਧਰਮ, ਹਰ ਫ਼ਿਰਕੇ ਅਤੇ ਹਰ ਸੰਸਥਾ ਵਲੋਂ ਪੂਰਾ ਧਿਆਨ ਦਿਤਾ ਜਾਣਾ ਅਤਿ ਜ਼ਰੂਰੀ ਹੈ।**

***(ਲੇਖਕ ਉੱਘਾ ਸੁਤੰਤਰ ਪੱਤਰਕਾਰ ਹੈ।)***

***e-mail :srsbatra@yahoo.com***

***ਸਫ਼ਾ 32 ਦੀ ਬਾਕੀ***

ਸਾਬਤ ਹੋਵੇਗੀ ਅਤੇ ਨਾ ਮੁਆਫ਼ ਕੀਤਾ ਜਾਣ ਵਾਲਾ ਇਤਿਹਾਸਕ ਗੁਨਾਹ ਸਮਝੀ ਜਾਵੇਗੀ। ਕਿਉਂਕਿ ਕਾਇਰਤਾ ਜ਼ਾਲਮ ਪੈਦਾ ਕਰਦੀ ਹੈ ਤੇ ਉਹ ਹੌਸਲਾ ਵਧਾਉਂਦੀ ਹੈ। ਇਸ ਜ਼ੁਲਮ ਦਾ ਗੁਨਾਹ ਜਿੰਨਾ ਜ਼ਾਲਮ ਸਿਰ ਹੈ, ਉਸ ਤੋਂ ਕਿਤੇ ਵੱਧ ਅਹਿੰਸਾਵਾਦੀ ਮਜ਼ਲੂਮ ਉੱਤੇ ਵੀ ਆਉਂਦਾ ਹੈ। ਜਿਸ ਦੀ ਕਾਇਰਤਾ ਨੇ ਜ਼ਾਲਮ ਲਈ ਇਹ ਮੌਕਾ ਪੈਦਾ ਕੀਤਾ ਕਿ ਉਹ ਲੋਕਾਂ ਉਤੇ ਜ਼ੁਲਮ ਦੇ ਪਹਾੜ ਤੋੜੇ।

ਨਿਰਪੱਖ ਨੀਤੀ ਵੀ ਕਾਇਰਤਾ ਦੀ ਇਕ ਸ਼ਕਲ ਹੈ। ਸਾਡੇ ਸਾਹਮਣੇ ਇਕ ਮਜ਼ਲੂਮ ਨੂੰ ਜ਼ਾਲਮ ਕਤਲ ਕਰਨਾ ਚਾਹੁੰਦਾ ਹੈ, ਉਸ ਸਮੇਂ ਸਾਡਾ ਮਨੁੱਖੀ ਕਰਤਵ ਹੈ ਕਿ ਅਸੀਂ ਮਜ਼ਲੂਮ ਦਾ ਪੱਖ ਲਈਏ ਅਤੇ ਜ਼ਾਲਮ ਤੋਂ ਉਸ ਨੂੰ ਬਚਾਈਏ। ਇਹ ਨਹੀਂ ਕਿ ਪਾਸੇ ਖਲੋਤੇ ਤਮਾਸ਼ਾ ਵੇਖਦੇ ਰਹੀਏ ਅਤੇ ਨਿਰਪੱਖਤਾ ਦੇ ਸੋਹਲੇ ਗਾਉਂਦੇ ਰਹੀਏ ਜਿਵੇਂ ਕਿ ਨਿਰਪੱਖਤਾ ਦੇ ਗੀਤ ਗਾਏ ਜਾਂਦੇ ਹਨ। ਅਜਿਹੀਆਂ ਕਾਇਰ ਨੀਤੀਆਂ ਮਨੁੱਖੀ ਸਮਾਜ ਦਾ ਕੁਝ ਵੀ ਭਲਾ ਨਹੀਂ ਕਰ ਸਕਦੀਆਂ। ਇਸ ਲਈ ਮੈਂ ਨੌਜਵਾਨਾਂ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ ਕਿ ਉਹ ਕਮਜ਼ੋਰ ਨੀਤੀ ਤੋਂ ਬਚਣ ਅਤੇ ਆਪਣੀ ਆਜ਼ਾਦੀ, ਬਰਾਬਰੀ ਅਤੇ ਮਨੁੱਖਤਾ ਦੇ ਹੱਕਾਂ ਲਈ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਰਹਿਣ।

*(ਜੀਵਨ ਸੰਗਰਾਮ - ਬਾਬਾ ਸੋਹਣ ਸਿੰਘ ਭਕਨਾ {ਲੇਖਕ-ਮਲਵਿੰਦਰ ਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ} ਵਿਚੋਂ ਧੰਨਵਾਦ ਸਹਿਤ)*

# ਵਿਕਾਸ ਅਤੇ ਪੰਚਾਇਤੀ ਰਾਜ ਪ੍ਰਣਾਲੀ

ਪ੍ਰਵੀਨ ਸਲਦੀ

ਵਿਕਾਸ ਅੱਜ ਇਕ ਬਹੁ-ਚਰਚਿਤ ਮੁੱਦਾ ਬਣਿਆ ਹੋਇਆ ਹੈ। ਵਿਕਾਸ ਦੀ ਗਤੀ ਦਾ ਦੇਸ਼ ਵਿਚ ਵਧ ਰਹੀ ਜਨਸੰਖਿਆ ਦੀ ਰਫ਼ਤਾਰ ਨਾਲ ਤਾਲਮੇਲ ਬਣਾ ਕੇ ਰਖਣਾ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰਾਂ ਲਈ ਇਕ ਜਟਿਲ ਚੁਨੌਤੀ ਬਣਦਾ ਜਾ ਰਿਹਾ ਹੈ। ਜਦੋਂ ਵਿਕਾਸ ਦੇ ਕਿਸੇ ਵੀ ਖੇਤਰ ਵਿਚ ਇਸ ਤਾਲਮੇਲ ਵਿਚ ਵਿਸੰਗਤੀ ਪੈਦਾ ਹੁੰਦੀ ਹੈ ਤਾਂ ਉਹ ਆਮ ਲੋਕਾਂ ਵਿਚ ਰੋਹ ਦਾ ਕਾਰਨ ਬਣਦਾ ਹੈ ਅਤੇ ਸ਼ਾਸਤ ਵਰਗ ਲਈ ਚਿੰਤਾ ਦਾ ਵਿਸ਼ਾ। ਇਸ ਰੋਹ ਦਾ ਖ਼ਾਮਿਆਜ਼ਾ ਸਮੇਂ ਦੀਆਂ ਸਰਕਾਰਾਂ, ਰਾਜਨੀਤਕ ਦਲਾਂ, ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਜੀਵਨ ਦੇ ਹਰ ਖੇਤਰ, ਜਿਵੇਂ ਕਿ ਸਿਹਤ, ਸਿੱਖਿਆ, ਸੜਕਾਂ, ਰਾਜ ਮਾਹਰਾਂ, ਰੇਲ, ਬਿਜਲੀ, ਪਾਣੀ, ਸਿੰਜਾਈ ਸਹੂਲਤਾਂ, ਖੇਤੀਬਾੜੀ ਅਤੇ ਉਦਯੋਗਿਕ ਉਤਪਾਦਨ, ਖਣਿਜ ਪਦਾਰਥ ਅਤੇ ਕੱਪੜਾ ਉਤਪਾਦਨ, ਇਥੋਂ ਤਕ ਕਿ ਜੀਵਨ ਦੇ ਹਰ ਪਹਿਲੂ ਦੀ ਲੋੜ ਪੂਰਤੀ ਲਈ ਸਮੁੱਚਿਤ ਵਿਕਾਸ ਦੀ ਲੋੜ ਹੈ। ਪਰ ਸਮੇਂ ਦੀਆਂ ਸਰਕਾਰਾਂ, ਖੇਤੀਬਾੜੀ, ਵਪਾਰ ਅਤੇ ਉਦਯੋਗਿਕ ਖੇਤਰ, ਸਹਿਕਾਰੀ ਖੇਤਰ ਅਤੇ ਨਿੱਜੀ ਖੇਤਰ ਇਕੱਲਿਆਂ ਪ੍ਰਾਪਤੀ ਹਾਸਲ ਨਹੀਂ ਕਰ ਸਕਦੇ। ਸਮੁੱਚਿਤ ਵਿਕਾਸ ਲਈ ਆਮ ਲੋਕਾਂ ਦੀ ਭਾਈਵਾਲੀ ਜ਼ਰੂਰੀ ਹੈ ਅਤੇ ਅਜਿਹਾ ਸਿਰਫ਼ ਉਸ ਸੂਰਤ ਵਿਚ ਹੀ ਹੋ ਸਕਦਾ ਹੈ ਜਦੋਂ ਸ਼ਹਿਰਾਂ ਅਤੇ ਪਿੰਡਾਂ ਵਿਚ ਵਸਦੇ ਲੋਕਾਂ ਵਿਚੋਂ ਅਗਿਆਨਤਾ ਖਤਮ ਕਰਕੇ ਜਾਗਰੂਕਤਾ ਪੈਦਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਵਿਕਾਸ ਦੇ ਭਾਈਵਾਲ ਅਤੇ ਲਾਭਪਾਤਰ ਦੋਹਾਂ ਦਾ ਦਰਜਾ ਹਾਸਲ ਹੋ ਸਕੇ।

ਭਾਰਤ ਵਿਚ ਪਹਿਲੀ ਪੰਜ ਸਾਲਾ ਯੋਜਨਾ 1952 ਵਿਚ ਸ਼ੁਰੂ ਕਰਨ ਵੇਲੇ ਆਮ ਲੋਕਾਂ ਦੀ ਵਿਕਾਸ ਵਿਚ ਸਹਿਭਾਗਤਾ ਉਪਰ ਜ਼ੋਰ ਦਿਤਾ ਗਿਆ। ਇਸ ਮੰਤਵ ਦੀ ਪੂਰਤੀ ਲਈ ਪੰਜ ਸਾਲਾ ਯੋਜਨਾਵਾਂ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਆਮ ਲੋਕਾਂ ਦੀ ਵਿਕਾਸ ਪ੍ਰਕਿਰਿਆ ਵਿਚ ਭਾਗੀਦਾਰੀ ਨਾਲ ਸਮੁੱਚਿਤ ਵਿਕਾਸ ਹਾਸਲ ਕਰਨ ਦਾ ਦ੍ਰਿੜ੍ਹ ਨਿਸ਼ਚਾ ਕੀਤਾ ਗਿਆ। ਉਂਜ ਪੰਚਾਇਤੀ ਰਾਜ ਸਾਡੇ ਦੇਸ਼ ਵਿਚ ਕੋਈ ਨਵੀਂ ਪ੍ਰਣਾਲੀ ਨਹੀਂ ਹੈ। ਭਾਰਤ ਸਮੇਤ, ਸਾਡੇ ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਆਦਿ ਵਿਚ ਇਹ ਪੁਰਾਤਨ ਕਾਲ ਤੋਂ ਚਲਦੀ ਆ ਰਹੀ ਹੈ। ਰਵਾਇਤੀ ਤੌਰ ਤੇ, ਪਿੰਡਾਂ ਵਿਚ ਪੰਚਾਇਤਾਂ ਲੋਕਾਂ ਦੇ ਆਪਸੀ ਝਗੜੇ ਨਿਪਟਾਉਂਣ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਤਾਲਮੇਲ ਵਧਾਉਣ ਦਾ ਜ਼ਰੀਆ ਸਮਝੀਆਂ ਜਾਂਦੀਆਂ ਸਨ ਪਰ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਅਤੇ ਖ਼ਾਸ ਤੌਰ ਤੇ 1950 ਵਿਚ ਅਪਣਾਏ ਸੰਵਿਧਾਨ ਅਤੇ 1952 ਤੋਂ ਸ਼ੁਰੂ ਹੋਈਆਂ ਪੰਜ ਸਾਲਾ ਯੋਜਨਾਵਾਂ ਵਿਚ ਪੰਚਾਇਤਾਂ ਨੂੰ ਮਜ਼ਬੂਤ ਕਰਨ ਅਤੇ ਸੱਤਾ ਦੇ ਵਿਕੇਂਦਰੀਕਰਨ ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ।

ਦੇਸ਼ ਦੇ ਵਿਕਾਸ ਵਿਚ, ਮੁੱਢਲੀ ਇਕਾਈ ਗ੍ਰਾਮ ਪੰਚਾਇਤ ਦੀ ਅਹਿਮ ਭੂਮਿਕਾ ਦੇ ਮਹੱਤਵ ਨੂੰ ਸਮਝਾਉਂਦੇ ਹੋਏ ਮਹਾਤਮਾ ਗਾਂਧੀ ਨੇ, 1946 ਵਿਚ, ਜਦੋਂ ਆਜ਼ਾਦੀ ਦਾ ਘੋਲ ਆਪਣੇ ਸਿਖਰ 'ਤੇ ਸੀ ਅਤੇ ਅੰਗਰੇਜ਼ੀ ਹਕੂਮਤ ਨੂੰ ਇਹ ਅਹਿਸਾਸ ਹੋ ਚੁੱਕਾ ਸੀ ਕਿ ਭਾਰਤ ਨੂੰ ਹੋਰ ਸਮਾਂ ਗੁਲਾਮ ਬਣਾ ਕੇ ਨਹੀਂ ਰਖਿਆ ਜਾ ਸਕਦਾ, ਕਿਹਾ ਸੀ ਕਿ ਭਾਰਤ ਦੀ ਆਜ਼ਾਦੀ ਸਭ ਤੋਂ ਥੱਲੇ, ਜ਼ਮੀਨੀ ਪੱਧਰ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਹਰ ਪਿੰਡ ਆਪਣੇ ਆਪ ਵਿਚ ਇਕ ਸਵੈ-ਨਿਰਭਰ ਗਣਤੰਤਰ ਹੋਣਾ ਚਾਹੀਦਾ ਹੈ ਅਤੇ ਪੰਚਾਇਤ ਨੂੰ ਸ਼ਕਤੀਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ। ਉਸ ਤੋਂ ਪਹਿਲਾਂ 26 ਜੁਲਾਈ 1942 ਦੇ 'ਹਰੀਜਨ' ਅੰਕ ਵਿਚ ਉਨ੍ਹਾਂ ਲਿਖਿਆ ਸੀ : "ਗ੍ਰਾਮ ਸਵਰਾਜ ਤੋਂ ਮੇਰਾ ਮਤਲਬ ਹੈ ਕਿ ਪਿੰਡ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੇ ਗੁਆਂਢੀਆਂ ਦੇ ਸਹਾਰੇ ਨਾ ਰਹੇ ਅਤੇ ਪਿੰਡ ਆਪਣੇ ਆਪ ਵਿਚ ਇਕ ਗਣਤੰਤਰ ਹੋਣਾ ਚਾਹੀਦਾ ਹੈ। ਪਰ ਜਿਥੇ ਨਿਰਭਰਤਾ ਜ਼ਰੂਰੀ ਹੋਵੇ, ਉਥੇ ਆਪਸੀ ਨਿਰਭਰਤਾ ਹੋਣੀ ਚਾਹੀਦੀ ਹੈ। ਇਸ ਲਈ ਹਰ ਪਿੰਡ ਦਾ ਪਹਿਲਾ ਕਰਤਵ ਹੋਵੇਗਾ ਕਿ ਉਹ ਆਪਣੇ ਲੋਕਾਂ ਦੀ ਖੁਰਾਕ ਪੂਰਤੀ ਲਈ ਫ਼ਸਲਾਂ ਪੈਦਾ ਕਰੇ ਅਤੇ ਕੱਪੜੇ ਲਈ ਕਪਾਹ ਦਾ ਉਤਪਾਦਨ ਕਰੇ। ... ਹਰ ਪਿੰਡ ਇਕ ਸਭਾ ਸਥਾਨ, ਸਕੂਲ ਅਤੇ ਜਨਤਕ ਹਾਲ ਉਸਾਰੇ। ਸਵੱਛ ਪਾਣੀ ਦੀ ਪੂਰਤੀ ਲਈ ਉਸ ਦੀ ਆਪਣੀ ਪਾਣੀ ਪੂਰੀ ਪ੍ਰਣਾਲੀ ਹੋਵੇ ਜੋ ਖੂਹਾਂ ਅਤੇ ਤਲਾਬਾਂ ਤੋਂ ਪੂਰਤੀ ਕੀਤੀ ਜਾ ਸਕਦੀ ਹੈ। ਮੁੱਢਲੇ ਬੁਨਿਆਦੀ ਕੋਰਸ ਤਕ ਸਿੱਖਿਆ ਲਾਜ਼ਮੀ ਹੋਵੇ ਅਤੇ ਜਿਥੋਂ ਤਕ ਸੰਭਵ ਹੋ ਸਕੇ, ਹਰ ਸਰਗਰਮੀ ਸਭ ਦੀ ਭਾਈਵਾਲੀ ਨਾਲ ਚਲਾਈ ਜਾਵੇ। ਪਿੰਡ ਦਾ ਕੰਮਕਾਜ ਚਲਾਉਣ ਲਈ ਪੰਜ ਪਤਵੰਤਿਆਂ ਦੀ ਪੰਚਾਇਤ ਹੋਵੇ ਜੋ ਬਾਲਗ ਮਰਦਾਂ ਅਤੇ ਔਰਤਾਂ ਰਾਹੀਂ ਹਰ ਸਾਲ ਚੁਣੇ ਜਾਣ। ਉਨ੍ਹਾਂ ਨੂੰ ਹਰ ਖੇਤਰ ਵਿਚ ਕੰਮਕਾਜ ਦੀ ਪੂਰੀ ਆਜ਼ਾਦੀ ਅਤੇ ਸ਼ਕਤੀ ਪ੍ਰਾਪਤ ਹੋਵੇ।"

ਮਹਾਤਮਾ ਗਾਂਧੀ ਦੇ ਹਰ ਪਿੰਡ ਨੂੰ ਸਵੈ ਨਿਰਭਰ ਬਣਾਉਣ ਅਤੇ ਵਿਕੇਂਦਰੀਕ੍ਰਿਤ ਸਾਧਨ ਪ੍ਰਣਾਲੀ ਦੇ ਇਸ ਸੁਫਨੇ ਨੂੰ ਸਾਕਾਰ ਕਰਨ ਲਈ ਦੇਸ਼ ਵਿਚ ਸਭ ਤੋਂ ਹੇਠਲੇ ਪੱਧਰ ਤੋਂ ਯੋਜਨਾਬੰਦੀ ਸ਼ੁਰੂ ਹੋਣ ਦੇ ਨਾਲ-ਨਾਲ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਉਪਰਾਲੇ ਕੀਤੇ ਗਏ। ਪਰ ਪਹਿਲੀ ਪੰਜ ਸਾਲਾ ਯੋਜਨਾ ਦੇ ਸਮੇਂ ਦੌਰਾਨ ਪ੍ਰਸ਼ਾਸਨ ਵਿਚ ਲੋਕਾਂ ਦੀ ਭਾਈਵਾਲੀ ਅਤੇ ਸਮੁੱਚੇ

ਵਿਕਾਸ ਨੂੰ ਹਾਸਲ ਕਰਨ ਵੱਲ ਕੁਝ ਖ਼ਾਸ ਪ੍ਰਾਪਤੀਆਂ ਨਹੀਂ ਹੋ ਸਕੀਆਂ। ਕੇਂਦਰ ਸਰਕਾਰ ਵਲੋਂ ਪੰਜ ਸਾਲਾ ਯੋਜਨਾਵਾਂ ਰਾਹੀਂ ਪਿੰਡਾਂ ਦੇ ਵਿਕਾਸ 'ਤੇ ਜ਼ੋਰ ਦੇ ਨਾਲ-ਨਾਲ ਵੱਖ-ਵੱਖ ਰਾਜ ਸਰਕਾਰਾਂ ਨੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਕਾਨੂੰਨ ਬਣਾਏ। ਪਿੰਡਾਂ ਦੇ ਵਿਕਾਸ ਲਈ ਸਮਾਜਿਕ ਅਤੇ ਆਰਥਿਕ ਲਾਮਬੰਦੀ ਨੂੰ ਅਹਿਮ ਸਮਝਦੇ ਹੋਏ, ਯੋਜਨਾਕਾਰਾਂ ਨੇ ਦੂਜੀ ਪੰਜ ਸਾਲਾ ਯੋਜਨਾ ਵਿਚ ਸਮੁੱਚੇ ਦੇਸ਼ ਨੂੰ ਵਿਕਾਸ ਖੰਡਾਂ ਵਿਚ ਵੰਡ ਕੇ ਬਲਾਕ ਵਿਕਾਸ ਅਫ਼ਸਰ ਅਤੇ ਪਿੰਡ ਪੱਧਰ ਦੇ ਵਿਕਾਸ ਕਰਮਚਾਰੀ ਨਿਯੁਕਤ ਕਰਨ ਦਾ ਸੁਝਾਅ ਦਿਤਾ। ਇਸ ਦੇ ਨਾਲ-ਨਾਲ ਪਿੰਡਾਂ ਵਿਚ ਪੰਚਾਂ ਨੂੰ ਅਧਿਕਾਰਕ ਦਰਜਾ ਦੇ ਕੇ ਪੰਚਾਇਤੀ ਨੁਮਾਇੰਦਿਆਂ ਨੂੰ ਨਾਮਜ਼ਦ ਕਰਨ ਅਤੇ ਦੇਸ਼ਵਿਆਪੀ ਸਹਿਕਾਰਤਾ ਲਹਿਰ ਚਲਾ ਕੇ ਸਹਿਕਾਰਤਾ ਕਮੇਟੀਆਂ ਸਥਾਪਤ ਕਰਨ ਦਾ ਸੁਝਾਅ ਦਿਤਾ। ਇਸ ਨਾਲ ਲੋਕਾਂ ਵਿਚ ਜਾਗਰੂਕਤਾ ਆਈ ਪਰ ਸਦੀਆਂ ਤੋਂ ਗੁਲਾਮ ਰਹੇ ਦੇਸ਼ ਦੀ ਮਾਨਸਿਕਤਾ ਬਦਲਣ ਲਈ ਹੋਰ ਉਪਰਾਲਿਆਂ ਦੀ ਲੋੜ ਮਹਿਸੂਸ ਕੀਤੀ ਗਈ।

ਰਾਜ ਸ਼ਕਤੀਆਂ ਦੇ ਪੇਂਡੂ ਪੱਧਰ ਤਕ ਵਿਕੇਂਦਰੀਕਰਨ ਤੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਨੇ ਬਲਵੰਤ ਰਾਇ ਮਹਿਤਾ ਦੀ ਅਗਵਾਈ ਹੇਠ ਕਮੇਟੀ ਦਾ ਗਠਨ ਕੀਤਾ ਜਿਸ ਨੇ ਜਨਵਰੀ 1957 ਵਿਚ ਅਹਿਮ ਸੁਝਾਅ ਦਿਤਾ ਕਿ ਮਜ਼ਬੂਤ ਅਤੇ ਚਿਰਕਾਲੀ ਵਿਕਾਸ ਸਮਾਜ ਨੂੰ ਯੋਜਨਾਬੰਦੀ ਬਾਰੇ ਫ਼ੈਸਲੇ ਲੈਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨ ਨਾਲ ਹੋ ਸਕਦਾ ਹੈ। ਕਮੇਟੀ ਦੀਆਂ ਸਿਫ਼ਾਰਸ਼ਾਂ ਉਪਰ 1958 ਵਿਚ ਰਾਸ਼ਟਰੀ ਵਿਕਾਸ ਕੌਂਸਿਲ ਦੀ ਬੈਠਕ ਨੇ ਮੋਹਰ ਲਾ ਦਿਤੀ।

ਬਲਵੰਤ ਰਾਇ ਮਹਿਤਾ ਕਮੇਟੀ ਨੇ ਸ਼ਾਸਨ ਪ੍ਰਣਾਲੀ ਵਿਚ ਲੋਕਾਂ ਦੀ ਸਹੀ ਭਾਗੀਦਾਰੀ ਲਈ ਪ੍ਰਸ਼ਾਸਨ ਦੇ ਵਿਕੇਂਦਰੀਕਰਨ ਲਈ ਛੋਟੀ ਤੋਂ ਛੋਟੀ ਇਕਾਈ, ਪੰਚਾਇਤ ਨੂੰ ਸਥਾਨਕ ਮੁੱਦਿਆਂ ਬਾਰੇ ਫ਼ੈਸਲੇ ਲੈਣ ਅਤੇ ਸਥਾਨਕ ਭਲਾਈ ਯੋਜਨਾਵਾਂ ਲਾਗੂ ਕਰਨ ਲਈ ਲੋੜੀਂਦੇ ਸਰੋਤ ਅਤੇ ਸ਼ਕਤੀਆਂ ਦੇਣ ਦੀ ਸਿਫ਼ਾਰਸ਼ ਕੀਤੀ ਅਤੇ ਪੰਚਾਇਤ ਦੇ ਨੁਮਾਇੰਦਿਆਂ ਨੂੰ ਨਾਮਜ਼ਦ ਨਾ ਕਰਕੇ ਉਨ੍ਹਾਂ ਦੀ ਲੋਕਤੰਤਰੀ ਤਰੀਕੇ ਚੋਣ ਕਰਨ ਦੀ ਸਿਫ਼ਾਰਸ਼ ਕੀਤੀ। ਵਿਕਾਸ ਕਾਰਜਾਂ ਵਿਚ ਸਰਕਾਰੀ ਨਿਯੰਤਰਨ ਘਟਾਉਣ ਲਈ ਬਲਾਕ ਪੱਧਰ 'ਤੇ ਚੁਣੀਆਂ ਹੋਈਆਂ ਬਲਾਕ ਕਮੇਟੀਆਂ ਸਥਾਪਤ ਕਰਨ ਦਾ ਸੁਝਾਅ ਦਿਤਾ ਗਿਆ ਜਿਨ੍ਹਾਂ ਦੀ ਮਿਆਦ ਪੰਜ ਸਾਲ ਮਿਥੀ ਗਈ। ਇਨ੍ਹਾਂ ਸਿਫ਼ਾਰਸ਼ਾਂ ਦੇ ਲਾਗੂ ਹੋਣ ਦੇ ਬਾਵਜੂਦ, ਪੰਚਾਇਤੀ ਰਾਜ ਸੰਸਥਾਨਾਂ ਨੂੰ ਲੋੜੀਂਦੀਆਂ ਸ਼ਕਤੀਆਂ ਅਤੇ ਵਿਕਾਸ ਵਿਚ ਉਨ੍ਹਾਂ ਦੀ ਭਾਗੀਦਾਰੀ ਨੂੰ ਬਹੁਤ ਹੁੰਗਾਰਾ ਨਾ ਮਿਲ ਸਕਿਆ ਜਿਸ ਦਾ ਮੁੱਖ ਕਾਰਨ ਸੀ ਸਰਕਾਰੀ ਮਸ਼ੀਨਰੀ, ਰਾਜਨੀਤਕ ਦਲਾਂ ਅਤੇ ਸੱਤਾ ਉਪਰ ਕਾਬਜ਼ ਨੇਤਾਵਾਂ ਅਤੇ ਵੱਡੇ ਜ਼ਮੀਂਦਾਰਾਂ ਅਤੇ ਉੱਚ ਵਰਗ ਵਲੋਂ ਕਲਿਆਣਕਾਰੀ ਯੋਜਨਾਵਾਂ ਤੋਂ ਮਿਲਣ ਵਾਲੇ ਲਾਭਾਂ ਨੂੰ ਆਪਣੇ ਸੁਆਰਥ ਅਤੇ ਆਪਣੇ ਹਿਤਾਂ ਦੀ ਪੂਰਤੀ ਲਈ ਵਰਤੋਂ ਕਰਨਾ ਅਤੇ ਆਮ ਲੋਕਾਂ ਨੂੰ ਜੋ ਵਧੇਰੇ ਕਰਕੇ ਗਰੀਬ ਅਤੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਸਨ, ਨੂੰ ਇਨ੍ਹਾਂ ਕਲਿਆਣਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਨਾ ਹੋਣਾ ਸੀ।

ਪੰਚਾਇਤੀ ਰਾਜ ਪ੍ਰਣਾਲੀ ਵਿਚ ਆਈਆਂ ਊਣਤਾਈਆਂ ਨੂੰ ਦੂਰ ਕਰਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਸੁਝਾਅ ਦੇਣ ਲਈ ਇਕ ਹੋਰ ਕਮੇਟੀ, ਅਸ਼ੋਕ ਮਹਿਤਾ ਕਮੇਟੀ ਦਾ ਗਠਨ ਕੀਤਾ। ਸੱਤਾ ਦੇ ਵਿਕੇਂਦਰੀਕਰਨ ਉਪਰ ਜ਼ੋਰ ਦਿੰਦੇ ਹੋਏ ਇਸ ਕਮੇਟੀ ਨੇ ਵੀ ਸਥਾਨਕ ਸਮੱਸਿਆਵਾਂ ਦੇ ਹੱਲ ਅਤੇ ਸਥਾਨਕ ਵਿਕਾਸ ਕਾਰਜਾਂ ਨੂੰ ਲਾਗੂ ਕਰਨ ਲਈ ਮੰਡਲ ਪੰਚਾਇਤਾਂ ਅਤੇ ਜ਼ਿਲ੍ਹਾ ਪਰਿਸ਼ਦ ਨੂੰ ਯੋਜਨਾਬੰਦੀ ਅਤੇ ਵਿਕਾਸ ਕਾਰਜਾਂ ਨੂੰ ਸਿਰੇ ਚੜ੍ਹਾਉਣ ਲਈ ਧਨ ਰਾਸ਼ੀ ਉਪਲਬਧ ਕਰਾਉਣ ਅਤੇ ਵਧੇਰੇ ਸ਼ਕਤੀਆਂ ਦੇਣ ਦੀ ਸਿਫ਼ਾਰਸ਼ ਕੀਤੀ। ਪੰਚਾਇਤੀ ਰਾਜ ਸੰਸਥਾਨਾਂ ਵਿਚ ਹਰ ਵਰਗ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਅਸ਼ੋਕ ਮਹਿਤਾ ਕਮੇਟੀ ਨੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਇਨ੍ਹਾਂ ਸੰਸਥਾਨਾਂ ਵਿਚ ਸੀਟਾਂ ਰਾਖਵੀਆਂ ਕਰਨ ਦਾ ਵੀ ਸੁਝਾਅ ਦਿਤਾ। ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਵੀ, ਪੇਂਡੂ ਵਿਕਾਸ ਵਿਚ ਲੋੜੀਂਦੀ ਗਤੀ ਨਹੀਂ ਆ ਸਕੀ ਅਤੇ ਪੇਂਡੂ ਖੇਤਰਾਂ ਵਿਚ ਗਰੀਬੀ ਅਤੇ ਅਗਿਆਨਤਾ ਘਟਾਉਣ ਦਾ ਮਨੋਰਥ ਪੂਰਾ ਨਾ ਹੋ ਸਕਿਆ। ਲੋਕ ਪੱਖੀ ਇਸ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ 1985 ਵਿਚ ਜੀ.ਵੀ.ਕੇ ਰਾਓ ਕਮੇਟੀ ਅਤੇ 1986 ਵਿਚ ਐਲ.ਐਮ. ਸਿੰਘਵੀ ਕਮੇਟੀ ਸਥਾਪਤ ਕੀਤੀ। ਇਨ੍ਹਾਂ ਕਮੇਟੀਆਂ ਨੇ ਵਿਕੇਂਦਰੀਕ੍ਰਿਤ ਲੋਕਤੰਤਰਿਕ ਪ੍ਰਣਾਲੀ ਵਿਚ ਗ੍ਰਾਮ ਸਭਾ ਨੂੰ ਦੇਸ਼ ਦੇ ਪੇਂਡੂ ਵਿਕਾਸ ਦੀ ਧੁਰੀ ਦਾ ਦਰਜਾ ਦਿਤਾ। ਐੱਲ ਐੱਮ ਸਿੰਘਵੀ ਕਮੇਟੀ ਨੇ ਸਥਾਨਕ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਕ ਦਰਜਾ ਦੇਣ ਦੀ ਵੀ ਸਿਫ਼ਾਰਸ਼ ਕੀਤੀ ਪਰ ਇਸ ਉਪਰ ਆਮ ਰਾਇ ਨਹੀਂ ਬਣ ਸਕੀ। ਕੁਝ ਰਾਜਨੀਤਕ ਦਲਾਂ ਦੇ ਵਿਰੋਧ ਦੇ ਬਾਵਜੂਦ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਜੋ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਸੱਤਾ ਦੇ ਵਿਕੇਂਦਰੀਕਰਨ ਦੇ ਪੁਰਜ਼ੋਰ ਹਮਾਇਤੀ ਸਨ, ਨੇ ਸੰਸਦ ਵਿਚ ਸੰਵਿਧਾਨਕ ਤਰਮੀਮ ਬਿਲ ਪੇਸ਼ ਕੀਤਾ। ਇਸ ਬਿਲ ਨੂੰ ਲੋਕ ਸਭਾ ਵਿਚ ਤਾਂ ਮਨਜ਼ੂਰੀ ਮਿਲ ਗਈ ਪਰ ਰਾਜ ਸਭਾ ਵਿਚ ਇਹ ਲੋੜੀਂਦਾ ਦੋ ਤਿਹਾਈ ਮੱਤ ਨਾ ਜੁਟਾ ਸਕਿਆ ਅਤੇ ਡਿੱਗ ਗਿਆ।

ਅਖੀਰ 1992 ਵਿਚ, ਸੰਸਦ ਨੇ ਪਿਛਲੇ ਬਿਲ ਵਿਚ ਕੁਝ ਸੋਧਾਂ ਨਾਲ 73ਵਾਂ ਸੋਧ ਬਿਲ ਪਾਸ ਕਰਕੇ ਉਸ ਨੂੰ ਕਾਨੂੰਨ ਦੀ ਸ਼ਕਲ ਦਿਤੀ ਜੋ 24 ਅਪ੍ਰੈਲ 1993 ਨੂੰ ਸਮੁੱਚੇ ਦੇਸ਼ ਵਿਚ ਲਾਗੂ ਹੋ ਗਿਆ। ਇਸ ਦਾ ਮਕਸਦ ਪਿੰਡਾਂ ਵਿਚ ਲੋਕਾਂ ਦੀ ਸੱਤਾ ਵਿਚ ਭਾਗੀਦਾਰੀ ਯਕੀਨੀ ਬਣਾ ਕੇ ਪੇਂਡੂ ਗਰੀਬੀ ਨੂੰ ਘਟਾਉਣਾ ਸੀ ਅਤੇ ਲੋਕਤੰਤਰ ਜੋ ਉਸ ਵੇਲੇ ਤਕ ਰਾਸ਼ਟਰੀ ਅਤੇ ਰਾਜ ਪੱਧਰ ਤਕ ਸੀਮਤ ਸੀ, ਨੂੰ ਪਿੰਡਾਂ ਤਕ ਲੈ ਜਾਣਾ ਸੀ। ਇਸ ਕਾਨੂੰਨ ਤਹਿਤ ਸਮੁੱਚੇ ਦੇਸ਼ ਵਿਚ ਪੰਚਾਇਤੀ ਰਾਜ ਦਾ ਤਿੰਨ ਪੱਧਰੀ ਢਾਂਚਾ, ਗ੍ਰਾਮ ਪੰਚਾਇਤ, ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਲਾਗੂ ਕੀਤਾ ਗਿਆ ਜੋ ਅੱਜ ਤਕ ਚਲ ਰਿਹਾ ਹੈ। ਪੰਚਾਇਤੀ ਰਾਜ ਸੰਸਥਾਨਾਂ ਦੇ ਸਾਰੇ ਮੈਂਬਰ ਅਤੇ ਮੁਖੀ ਸਿੱਧੀ ਚੋਣ ਪ੍ਰਣਾਲੀ ਰਾਹੀ ਚੁਣਨ ਅਤੇ ਔਰਤਾਂ ਲਈ ਪੰਚਾਇਤਾਂ ਵਿਚ ਇਕ ਤਿਹਾਈ ਸੀਟਾਂ ਰਾਖਵੀਆਂ ਕਰਨ ਅਤੇ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਲਈ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿਚ ਸੀਟਾਂ ਰਾਖਵੀਆਂ ਕਰਨ ਦੀ ਧਾਰਾ ਸ਼ਾਮਿਲ ਕੀਤੀ ਗਈ। ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਪੰਚਾਇਤੀ ਚੋਣਾਂ ਦੀ ਦੇਖ-ਰੇਖ ਰਾਜ ਪੱਧਰੀ ਚੋਣ ਆਯੋਗ ਵਲੋਂ ਕਰਵਾਉਣ ਦਾ ਪ੍ਰਬੰਧ ਵੀ ਕੀਤਾ ਗਿਆ। ਪੰਚਾਇਤੀ ਰਾਜ ਸੰਸਥਾਨਾਂ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਅਤੇ ਹੋਰ ਪੂੰਜੀ ਦੀ ਸਹੀ ਵਰਤੋਂ ਦੀ ਦੇਖ-ਰੇਖ ਦਾ ਕੰਮ ਰਾਜ ਪੱਧਰੀ ਵਿੱਤ ਆਯੋਗ ਨੂੰ ਸੌਂਪਿਆ ਗਿਆ। ਦੇਸ਼ ਦੇ ਹਰ ਜ਼ਿਲ੍ਹੇ

*ਬਾਕੀ ਸਫ਼ਾ 39 ਉੱਤੇ*

# ਸਾਡਾ ਸੰਵਿਧਾਨ-ਸਾਡਾ ਮਾਣ : ਆਪਣੇ ਫ਼ਰਜ਼ ਪਛਾਈਏ

ਰਣਜੀਤ ਸਿੰਘ

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਭਾਰਤੀ ਸੰਵਿਧਾਨ ਨੂੰ ਸਰਵ-ਸ੍ਰੇਸ਼ਟ ਆਖਿਆ ਜਾਂਦਾ ਹੈ। ਇਸ ਦੀ ਰਚਨਾ ਬੜੀ ਸੋਚ-ਵਿਚਾਰ ਪਿੱਛੋਂ ਅਤੇ ਸੰਸਾਰ ਦੇ ਮੁੱਖ ਸੰਵਿਧਾਨਾਂ ਦੀ ਘੋਖ ਬਾਅਦ ਕੀਤੀ ਗਈ ਹੈ। ਇਸ ਦਾ ਆਰੰਭ ਲੋਕਰਾਜੀ ਦੇਸ਼ ਦੀ ਪਰਿਭਾਸ਼ਾ ਨਾਲ ਕੀਤਾ ਗਿਆ ਹੈ। ਭਾਰਤ ਨੂੰ ਖ਼ੁਦਮੁਖਤਿਆਰ ਲੋਕਰਾਜੀ ਗਣਤੰਤਰ ਆਖਿਆ ਗਿਆ ਹੈ। ਸੰਨ 1976 ਵਿਚ ਇਕ ਸੋਧ ਰਾਹੀਂ ਇਸ ਪਰਿਭਾਸ਼ਾ ਦਾ ਵਿਸਥਾਰ ਕੀਤਾ ਗਿਆ। ਹੁਣ ਇਸ ਨੂੰ ਖ਼ੁਦਮੁਖਤਿਆਰ, ਸਮਾਜਵਾਦੀ, ਧਰਮ-ਨਿਰਪੇਖ ਲੋਕਰਾਜੀ ਗਣਤੰਤਰ ਆਖਿਆ ਜਾਂਦਾ ਹੈ। ਅਜਿਹਾ ਲੋਕਰਾਜ ਸੰਸਾਰ ਦੇ ਹੋਰ ਕਿਸੇ ਵੀ ਦੇਸ਼ ਵਿਚ ਨਹੀਂ ਹੈ।

ਭਾਰਤੀ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਇਸੇ ਕਰਕੇ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਮੁੱਖ ਪਰੇਡ ਦਿੱਲੀ ਵਿਖੇ ਹੁੰਦੀ ਹੈ ਜਿਸ ਦੀ ਸਲਾਮੀ ਦੇਸ਼ ਦੇ ਰਾਸ਼ਟਰਪਤੀ ਵਲੋਂ ਲਈ ਜਾਂਦੀ ਹੈ। ਇਸ ਪਰੇਡ ਵਿਚ ਦੇਸ਼ ਦੇ ਸਰਬਪੱਖੀ ਵਿਕਾਸ ਦੀਆਂ ਝਲਕੀਆਂ, ਫੌਜੀ ਤਾਕਤ ਦਾ ਪ੍ਰਦਰਸ਼ਨ, ਰਾਜਾਂ ਦੀ ਪ੍ਰਗਤੀ ਤੇ ਦੇਸ਼ ਦੇ ਅਮੀਰ ਸਭਿਆਚਾਰਕ ਵਿਰਸੇ ਦਾ ਵਿਖਾਵਾ ਕੀਤਾ ਜਾਂਦਾ ਹੈ। ਹਰ ਪੱਧਰ ਉਤੇ ਛੋਟੇ ਸਮਾਗਮ ਵੀ ਹੁੰਦੇ ਹਨ ਜਿਥੇ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ। ਦੇਸ਼ ਦੇ ਸਾਰੇ ਨਾਗਰਿਕ ਇਸ ਦਿਨ ਕੰਮਾਂਕਾਰਾਂ ਤੋਂ ਛੁੱਟੀ ਕਰਕੇ ਲੋਕਰਾਜ ਦਾ ਤਿਉਹਾਰ ਮਨਾਉਂਦੇ ਹਨ ਉਥੇ ਦੇਸ਼ ਪ੍ਰਤਿ ਆਪਣੇ ਫ਼ਰਜ਼ਾਂ ਦਾ ਪ੍ਰਗਟਾਵਾ ਵੀ ਕਰਦੇ ਹਨ। ਸਾਨੂੰ ਆਪਣੇ ਸੰਵਿਧਾਨ ਉਤੇ ਮਾਣ ਹੈ ਕਿਉਂਕਿ ਇਹ ਸਾਰੇ ਸੰਸਾਰ ਵਿਚ ਨਿਵੇਕਲਾ ਤੇ ਵਧੀਆ ਸੰਵਿਧਾਨ ਹੈ। ਜਿਹੜੇ ਅਧਿਕਾਰ ਨਾਗਰਿਕਾਂ ਨੂੰ ਦਿਤੇ ਗਏ ਹਨ, ਸ਼ਾਇਦ ਇਸ ਦੀ ਮਿਸਾਲ ਹੋਰ ਕਿਧਰੇ ਨਹੀਂ ਹੈ। ਇਹ ਵੀ ਇਸ ਦੀ ਸਭ ਤੋਂ ਵੱਡੀ ਖ਼ੂਬੀ ਹੈ ਕਿ ਇਹ ਅਧਿਕਾਰ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਵਿਤਕਰੇ ਅਤੇ ਭੇਦਭਾਵ ਤੋਂ ਬਰਾਬਰ ਦਿਤੇ ਗਏ ਹਨ।

ਸੰਵਿਧਾਨ ਦਾ ਮੂਲ ਸਰੂਪ ਇਸ ਦੇ ਆਰੰਭਲੇ ਸ਼ਬਦਾਂ ਤੋਂ ਗਿਆਤ ਹੋ ਜਾਂਦਾ ਹੈ। ਇਸ ਦੀ ਦੇਸ਼ ਦੇ ਸਾਰੇ ਨਾਗਰਿਕਾਂ ਲਈ ਵਿਸ਼ੇਸ਼ ਮਹੱਤਤਾ ਹੈ। ਇਹ ਦੇਸ਼ ਦੇ ਸਾਰੇ ਨਾਗਰਿਕਾਂ ਵਲੋਂ ਆਪਣੇ ਦੇਸ਼ ਅਤੇ ਸੰਵਿਧਾਨ ਪ੍ਰਤਿ ਵਫ਼ਾਦਾਰੀ ਦੀ ਸੁਗੰਧ ਹੈ। ਇਸ ਦੀ ਪ੍ਰਸਤਾਵਨਾ ਦਾ ਆਰੰਭ ਇੰਝ ਹੁੰਦਾ ਹੈ, "ਅਸੀਂ ਭਾਰਤ ਦੇ ਸਾਰੇ ਵਾਸੀ ਅੱਜ ਪੂਰੀ ਈਮਾਨਦਾਰੀ ਨਾਲ ਭਾਰਤ ਨੂੰ ਖ਼ੁਦ ਮੁਖਤਿਆਰ, ਸਮਾਜਵਾਦੀ, ਧਰਮ ਨਿਰਪੇਖ, ਲੋਕਰਾਜੀ ਗਣਤੰਤਰ ਬਣਾਉਣ ਦਾ ਪ੍ਰਣ ਕਰਦੇ ਹਾਂ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਇਨਸਾਫ਼ – ਸਮਾਜਿਕ, ਆਰਥਿਕ ਤੇ ਰਾਜਨੀਤਕ ਧਾਰਮਿਕ ਸੁਤੰਤਰਤਾ, ਰੁਤਬੇ ਅਤੇ ਮੌਕਿਆਂ ਵਿਚ ਬਰਾਬਰੀ ਅਤੇ ਸਾਰਿਆਂ ਵਿਚ ਭਾਈਚਾਰੇ ਨੂੰ ਵਿਕਸਤ ਕਰਨ ਦਾ ਅਹਿਦ ਕਰਦੇ ਹਾਂ ਤਾਂ ਜੋ ਹਰੇਕ ਵਿਅਕਤੀ ਦਾ ਸਤਿਕਾਰ, ਰਾਸ਼ਟਰੀ ਇਕਜੁੱਟਤਾ ਅਤੇ ਏਕਤਾ ਨੂੰ ਬਣਾਈ ਰਖਿਆ ਜਾ ਸਕੇ। ਅੱਜ ਨਵੰਬਰ 1949 ਦੇ 26ਵੇਂ ਦਿਨ ਸੰਵਿਧਾਨਕ ਅਸੈਂਬਲੀ ਵਿਚ ਇਸ ਸੰਵਿਧਾਨ ਨੂੰ ਬਣਾ ਤੇ ਪ੍ਰਵਾਨ ਕਰਕੇ ਅਸੀਂ ਆਪਣੇ ਆਪ ਨੂੰ ਭੇਂਟ ਕਰਦੇ ਹਾਂ।"

ਜੇ ਇਨ੍ਹਾਂ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਆਰੰਭਤਾ 'ਅਸੀਂ ਭਾਰਤ ਦੇ ਲੋਕ' ਨਾਲ ਹੁੰਦੀ ਹੈ ਅਤੇ ਅੰਤ ਵਿਚ ਆਖਿਆ ਗਿਆ 'ਆਪਣੇ ਆਪ ਨੂੰ ਭੇਂਟ ਕਰਦੇ ਹਾਂ'। ਇਨ੍ਹਾਂ ਸ਼ਬਦਾਂ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸੰਵਿਧਾਨ ਨੂੰ ਭਾਰਤ ਦੇ ਲੋਕਾਂ ਨੇ ਆਪ ਲਿਖਿਆ ਹੈ। ਇਹ ਸਾਡੇ ਉੱਤੇ ਕਿਸੇ ਹੋਰ ਨੇ ਨਹੀਂ ਥੋਪਿਆ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਹੁਣ ਦੇਸ਼ ਵਿਚ ਲੋਕ ਰਾਜ ਹੀ ਪ੍ਰਧਾਨ ਹੈ। ਸ਼ਕਤੀ ਲੋਕਾਂ ਦੇ ਹੱਥਾਂ ਵਿਚ ਹੈ ਅਤੇ ਲੋਕ ਜਿਨ੍ਹਾਂ ਨੂੰ ਇਹ ਸ਼ਕਤੀ ਬਖਸ਼ਦੇ ਹਨ ਉਨ੍ਹਾਂ ਨੂੰ ਲੋਕਾਂ ਸਾਹਮਣੇ ਜਵਾਬਦੇਹ ਹੋਣਾ ਪੈਂਦਾ ਹੈ ਅਤੇ ਲੋਕ ਹੀ ਇਹ ਸ਼ਕਤੀ ਵਾਪਸ ਵੀ ਲੈ ਸਕਦੇ ਹਨ। ਲੋਕਰਾਜ ਦੀ ਪਰਿਭਾਸ਼ਾ ਅਮਰੀਕਾ ਦੇ ਪ੍ਰਸਿੱਧ ਰਾਸ਼ਟਰਪਤੀ ਲਿੰਕਨ ਨੇ ਇਸ ਪ੍ਰਕਾਰ ਦਿਤੀ ਸੀ, "ਲੋਕਾਂ ਦਾ, ਲੋਕਾਂ ਦੁਆਰਾ ਅਤੇ ਲੋਕਾਂ ਲਈ ਬਣਾਇਆ ਰਾਜ"। ਸਾਡਾ ਸੰਵਿਧਾਨ ਹੂ-ਬ-ਹੂ ਇਸੇ ਅਨੁਸਾਰ ਹੈ। ਸਾਡਾ ਦੇਸ਼ ਅੰਦਰੋਂ-ਬਾਹਰੋਂ ਗਣਤੰਤਰ ਹੈ। ਲੋਕ ਆਪਣੀ ਸਰਕਾਰ ਆਪ ਚੁਣਦੇ ਹਨ। ਇਸ ਚੋਣ ਵਿਚ ਕੋਈ ਬਾਹਰੀ ਅਤੇ ਅੰਦਰੂਨੀ ਪ੍ਰਭਾਵ ਨਹੀਂ ਹੈ। ਨਾਗਰਿਕ ਹੀ ਸਭ ਤੋਂ ਉੱਤੇ ਹਨ। ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਵੋਟ ਦਾ ਇਕੋ ਜਿਹਾ ਹੱਕ ਹੈ। ਅਸਲ ਵਿਚ, ਲੋਕਰਾਜ ਲੋਕਾਂ ਦਾ ਆਪਣਾ ਰਾਜ ਹੁੰਦਾ ਹੈ। ਉਹ ਸਰਕਾਰ ਅਤੇ ਰਾਜ ਚਲਾਉਣ ਲਈ ਆਪਣੇ ਵਿਚੋਂ ਹੀ ਆਗੂਆਂ ਦੀ ਚੋਣ ਕਰਦੇ ਹਨ। ਇਨ੍ਹਾਂ ਆਗੂਆਂ ਦੀ ਸਹਾਇਤਾ ਲਈ ਕਰਮਚਾਰੀਆਂ ਦੀ ਭਰਤੀ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਲੋਕਾਂ ਦੇ ਸੇਵਕ ਆਖਿਆ ਗਿਆ ਹੈ। ਸਾਰੇ ਕਰਮਚਾਰੀਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਪੂਰੀ ਈਮਾਨਦਾਰੀ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ। ਸਾਡੇ ਦੇਸ਼ ਵਿਚ ਲੋਕ ਸ਼ਕਤੀ ਹੀ ਸਭ ਤੋਂ ਵੱਡੀ ਸ਼ਕਤੀ ਹੈ। ਜਿਥੇ ਸਾਨੂੰ ਆਪਣੀ ਇਸ ਸ਼ਕਤੀ ਉਤੇ ਮਾਣ ਕਰਨਾ ਚਾਹੀਦਾ ਹੈ ਉਥੇ ਸਾਡਾ, ਭਾਵ ਸਾਰੇ ਨਾਗਰਿਕਾਂ ਦਾ ਫ਼ਰਜ਼ ਵੀ ਬਣਦਾ ਹੈ ਕਿ ਇਸ ਸ਼ਕਤੀ ਦੀ ਸਹੀ ਅਤੇ ਪੂਰੀ ਵਰਤੋਂ ਕੀਤੀ ਜਾਵੇ। ਚੋਣਾਂ ਵਿਚ

ਆਪਣੀ ਵੋਟ ਪਾ ਕੇ ਹੀ ਇਸ ਸ਼ਕਤੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਈਮਾਨਦਾਰੀ, ਮਿਹਨਤੀ ਅਤੇ ਲੋਕ ਹਿਤੂ ਆਗੂਆਂ ਨੂੰ ਵੋਟ ਪਾਉਣਾ ਆਪਣੀ ਸ਼ਕਤੀ ਦੀ ਸਹੀ ਵਰਤੋਂ ਹੈ। ਪਿੰਡ ਅਤੇ ਸ਼ਹਿਰ ਪੱਧਰ ਤੋਂ ਲੈ ਕੇ ਸੰਸਦ ਵਿਚ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਨ ਦਾ ਅਹਿਦ ਕੀਤਾ ਗਿਆ ਹੈ। ਇਸ ਦਾ ਭਾਵ ਹੈ ਕਿ ਸਮਾਜ ਵਿਚੋਂ ਸਮਾਜਿਕ ਅਤੇ ਆਰਥਿਕ ਵੰਡੀਆਂ ਨੂੰ ਤੋੜਨਾ ਅਤੇ ਸਭਨਾਂ ਨੂੰ ਬਰਾਬਰ ਦਾ ਰੁਤਬਾ ਦੇਣਾ ਹੈ। ਸਾਡੇ ਦੇਸ਼ ਅੰਦਰ ਲੋਕਾਂ ਦਾ ਸ਼ੁੱਧ ਰਾਜ ਹੈ। ਦੇਸ਼ ਦਾ ਪ੍ਰਮੁੱਖ ਰਾਸ਼ਟਰਪਤੀ ਹੈ ਜਿਸ ਦੀ ਚੋਣ ਵੀ ਲੋਕਾਂ ਦੁਆਰਾ ਹੀ ਕੀਤੀ ਜਾਂਦੀ ਹੈ। ਇਹ ਅਹੁਦਾ ਕੋਈ ਪਿਤਾ ਪੁਰਖੀ ਨਹੀਂ ਹੈ ਅਤੇ ਨਾ ਹੀ ਲੋਕਾਂ ਉੱਤੇ ਕਿਸੇ ਹੋਰ ਤਾਕਤ ਦੁਆਰਾ ਥੋਪਿਆ ਗਿਆ ਹੈ।

ਦੇਸ਼ ਦੇ ਸਾਰੇ ਨਾਗਰਿਕਾਂ ਦਾ ਫ਼ਰਜ਼ ਬਣਦਾ ਹੈ ਕਿ ਦੇਸ਼ ਦੇ ਸੰਵਿਧਾਨ ਉਤੇ ਮਾਣ ਕਰਨ ਸਗੋਂ ਇਸ ਦੀ ਰਾਖੀ ਕਰਨਾ ਵੀ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਆਪਣੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣਾ ਵੀ ਸਾਰੇ ਨਾਗਰਿਕਾਂ ਦੀ ਜ਼ਿੰਮੇਵਾਰੀ ਹੈ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਸਾਰੇ ਦੇਸ਼ ਭਗਤ ਬਣੀਏ। ਆਜ਼ਾਦੀ ਦੀ ਲੜਾਈ ਸਮੇਂ ਦੇਸ਼ ਭਗਤੀ ਦਾ ਅਰਥ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇਣੀਆਂ ਸਨ ਪਰ ਲੋਕਰਾਜ ਵਿਚ ਇਸ ਦੇ ਅਰਥ ਬਦਲ ਗਏ। ਹੁਣ ਦੇਸ਼ ਭਗਤ ਉਹ ਹੈ ਜਿਹੜਾ ਆਪਣੇ ਦੇਸ਼ ਨਾਲ ਪ੍ਰੇਮ ਕਰਦਾ ਹੈ। ਉਹ ਕੋਈ ਵੀ ਅਜਿਹਾ ਕਾਰਜ ਨਹੀਂ ਕਰਦਾ ਜਿਸ ਨਾਲ ਦੇਸ਼ ਅਤੇ ਕੌਮ ਦੀ ਬਦਨਾਮੀ ਹੋਵੇ। ਆਪਣੇ ਕੰਮ ਨੂੰ ਪੂਰੀ ਈਮਾਨਦਾਰੀ ਅਤੇ ਲਗਨ ਨਾਲ ਕਰਨਾ ਵੀ ਦੇਸ਼ ਭਗਤੀ ਹੈ। ਰਾਜ ਪ੍ਰਬੰਧ ਦਾ ਕਾਰਜ ਸੁਚਾਰੂ ਢੰਗ ਨਾਲ ਚਲਾਉਣ ਲਈ ਅਨੇਕ ਕਾਨੂੰਨ ਬਣਾਏ ਗਏ ਹਨ। ਇਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨਾ ਵੀ ਦੇਸ਼ ਭਗਤੀ ਹੈ।

ਸਰਕਾਰੀ ਜਾਇਦਾਦਾਂ, ਮਾਲ, ਖਜ਼ਾਨਾ ਆਦਿ ਲੋਕਾਂ ਦੀ ਮਲਕੀਅਤ ਹੈ। ਇਸ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਦੀ ਥਾਂ ਇਸ ਦੀ ਰਾਖੀ ਕਰਨਾ ਦੇਸ਼ ਭਗਤੀ ਹੈ। ਅਸੀਂ ਸਾਰੇ ਭਾਰਤੀ ਹਾਂ, ਇੰਝ ਆਪੋ ਵਿਚ ਰਾਸ਼ਟਰੀ ਸਾਂਝ ਹੈ। ਇਸ ਨਾਤੇ ਇਕ-ਦੂਜੇ ਦਾ ਸਤਿਕਾਰ, ਸਹਾਇਤਾ ਅਤੇ ਹੱਕਾਂ ਦੀ ਰਾਖੀ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਆਪਣੇ ਗਲੀ-ਮੁੱਹਲੇ ਦਾ ਖ਼ਿਆਲ ਵੀ ਆਪਣੇ ਘਰ ਵਾਂਗ ਹੀ ਰਖਣਾ ਚਾਹੀਦਾ ਹੈ। ਕਈ ਵਾਰ ਅਸੀਂ ਇਹ ਆਖ ਕਿ 'ਇਹ ਤਾਂ ਸਰਕਾਰ ਦਾ ਕੰਮ ਹੈ' ਆਪਣੀ ਜ਼ਿੰਮੇਵਾਰੀ ਤੋਂ ਮੁੱਖ ਮੋੜਨ ਦਾ ਯਤਨ ਕਰਦੇ ਹਾਂ। ਇਹ ਦੇਸ਼ ਭਗਤੀ ਨਹੀਂ ਹੈ। ਸਫ਼ਰ ਕਰਦਿਆਂ ਨਿਯਮਾਂ ਦਾ ਪਾਲਣ ਕਰਨਾ ਹਰ ਨਾਗਰਿਕ ਦਾ ਧਰਮ ਹੈ। ਦੀਨ-ਦੁਖੀਆਂ ਦੀ ਸਹਾਇਤਾ ਅਤੇ ਸੇਵਾ ਕਰਨੀ ਇਨਸਾਨੀਅਤ ਹੈ। ਇਹੋ ਹੀ ਦੇਸ਼ ਭਗਤੀ ਹੈ। ਹੇਰਾ-ਫੇਰੀ, ਭ੍ਰਿਸ਼ਟਾਚਾਰ, ਆਪਣੇ ਫਰਜ਼ਾਂ ਵਿਚ ਕੁਤਾਹੀ ਆਦਿ ਦੇਸ਼ ਧ੍ਰੋਹ ਹੈ। ਸੰਵਿਧਾਨ ਰਾਹੀਂ ਅਸੀਂ ਆਪਣੇ ਆਪ ਨੂੰ ਬਹੁਤ ਸਾਰੇ ਹੱਕ ਦਿਤੇ ਹਨ। ਪਰ ਇਨ੍ਹਾਂ ਹੱਕਾਂ ਦੀ ਰਾਖੀ ਵੀ ਅਸੀਂ ਹੀ ਕਰਨੀ ਹੈ। ਅਜਿਹਾ ਕਿਸੇ ਬਾਹਰੋਂ ਆ ਕੇ ਨਹੀਂ ਕਰਨਾ ਕਿਉਂਕਿ ਅਸੀਂ ਤਾ ਖ਼ੁਦਮੁਖਤਿਆਰ ਦੇਸ਼ ਦੇ ਵਾਸੀ ਹਾਂ। ਜੇ ਆਪਣੇ ਹੱਕਾਂ ਦੇ ਨਾਲੋ-ਨਾਲ ਸਾਰੇ ਨਾਗਰਿਕ ਆਪਣੇ ਫ਼ਰਜ਼ਾਂ ਦੀ ਪਛਾਣ ਵੀ ਕਰਨ ਅਤੇ ਉਨ੍ਹਾਂ ਨੂੰ ਪੂਰੀ ਈਮਾਨਦਾਰੀ ਅਤੇ ਮਿਹਨਤ ਨਾਲ ਪੂਰਾ ਕਰਨ ਤਾਂ ਹੀ ਦੇਸ਼ ਸਹੀ ਅਰਥਾਂ ਵਿਚ ਲੋਕਰਾਜ ਬਣ ਸਕਦਾ ਹੈ। ਜਿਥੇ ਹਰੇਕ ਨਾਗਰਿਕ ਦੀਆਂ ਸਾਰੀਆਂ ਮੁਢਲੀਆਂ ਲੋੜਾਂ ਬਿਨਾਂ ਕਿਸੇ ਭੇਦ-ਭਾਵ ਤੋਂ ਪੂਰੀਆਂ ਹੋਣ।

***(ਲੇਖਕ ਸੁਤੰਤਰ ਪੱਤਰਕਾਰ ਹੈ।)***

***ਸਫ਼ਾ 37 ਦੀ ਬਾਕੀ***

ਵਿਚ ਇਕ ਜ਼ਿਲ੍ਹਾ ਪੱਧਰੀ ਯੋਜਨਾਬੰਦੀ ਕਮੇਟੀ ਸਥਾਪਤ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਰਾਜਾਂ ਦੀਆਂ ਵਿਧਾਨ ਸਭਾਵਾਂ ਵਲੋਂ ਇਨ੍ਹਾਂ ਸੰਸਥਾਨਾਂ ਨੂੰ ਆਪਣਾ ਕੰਮ-ਕਾਜ ਚਲਾਉਣ ਲਈ ਰਾਜ ਦੇ ਫ਼ੰਡਾਂ ਵਿਚੋਂ ਸਹਾਇਤਾ ਰਾਸ਼ੀ ਦਿਤੀ ਜਾਂਦੀ ਹੈ। ਪੰਚਾਇਤੀ ਰਾਜ ਸੰਸਥਾਨਾਂ ਨੂੰ ਕੁੱਝ ਮਿਥੇ ਕਰ, ਫੀਸ ਜਾਂ ਟੋਲ ਟੈਕਸ ਉਗਰਾਹੀ ਕਰਨ ਦੀ ਇਜਾਜ਼ਤ ਵੀ ਦਿਤੀ ਜਾਂਦੀ ਹੈ ਜੋ ਉਨ੍ਹਾਂ ਵਲੋਂ ਚਲਾਏ ਜਾ ਰਹੇ ਵਿਕਾਸ ਕਾਰਜਾਂ ਉਪਰ ਖਰਚ ਕੀਤੀ ਜਾਂਦੀ ਹੈ।

1993 ਵਿਚ 73ਵੀਂ ਸੰਵਿਧਾਨਕ ਸੋਧ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਪੰਚਾਇਤੀ ਰਾਜ ਸੰਸਥਾਨਾਂ ਦੀ ਕਾਰਜ ਪ੍ਰਣਾਲੀ ਵਿਚ ਇਕ ਨਵੀ ਲਹਿਰ ਅਤੇ ਕ੍ਰਾਂਤੀ ਦੀ ਸਿਰਜਣਾ ਹੋਈ। ਇਸ ਨਾਲ ਦੇਸ਼ ਵਿਚ ਸਮੁੱਚਿਤ ਵਿਕਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੋਇਆ। ਪੰਚਾਇਤੀ ਰਾਜ ਸੰਸਥਾਨ ਦੇਸ਼ ਦੇ ਵਿਕਾਸ ਅਤੇ ਲੋਕਤੰਤਰੀ ਪ੍ਰਣਾਲੀ ਦੇ ਅਭਿੰਨ ਅੰਗ ਬਣ ਗਏ ਅਤੇ ਸੰਘੀ ਢਾਂਚੇ ਨੂੰ ਮਜ਼ਬੂਤੀ ਮਿਲੀ ਪਰ ਹਾਲੇ ਵੀ ਪ੍ਰਸ਼ਾਸਨਿਕ ਅਤੇ ਵਿੱਤੀ ਸ਼ਕਤੀਆਂ ਦੇ ਵਿਕੇਂਦਰੀਕਰਨ ਵਿਚ ਕੁੱਝ ਊਣਤਾਈਆਂ ਹਨ ਅਤੇ ਜੋ ਨਤੀਜੇ ਉਮੀਦ ਕੀਤੇ ਜਾ ਰਹੇ ਸਨ ਉਹ ਪੂਰੀ ਤਰ੍ਹਾਂ ਹਾਸਲ ਨਹੀ ਹੋ ਸਕੇ। ਰਾਜ ਸਰਕਾਰਾਂ ਨੂੰ ਲੋਕਾਂ ਦੀ ਸੱਤਾ ਵਿਚ ਭਾਗੀਦਾਰੀ ਯਕੀਨੀ ਬਣਾਉਣ ਲਈ ਹਾਲੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਇਸ ਦੀ ਮੁੱਖ ਤੌਰ ਤੇ ਜ਼ਿੰਮੇਵਾਰੀ ਹੈ। ਮੋਟੇ ਤੌਰ ਤੇ, ਪੰਚਾਇਤਾਂ ਨੂੰ ਜੋ ਥੋੜ੍ਹੀ ਬਹੁਤ ਸਹਾਇਤਾ ਰਾਸ਼ੀ ਰਾਜ ਸਰਕਾਰਾਂ ਵਲੋਂ ਮਿਲਦੀ ਹੈ ਉਸ ਨਾਲ ਆਪਣੇ ਰੋਜ਼-ਮੱਰਾ ਦਾ ਕੰਮਕਾਜ ਚਲਾਉਣਾ ਪੈਂਦਾ ਹੈ। ਪੰਚਾਇਤੀ ਰਾਜ ਕਾਨੂੰਨ ਵਿਚ ਉਪਬੰਧ ਹੋਣ ਦੇ ਬਾਵਜੂਦ, ਪੰਚਾਇਤਾਂ ਨੂੰ ਕਰ ਵਸੂਲਣ ਜਾਂ ਟੋਲ ਟੈਕਸ ਆਦਿ ਵਸੂਲਣ ਦੀ ਖੁੱਲ੍ਹ ਨਹੀਂ ਦਿਤੀ ਜਾਂਦੀ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਭਲਾਈ ਕਾਰਜਾਂ ਦੀ ਤਾਂ ਗੱਲ ਹੀ ਛੱਡੋ, ਪੰਚਾਇਤਾਂ ਕੋਲ ਹਰ ਰੋਜ਼ ਪਿੰਡ ਦੀਆਂ ਗਲੀਆਂ ਅਤੇ ਗੰਦੀਆਂ ਨਾਲੀਆਂ ਆਦਿ ਦੀ ਸਾਫ਼-ਸਫ਼ਾਈ ਲਈ ਵੀ ਲੋੜੀਂਦੀ ਪੂੰਜੀ ਦੀ ਘਾਟ ਰਹਿੰਦੀ ਹੈ। ਪਰ ਇਨ੍ਹਾਂ ਊਣਤਾਈਆਂ ਦੇ ਬਾਵਜੂਦ, ਕੇਂਦਰੀ ਸਕੀਮਾਂ ਦੇ ਲਾਗੂ ਕਰਨ ਵਿਚ ਪੰਚਾਇਤਾਂ ਦੀ ਅਹਿਮ ਭੂਮਿਕਾ ਯਕੀਨੀ ਬਣਾਈ ਗਈ ਹੈ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਲਾਭਪਾਤਰਾਂ ਦੀ ਪਛਾਣ ਦਾ ਕੰਮ ਪਿੰਡਾਂ ਦੀਆਂ ਪੰਚਾਇਤਾਂ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਜ਼ਿੰਮੇ ਲਗਾਇਆ ਗਿਆ ਹੈ। ਇਨ੍ਹਾਂ ਸਕੀਮਾਂ ਦੀ ਕਾਮਯਾਬੀ ਬਹੁਤ ਕੁੱਝ ਪੰਚਾਇਤੀ ਨੁਮਾਇੰਦਿਆਂ ਅਤੇ ਮੁਖੀਆਂ ਦੀ ਸਾਰਥਕ ਸਾਂਝੇਦਾਰੀ ਉਪਰ ਨਿਰਭਰ ਕਰਦੀ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਚਾਇਤੀ ਰਾਜ ਪ੍ਰਣਾਲੀ ਨੂੰ ਵਧੇਰੇ ਸ਼ਕਤੀਆਂ ਦੇ ਕੇ ਪਿੰਡ ਨੂੰ ਸਹੀ ਅਰਥਾਂ ਵਿਚ ਸਮੁੱਚਿਤ ਵਿਕਾਸ ਦੀ ਇਕਾਈ ਬਣਾਇਆ ਜਾਵੇਗਾ ਅਤੇ ਸਮਾਜ ਦੇ ਹਰ ਵਰਗ ਨੂੰ ਕਲਿਆਣ ਪ੍ਰੋਗਰਾਮ ਦੇ ਸਮਾਨ ਲਾਭ ਮਿਲ ਸਕਣਗੇ।

***(ਲੇਖਿਕਾ ਸੁਤੰਤਰ ਪੱਤਰਕਾਰ ਹੈ।)***

***e-mail :rcsaldi@yahoo.com***

# ਤੇਲ ਦੀ ਸਾਂਭ-ਸੰਭਾਲ ਤੇ ਬੱਚਤ

ਰਤਨ ਸਲਦੀ

ਸਮੁੱਚੇ ਵਿਸ਼ਵ ਵਿਚ ਅੱਜ ਆਰਥਿਕ ਮੰਦੀ ਦੇ ਬਾਵਜੂਦ ਤੇਲ ਅਤੇ ਹੋਰ ਊਰਜਾ ਸਰੋਤਾਂ ਦੀ ਖਪਤ ਤੇਜ਼ੀ ਨਾਲ ਵਧ ਰਹੀ ਹੈ। ਤੇਲ ਅਤੇ ਊਰਜਾ ਖੇਤਰਾਂ, ਸਿੱਧੇ ਜਾਂ ਅਸਿੱਧੇ ਵਿਕਾਸ ਦੇ ਹਰ ਖੇਤਰ ਉਦਯੋਗ, ਖੇਤੀਬਾੜੀ, ਆਵਾਜਾਈ ਦੇ ਸਾਧਨ ਅਤੇ ਘਰੇਲੂ ਕੰਮਕਾਜ, ਇਥੋਂ ਤਕ ਕਿ ਸਮੁੱਚੀ ਮਾਨਵਤਾ ਦੀ ਹੋਂਦ ਲਈ ਇਕ ਅਤਿ ਮਹੱਤਵਪੂਰਨ ਖੇਤਰ ਹੈ। ਇਨ੍ਹਾਂ ਸਰੋਤਾਂ ਦੀ ਪੂਰਤੀ ਵਿਚ ਅਨਿਸ਼ਚਿਤਤਾ ਨਾਲ ਨਾ ਸਿਰਫ਼ ਅਰਥਤੰਤਰ ਉਪਰ ਅਸਰ ਪੈਂਦਾ ਹੈ ਸਗੋਂ ਸਮੁੱਚੀਆਂ ਵਿਕਾਸ ਸਗਰਮੀਆਂ ਨੂੰ, ਖ਼ਾਸ ਤੌਰ ਤੇ ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਵਿਚ ਖੋਰਾ ਲਗਦਾ ਹੈ। ਜਨਸੰਖਿਆ ਵਿਚ ਵਾਧਾ ਜਿਥੇ ਇਕ ਪਾਸੇ ਵਿਕਾਸ ਦੀ ਗਤੀ ਉਪਰ ਭਾਰੀ ਬੋਝ ਬਣਦਾ ਹੈ ਉਥੇ ਦੂਜੇ ਪਾਸੇ ਵਾਤਾਵਰਨ ਪਲੀਤੀ ਦਾ ਕਾਰਨ ਵੀ ਬਣਦਾ ਹੈ। ਇਸ ਤਰ੍ਹਾਂ, ਵਿਕਾਸ ਕਾਰਜਾਂ ਨੂੰ ਵਾਤਾਵਰਨ ਸ਼ੁੱਧਤਾ ਅਤੇ ਮਾਨਵਤਾ ਉਪਰ ਹੋਣ ਵਾਲੇ ਅਸਰਾਂ ਤੋਂ ਅਲਗ ਕਰ ਕੇ ਨਹੀਂ ਦੇਖਿਆ ਜਾ ਸਕਦਾ।

ਵਰਤਮਾਨ ਵਿਚ, ਦੁਨੀਆਂ ਦੇ ਵਿਕਸਤ ਦੇਸ਼ ਕੱਚੇ ਤੇਲ, ਹੋਰ ਕੁਦਰਤੀ ਸਰੋਤਾਂ ਤੇ ਊਰਜਾ ਸਰੋਤਾਂ ਦਾ ਵੱਡਾ ਹਿੱਸਾ ਇਸਤੇਮਾਲ ਕਰ ਰਹੇ ਹਨ ਅਤੇ ਭਾਰੀ ਮਾਤਰਾ ਵਿਚ ਕਾਰਬਨ ਡਾਈਆਕਸਾਈਡ ਪੈਦਾ ਕਰਕੇ ਸਮੁੱਚੇ ਵਿਸ਼ਵ ਦਾ ਵਾਤਾਵਰਨ ਖਰਾਬ ਕਰ ਰਹੇ ਹਨ। ਇਕ ਅਨੁਮਾਨ ਅਨੁਸਾਰ, ਵਿਸ਼ਵਵਿਆਪੀ ਤੇਲ ਖਪਤ ਹਰ ਸਾਲ 14 ਬੈਰਲ ਪ੍ਰਤਿ ਵਿਅਕਤੀ ਹੈ ਜਦ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਇਹ ਖਪਤ ਸਿਰਫ਼ 3 ਬੈਰਲ ਪ੍ਰਤਿ ਵਿਅਕਤੀ ਸਾਲਾਨਾ ਹੈ। ਭਾਰਤੀ ਅਰਥਤੰਤਰ ਹਾਲਾਂਕਿ ਤੇਜ਼ੀ ਨਾਲ ਵਿਕਸਤ ਹੋਣ ਵਾਲਾ ਅਰਥਤੰਤਰ ਹੈ ਪਰ ਤੇਲ ਅਤੇ ਹੋਰ ਊਰਜਾ ਸਰੋਤਾਂ ਦੀ ਖਪਤ ਵਿਚ ਇਹ ਬਹੁਤ ਪਿੱਛੇ ਹੈ। ਦੇਸ਼ ਵਿਚ ਹਰ ਸਾਲ 1.2 ਬੈਰਲ ਪ੍ਰਤਿ ਵਿਅਕਤੀ ਤੇਲ ਖਪਤ ਹੁੰਦੀ ਹੈ। 2011-12 ਦੇ ਵਿਸ਼ਵੀ ਅੰਕੜਿਆਂ ਅਨੁਸਾਰ ਅਮਰੀਕਾ ਦੁਨੀਆਂ ਦੀ ਕੁੱਲ ਤੇਲ ਅਤੇ ਕੁਦਰਤੀ ਗੈਸ ਖਪਤ ਦਾ 20.5 ਪ੍ਰਤਿਸ਼ਤ ਹਿੱਸਾ, ਚੀਨ 11.4 ਪ੍ਰਤਿਸ਼ਤ, ਜਾਪਾਨ 5 ਪ੍ਰਤਿਸ਼ਤ ਅਤੇ ਭਾਰਤ 4 ਪ੍ਰਤਿਸ਼ਤ ਖਰਚ ਕਰਦਾ ਹੈ। ਰੂਸ 3.4 ਪ੍ਰਤਿਸ਼ਤ ਤੇਲ ਖਪਤ ਨਾਲ ਪੰਜਵੇਂ ਸਥਾਨ 'ਤੇ ਆਉਂਦਾ ਹੈ। 12ਵੀਂ ਯੋਜਨਾ ਦੇ ਖਰੜੇ ਵਿਚ ਕਿਹਾ ਗਿਆ ਹੈ ਕਿ ਜੇ ਭਾਰਤ ਨੇ 8 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਹਾਸਲ ਕਰਨੀ ਹੈ ਤਾਂ ਇਸ ਦੀ ਤੇਲ ਅਤੇ ਸਭ ਸਰੋਤਾਂ ਤੋਂ ਊਰਜਾ ਖਪਤ ਵਿਚ 6 ਪ੍ਰਤਿਸ਼ਤ ਵਾਧਾ ਹੋਣਾ ਲਾਜ਼ਮੀ ਹੈ ਜਿਸ ਨਾਲ ਵਿਕਾਸ ਦਰ ਵਿਚ ਲੋੜੀਂਦਾ ਵਾਧਾ ਹਾਸਲ ਕੀਤਾ ਜਾ ਸਕੇ।

**ਭਾਰਤ ਇਸ ਸਮੇਂ ਆਬਾਦੀ ਦੇ ਲਿਹਾਜ਼ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਪਰ ਇਥੇ ਕੱਚੇ ਤੇਲ ਦਾ ਉਤਪਾਦਨ ਬਹੁਤ ਘੱਟ ਹੋਣ ਕਾਰਨ ਇਸ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਦੂਸਰੇ ਦੇਸ਼ਾਂ ਤੋਂ ਤੇਲ ਦੇ ਆਯਾਤ ਉਪਰ ਨਿਰਭਰ ਰਹਿਣਾ ਪੈਂਦਾ ਹੈ। ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਸਾਲਾਨਾ ਊਰਜਾ ਉਤਪਾਦਨ ਅੰਕੜਿਆਂ ਅਨੁਸਾਰ 2020 ਤਕ ਚੀਨ ਨੂੰ ਪਿੱਛੇ ਛੱਡ ਕੇ ਸਮੁੱਚੀ ਦੁਨੀਆਂ ਵਿਚ ਤੇਲ ਦੀ ਮੰਗ ਵਧ ਜਾਣ ਨਾਲ ਪਹਿਲਾ ਦੇਸ਼ ਬਣ ਜਾਵੇਗਾ। ਅਜਿਹਾ ਵਿਕਾਸ ਗਤੀ ਅਤੇ ਤੇਜ਼ੀ ਨਾਲ ਵਧ ਰਹੀ ਜਨ ਸੰਖਿਆ ਕਾਰਨ ਹੋਵੇਗਾ।**

ਪੈਟਰੋਲੀਅਮ ਮੰਤਰੀ ਵਿਰੱਪਾ ਮੋਇਲੀ ਅਨੁਸਾਰ ਛੇਤੀ ਹੀ ਅਜਿਹੇ ਫ਼ੈਸਲੇ ਲਏ ਜਾਣਗੇ ਜਿਨ੍ਹਾਂ ਸਦਕਾ ਦੇਸ਼ ਵਿਚ ਪੈਟਰੋਲੀਅਮ ਉਤਪਾਦਨਾਂ ਦੀ ਖਪਤ ਜੋ 2010 ਦੇ ਅੰਕੜਿਆਂ ਅਨੁਸਾਰ 1.2 ਬੈਰਲ ਪ੍ਰਤਿ ਵਿਅਕਤੀ ਪ੍ਰਤਿ ਸਾਲ ਸੀ, 6 ਬੈਰਲ ਪ੍ਰਤਿ ਵਿਅਕਤੀ ਹੋ ਜਾਵੇ। ਉਨ੍ਹਾਂ ਅਨੁਸਾਰ ਅਜਿਹਾ ਦੇਸ਼ ਦੇ ਉਦਯੋਗ, ਵਪਾਰ ਅਤੇ ਅਧਾਰਕ ਢਾਂਚੇ, ਖ਼ਾਸ ਤੌਰ ਤੇ ਪਰਿਵਹਿਨ ਵਿਚ ਵਾਧੇ ਨਾਲ ਸੰਭਵ ਹੋ ਸਕੇਗਾ। ਇਹ ਟੀਚਾ ਬਹੁਤ ਵੱਡਾ ਹੈ ਅਤੇ ਮੌਜੂਦਾ ਹਾਲਾਤ ਵਿਚ ਅਸੰਭਵ ਜਾਪਦਾ ਹੈ ਪਰ ਫਿਰ ਵੀ ਪੈਟਰੋਲੀਅਮ ਪਦਾਰਥਾਂ ਦੀ ਤੇਜ਼ੀ ਨਾਲ ਵਧ ਰਹੀ ਮੰਗ ਕਾਰਨ ਪੈਟਰੋਲੀਅਮ ਪਦਾਰਥਾਂ ਦੀ ਤੇਜ਼ੀ ਨਾਲ ਵਧ ਰਹੀ ਮੰਗ ਕਾਰਨ ਸ਼ਾਇਦ ਇਹ ਪੂਰਾ ਕਰਨਾ ਸੰਭਵ ਹੋ ਸਕੇ ਪਰ ਸਰਕਾਰ ਨੂੰ ਇਸ ਨੂੰ ਹਾਸਲ ਕਰਨ ਲਈ ਨਾ ਸਿਰਫ਼ ਘਰੇਲੂ ਤੇਲ ਦਾ ਉਤਪਾਦਨ ਵਧਾਉਣਾ ਪਵੇਗਾ ਸਗੋਂ ਆਯਾਤ ਵਿਚ ਵੀ ਵਾਧਾ ਕਰਨਾ ਪਵੇਗਾ ਜੋ ਪਹਿਲਾਂ ਹੀ ਸਾਡੀ ਅਰਥਵਿਵਸਥਾ ਉਪਰ ਇਕ ਬੋਝ ਬਣਿਆ ਹੋਇਆ ਹੈ।

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ ਦੀ 2011-12 ਦੀ ਸਾਲਾਨਾ ਰਿਪੋਰਟ ਅਨੁਸਾਰ ਦੇਸ਼ ਵਿਚ ਕੱਚੇ ਤੇਲ ਦਾ ਉਤਪਾਦਨ ਜੋ 2006-07 ਵਿਚ 33.99 ਮਿਲੀਅਨ ਟਨ ਸੀ, ਵਧ ਕੇ 2011-12 ਵਿਚ 38.09 ਮਿਲੀਅਨ ਟਨ ਹੋ ਗਿਆ ਜੋ 3 ਪ੍ਰਤਿਸ਼ਤ ਸਾਲਾਨਾ ਵਾਧਾ ਦਰ ਦੇ ਨੇੜੇ-ਤੇੜੇ ਰਿਹਾ। ਇਹ ਵਾਧਾ ਪੈਟਰੋਲੀਅਮ ਪਦਾਰਥਾਂ ਦੀ ਮੰਗ ਵਿਚ ਵਾਧੇ ਦਾ ਤਿਲ ਮਾਤਰ ਸੀ। ਸਿੱਟੇ ਵਜੋਂ, ਭਾਰਤ ਨੂੰ 2006-07 ਵਿਚ ਕੱਚੇ ਤੇਲ ਦੇ 111.50 ਮਿਲੀਅਨ ਟਨ ਆਯਾਤ ਦੇ ਮੁਕਾਬਲੇ 2011-12 ਵਿਚ 171.73 ਮਿਲੀਅਨ ਟਨ ਕੱਚਾ ਤੇਲ ਆਯਾਤ ਕਰਨਾ ਪਿਆ। ਇਸ ਤਰ੍ਹਾਂ ਕੱਚੇ ਤੇਲ ਦੀ ਪੈਟਰੋਲੀਅਮ ਪਦਾਰਥਾਂ ਦੀ

ਮੰਗ ਪੂਰਤੀ ਲਈ ਕੁੱਲ ਲੋੜੀਂਦੀ ਮਿਕਦਾਰ ਦਾ ਲਗਭਗ 84 ਪ੍ਰਤਿਸ਼ਤ ਹਿੱਸਾ ਵਿਦੇਸ਼ਾਂ ਤੋਂ ਮੰਗਵਾਉਣਾ ਪੈ ਰਿਹਾ ਹੈ। ਭਾਰਤ ਵਿਚ ਤੇਲ ਸੋਧ ਕਾਰਖ਼ਾਨਿਆਂ ਦੀ ਸਮਰੱਥਾ ਹੈ ਪਰ ਇਸ ਲਈ ਬਹੁਤ ਕੱਚਾ ਤੇਲ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ ਜਿਸ ਨਾਲ ਦੇਸ਼ ਦੀ ਅਰਥਵਿਵਸਥਾ ਉਪਰ ਬਹੁਤ ਬੋਝ ਪੈ ਰਿਹਾ ਹੈ। ਸਾਲ 2004-05 ਵਿਚ ਕੱਚੇ ਤੇਲ ਦੀ ਕੀਮਤ ਅੰਤਰਰਾਸ਼ਟਰੀ ਮੰਡੀ ਵਿਚ ਲਗਭਗ ਔਸਤ 39.21 ਡਾਲਰ ਪ੍ਰਤਿ ਬੈਰਲ ਸੀ। ਇਹ ਤੇਲ ਦੀਆਂ ਕੀਮਤਾਂ ਵਿਚ ਵਾਧੇ, ਢੋ-ਢੁਆਈ ਦੇ ਖਰਚੇ ਵਿਚ ਵਾਧੇ ਅਤੇ ਮੁਦਰਾਸਫਿਤੀ ਕਾਰਨ ਅਤੇ ਅਮਰੀਕੀ ਡਾਲਰ ਦੀ ਦੁਨੀਆਂ ਦੀਆਂ ਹੋਰ ਕਰੰਸੀਆਂ ਦੇ ਮੁਕਾਬਲੇ ਮਜ਼ਬੂਤੀ ਸਦਕਾ 2011-12 ਵਿਚ ਔਸਤ 111.89 ਡਾਲਰ ਪ੍ਰਤਿ ਬੈਰਲ ਰਹੀ। ਪਰ 2012-13 ਵਿਤੀ ਸਾਲ ਵਿਚ ਤੇਲ ਦੀਆਂ ਕੀਮਤਾਂ ਵਿਚ ਅੰਤਰਰਾਸ਼ਟਰੀ ਮੰਡੀ ਵਿਚ ਗਿਰਾਵਟ ਆਈ ਹੈ ਕਿਉਂਕਿ ਵਿਸ਼ਵ ਦੇ ਬਹੁਤੇ ਵਿਕਸਤ ਦੇਸ਼ਾਂ ਵਿਚ ਮੰਦੀ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਉਨ੍ਹਾਂ ਵਿਚ ਤੇਲ ਅਤੇ ਊਰਜਾ ਦੇ ਹੋਰ ਸਰੋਤਾਂ ਦੀ ਮੰਗ ਘਟੀ ਹੈ। ਰੁਪਏ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਰਿਕਾਰਡ ਤੋੜ ਵਧ ਰਹੀ ਕੀਮਤ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਦਾ ਅਸਰ ਸਿੱਧਾ ਭਾਰਤੀ ਅਰਥਵਿਵਸਥਾ 'ਤੇ ਹੋਇਆ।

## ਭਾਰਤ ਵਿਚ ਪੈਟਰੋਲੀਅਮ ਪਦਾਰਥਾਂ ਦੀ ਖਪਤ ਦੇ ਪੰਜ ਵੱਡੇ ਮੰਤਰ

● ***ਪਰਿਵਹਿਨ :*** ਭਾਰਤ ਵਿਚ ਸਮੁੱਚੇ ਤੌਰ ਤੇ ਪੈਟਰੋਲੀਅਮ ਪਦਾਰਥਾਂ ਦੀ ਖਪਤ ਵਿਚ ਵਿੱਤ ਵਰ੍ਹੇ 2011-12 ਵਿਚ 5 ਪ੍ਰਤਿਸ਼ਤ ਦਰ ਨਾਲ ਵਾਧਾ ਹੋਇਆ ਅਤੇ 2012-13 ਵਿਚ 4.9 ਪ੍ਰਤਿਸ਼ਤ ਦਰ ਨਾਲ ਵਾਧਾ ਹੋਇਆ। ਇਸ ਸਾਲ ਅਪ੍ਰੈਲ ਤੋਂ ਜੂਨ ਦੀ ਤਿਆਰੀ ਵਿਚ ਇਹ ਵਾਧਾ 1.6 ਪ੍ਰਤਿਸ਼ਤ ਰਿਹਾ। ਪਰ ਦੇਸ਼ ਵਿਚ ਡੀਜ਼ਲ ਮੋਟਰ ਗੱਡੀਆਂ ਅਤੇ ਟਰੱਕਾਂ ਦੇ ਉਤਪਾਦਨ ਅਤੇ ਵਿੱਕਰੀ ਵਿਚ ਤੇਜ਼ੀ ਨਾਲ ਵਾਧਾ ਹੋਣ ਨਾਲ ਪਿਛਲੇ ਮਾਲੀ ਸਾਲ ਵਿਚ ਡੀਜ਼ਲ ਦੀ ਖਪਤ 6.7 ਪ੍ਰਤਿਸ਼ਤ ਵਾਧੂ ਰਹੀ। ਦੇਸ਼ ਦੇ ਵੱਡੇ ਹਿੱਸਿਆਂ ਵਿਚ ਬਿਜਲੀ ਦੀ ਕਮੀ ਕਾਰਨ ਵੀ ਡੀਜ਼ਲ ਦੀ ਵਰਤੋਂ ਵਿਚ ਵਾਧਾ ਹੋਇਆ। ਵਿਸ਼ਵਵਿਆਪੀ ਮੰਦੀ ਦੇ ਕਾਰਨ, ਭਾਰਤ ਵਿਚ ਵਿਕਾਸ ਗਤੀ ਭਾਵੇਂ ਮੱਠੀ ਪੈ ਗਈ ਹੈ ਪਰ ਹਾਲੇ ਵੀ ਸਾਲਾਨਾ ਵਿਕਾਸ ਦਰ 5 ਪ੍ਰਤਿਸ਼ਤ ਦੇ ਆਸਪਾਸ ਬਣੀ ਹੋਈ ਹੈ। ਜਨਸੰਖਿਆ ਵਿਚ ਵਾਧੇ ਅਤੇ ਵਿਕਾਸ ਦਰ ਵਿਚ ਵਾਧੇ ਕਾਰਨ ਆਮ ਘਰ ਪਰਿਵਾਰਾਂ ਦੀ ਆਮਦਨ ਵਿਚ ਵਾਧਾ ਹੋਣ ਨਾਲ ਪਰਿਵਹਿਨ ਖੇਤਰ ਲੋਕਾਂ ਦੀ ਪਹੁੰਚ ਵਿਚ ਆ ਗਿਆ ਹੈ। ਇਸ ਕਾਰਨ ਮੋਟਰ ਕਾਰਾਂ, ਟਰੱਕਾਂ ਅਤੇ ਹੋਰ ਆਵਾਜਾਈ ਅਤੇ ਢੋ-ਢੁਆਈ ਦੇ ਸਾਧਨਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਇਹ ਲਗਾਤਾਰ ਹੋ ਰਿਹਾ ਹੈ। ਪੈਟਰੋਲੀਅਮ ਪਦਾਰਥਾਂ ਦੀ ਕੁੱਲ ਖੱਪਤ ਦਾ ਲਗਭਗ 51 ਪ੍ਰਤਿਸ਼ਤ ਹਿੱਸਾ ਪੈਟਰੋਲ, ਡੀਜ਼ਲ ਅਤੇ ਹਵਾਈ ਈਂਧਨ ਦੀ ਸ਼ਕਲ ਵਿਚ ਪਰਿਵਹਿਨ ਖੇਤਰ ਵਿਚ ਖਰਚ ਹੋ ਰਿਹਾ ਹੈ।

● ***ਉਦਯੋਗਿਕ ਖੇਤਰ*** – ਉਦਯੋਗਿਕ ਖੇਤਰ ਵਿਚ ਕੁੱਲ ਤੇਲ ਖਪਤ ਦਾ 14 ਪ੍ਰਤਿਸ਼ਤ ਖਰਚ ਹੁੰਦਾ ਹੈ। ਇਹ ਪੈਟਰੋਲ, ਡੀਜ਼ਲ, ਈਂਧਨ ਤੇਲ, ਕੁਦਰਤੀ ਗੈਸ ਅਤੇ ਨੈਪਥਾ ਦੀ ਸ਼ਕਲ ਵਿਚ ਵਰਤੋਂ ਵਿਚ ਆਉਂਦਾ ਹੈ। ਇਸ ਖੇਤਰ ਵਿਚ ਉਦਯੋਗਿਕ ਸਰਗਰਮੀ ਕੁਝ ਮੰਦੀ ਪੈ ਜਾਣ ਅਤੇ ਨਵੇਂ ਉਦਯੋਗ ਧੰਦੇ ਨਾਂ-ਮਾਤਰ ਸ਼ੁਰੂ ਹੋਣ ਨਾਲ ਕੁਝ ਮੰਦੀ ਆਈ ਹੋਈ ਹੈ ਪਰ ਆਸ ਹੈ ਛੇਤੀ ਹੀ ਇਸ ਵਿਚ ਪਹਿਲਾਂ ਵਾਲੀ ਤੇਜ਼ੀ ਬਹਾਲ ਹੋ ਜਾਵੇਗੀ ਅਤੇ ਤੇਲ ਖਪਤ ਵਿਚ ਵੀ ਵਾਧਾ ਹੋਵੇਗਾ। ਇਸ ਖੇਤਰ ਉਪਰ ਦੇਸ਼ ਦੀ ਵਿਕਾਸ ਗਤੀ ਦਾ ਸਿੱਧਾ ਅਸਰ ਪੈਂਦਾ ਹੈ। ਸਾਲਾਨਾ ਵਿਕਾਸ ਦਰ ਵਿਚ ਵਾਧਾ ਹੋਣ ਨਾਲ ਉਦਯੋਗਿਕ ਖੇਤਰ ਵਿਚ ਤੇਲ ਦੀ ਖਪਤ ਵਧ ਜਾਣਾ ਸੁਭਾਵਕ ਹੈ।

**ਦੇਸ਼ ਨੂੰ 2011-12 ਵਿਚ ਕੱਚਾ ਤੇਲ ਆਯਾਤ ਕਾਰਨ 6,72,200 ਕਰੋੜ ਰੁਪਏ ਦਾ ਬੋਝ ਸਹਿਣਾ ਪਿਆ ਜੋ ਦੇਸ਼ ਦੇ ਸਮੁੱਚੇ ਆਯਾਤ ਬਿਲ ਦਾ ਲਗਭਗ 31.50 ਪ੍ਰਤਿਸ਼ਤ ਸੀ। ਭਾਰਤੀ ਤੇਲ ਕੰਪਨੀਆਂ ਇਹ ਵਾਧੂ ਬੋਝ ਸਹਿਣ ਨਹੀਂ ਕਰ ਸਕਦੀਆਂ। ਇਸ ਲਈ, ਮਜਬੂਰਨ ਸਰਕਾਰ ਨੂੰ ਪੈਟਰੋਲ, ਡੀਜ਼ਲ, ਮਿੱਟੀ ਦੇ ਤੇਲ ਅਤੇ ਖਾਣਾ ਬਣਾਉਣ ਲਈ ਐਲ ਪੀ ਜੀ ਗੈਸ ਉਪਰ ਸਬਸਿਡੀ ਦੇਣੀ ਪੈਂਦੀ ਹੈ ਤਾਂ ਜੋ ਵਧੀਆਂ ਕੀਮਤਾਂ ਦਾ ਪੂਰਾ ਬੋਝ ਆਮ ਆਦਮੀ ਉਪਰ ਨਾ ਪਵੇ। ਜਿਥੇ ਇਕ ਪਾਸੇ ਸਾਡੇ ਨੀਤੀ ਨਿਰਧਾਰਕਾਂ ਸਾਹਮਣੇ ਦੇਸ਼ ਵਿਚੋਂ ਗਰੀਬੀ ਦੂਰ ਕਰਨ ਲਈ ਵਿਕਾਸ ਦਰ ਬਣਾ ਕੇ ਰੱਖਣ ਦੀ ਚੁਨੌਤੀ ਹੈ ਉਥੇ ਤੇਲ ਆਯਾਤ ਦੇ ਵਧ ਰਹੇ ਬਿਲ ਉਪਰ ਵੀ ਨਿਯੰਤਰਨ ਰੱਖਣ ਦੀ ਲੋੜ ਹੈ।**

● ***ਖੇਤੀਬਾੜੀ ਖੇਤਰ :*** ਖੇਤੀਬਾੜੀ ਖੇਤਰ ਵਿਚ ਡੀਜ਼ਲ ਖਪਤ ਲਗਭਗ 4 ਪ੍ਰਤਿਸ਼ਤ ਦਰ ਨਾਲ ਹੁੰਦੀ ਹੈ। ਡੀਜ਼ਲ ਦੀ ਵਰਤੋਂ ਟਰੈਕਟਰ, ਕਾਰਬਾਈਨਾਂ ਅਤੇ ਮਾਲ ਢੁਆਈ ਦੇ ਸਾਧਨਾਂ ਲਈ ਹੁੰਦੀ ਹੈ।

● ***ਘਰੇਲੂ ਐਲ ਪੀ ਜੀ ਅਤੇ ਮਿੱਟੀ ਦਾ ਤੇਲ :*** ਪੇਂਡੂ ਇਲਾਕਿਆਂ ਵਿਚ ਬਿਜਲੀ ਦੀ ਘਾਟ ਅਤੇ ਐਲ ਪੀ ਜੀ ਦੀ ਪਹੁੰਚ ਨਾ ਹੋਣ ਕਾਰਨ ਮਿੱਟੀ ਦੇ ਤੇਲ ਉਪਰ ਘਰ ਪਰਿਵਾਰਾਂ ਦੀ ਬਹੁਤ ਨਿਰਭਰਤਾ ਰਹਿੰਦੀ ਹੈ। ਸ਼ਹਿਰੀ ਇਲਾਕਿਆਂ ਵਿਚ ਐਲ ਪੀ ਜੀ ਖਾਣਾ ਪਕਾਉਣ ਅਤੇ ਹੋਰ ਘਰੇਲੂ ਇਸਤੇਮਾਲ ਲਈ ਵਰਤੀ ਜਾਂਦੀ ਹੈ। ਦੇਸ਼ ਵਿਚ ਪੈਟਰੋਲੀਅਮ ਉਤਪਾਦਨ ਦੀ ਖਪਤ ਦਾ ਲਗਭਗ 18 ਪ੍ਰਤਿਸ਼ਤ ਹਿੱਸਾ ਇਸ ਖੇਤਰ ਵਿਚ ਖਰਚ ਹੁੰਦਾ ਹੈ।

● ***ਵਪਾਰਕ ਅਤੇ ਹੋਰ ਸਰਗਰਗੀਆਂ :*** ਦੇਸ਼ ਵਿਚ ਵਪਾਰਕ ਅਤੇ ਹੋਰ ਸਰਗਰਮੀਆਂ ਦੇਸ਼ ਦੀ ਪੈਟਰੋਲੀਅਮ ਪਦਾਰਥਾਂ ਦੀ ਕੁੱਲ ਖਪਤ ਦਾ ਲਗਭਗ 13 ਪ੍ਰਤਿਸ਼ਤ ਹੈ।

***ਊਰਜਾ ਬਚਾਉ, ਭਾਰਤ ਬਚਾਉ*** ਦਾ ਨਾਅਰਾ ਪਿਛਲੀ ਸ਼ਤਾਬਦੀ ਦੇ ਅੰਤਲੇ ਸਾਲਾਂ ਵਿਚ ਦੇਸ਼ ਸਾਹਮਣੇ ਇਕ ਵੱਡੀ ਚੁਨੌਤੀ ਬਣ ਕੇ ਖੜ੍ਹਾ ਹੋਇਆ। ਦੇਸ਼ ਵਿਚ ਪੈਟਰੋਲੀਅਮ ਪਦਾਰਥਾਂ ਦੀ ਵਧ ਰਹੀ ਮੰਗ ਨੂੰ ਦੇਖਦੇ ਹੋਏ ਤੇਲ ਦੀ ਸੰਭਾਲ ਅਤੇ ਕੁਸ਼ਲ ਵਰਤੋਂ ਲਈ ਪੈਟਰੋਲੀਅਮ ਬੱਚਤ ਖੋਜ ਸੰਸਥਾਨ ਦੀ 1978 ਵਿਚ ਸਥਾਪਨਾ ਕੀਤੀ ਗਈ ਜੋ ਆਮ ਲੋਕਾਂ ਵਿਚ ਪੈਟਰੋਲੀਅਮ ਪਦਾਰਥਾਂ ਵਿਚ ਬੱਚਤ ਬਾਰੇ ਜਾਗਰੂਕਤਾ ਫੈਲਾਉਣ ਲਈ ਕੰਮ ਕਰ ਰਿਹਾ ਹੈ। ਇਹ ਇਕ ਤੱਥ ਹੈ ਕਿ ਤੇਲ ਉਤਪਾਦਨਾਂ ਅਤੇ ਊਰਜਾ ਦੀ ਖੱਪਤ ਘੱਟ ਕਰਨ ਨਾਲ ਵਿਕਾਸ ਦਰ ਉਪਰ ਅਸਰ ਪੈਣਾ ਲਾਜ਼ਮੀ ਹੈ। ਇਸ ਲਈ ਇਨ੍ਹਾਂ ਦੀ ਖਪਤ

ਘੱਟ ਕਰਨ ਦੀ ਬਜਾਇ ਤੇਲ ਅਤੇ ਊਰਜਾ ਇਸਤੇਮਾਲ ਵਿਚ ਕਾਰਜ ਕੁਸ਼ਲਤਾ ਲਿਆਉਣ ਵਿਚ ਸਮਝਦਾਰੀ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਵੱਧ ਤੋਂ ਵੱਧ ਲਾਭਕਾਰੀ ਬਣਾਈ ਜਾ ਸਕਦੇ। ਤੇਲ ਅਤੇ ਊਰਜਾ ਦੀ ਘੱਟ ਤੋਂ ਘੱਟ ਵਰਤੋਂ ਤੋਂ ਵੱਧ ਤੋਂ ਵੱਧ ਲਾਭ ਲੈਣ ਲਈ ਕੁਝ ਅਜਮਾਏ ਨੁਕਤੇ ਹੇਠ ਦਿਤੇ ਜਾ ਰਹੇ ਹਨ :

1. ਦੇਸ਼ ਦੇ ਮਹਾਂਨਗਰਾਂ ਅਤੇ ਵੱਡੇ ਸ਼ਹਿਰਾਂ ਵਿਚ ਲਾਲ ਬੱਤੀਆਂ ਵਿਚ ਤਾਲਮੇਲ ਬਿਠਾਉਣਾ ਤਾਂ ਜੋ ਮੋਟਰ ਗੱਡੀਆਂ ਆਦਿ ਨੂੰ ਲਾਲ ਬੱਤੀ ਦਾ ਘੱਟ ਤੋਂ ਘੱਟ ਸਾਹਮਣਾ ਕਰਨਾ ਪਵੇ। ਇਕ ਅੰਦਾਜ਼ੇ ਅਨੁਸਾਰ ਇਕੱਲੇ ਦਿੱਲੀ ਸ਼ਹਿਰ ਵਿਚ 1000 ਕਰੋੜ ਰੁਪਏ ਸਾਲਾਨਾ ਦਾ ਈਂਧਨ ਲਾਲ ਬੱਤੀਆਂ 'ਤੇ ਗੱਡੀਆਂ ਰੁਕਣ ਕਾਰਨ ਅਜਾਈਂ ਜਾਂਦਾ ਹੈ।

2. ਆਪਣੇ ਮੋਟਰ ਵਾਹਨਾਂ ਨੂੰ 45 ਕਿਲੋਮੀਟਰ ਪ੍ਰਤਿ ਘੰਟਾ ਦੀ ਰਫ਼ਤਾਰ 'ਤੇ ਚਲਾ ਕੇ ਈਂਧਨ ਦੀ ਕਿਫ਼ਾਇਤੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ 65 ਕਿਲੋਮੀਟਰ ਜਾਂ ਉਸ ਤੋਂ ਵੱਧ ਰਫ਼ਤਾਰ 'ਤੇ ਮੋਟਰ ਗੱਡੀ ਚਲਾਉਣ ਨਾਲੋਂ 15 ਪ੍ਰਤਿਸ਼ਤ ਤੇਲ ਖਪਤ ਦੀ ਬੱਚਤ ਹੁੰਦੀ ਹੈ।

3. ਵਾਤਾਵਰਨ ਢੁਕਵੇਂ ਭਾਰਤ-3 ਜਾਂ ਭਾਰਤ-4 ਵਾਲੇ ਇੰਜਨਾਂ ਵਾਲੀਆਂ ਮੋਟਰ-ਕਾਰਾਂ ਦੀ ਵਰਤੋਂ ਨਾਲ ਘੱਟ ਤੋਂ ਘੱਟ ਧੂੰਆਂ ਪੈਦਾ ਹੁੰਦਾ ਹੈ ਅਤੇ ਵਾਤਾਵਰਨ ਨੂੰ ਪਲੀਤੀ ਤੋਂ ਬਚਾਇਆ ਜਾ ਸਕਦਾ ਹੈ। ਅਜਿਹੀਆਂ ਉੱਚ ਤਕਨੀਕਾਂ ਵਾਲੇ ਇੰਜਨਾਂ ਨਾਲ ਮੋਟਰ ਵਾਹਨ ਪ੍ਰਤਿ ਲਿਟਰ ਰਸਤਾ ਵੀ ਵੱਧ ਕੱਢਦੇ ਹਨ ਅਤੇ ਤੇਲ ਦੀ ਬੱਚਤ ਕਰਦੇ ਹਨ।

4. ਸਹੀ ਗੀਅਰ ਵਿਚ ਗੱਡੀ ਚਲਾਉ ਅਤੇ ਸਮੇਂ-ਸਮੇਂ ਇੰਜਨ ਤੇਲ ਫਿਲਟਰ ਦੀ ਸਫ਼ਾਈ ਕਰੋ।

5. ਜਿੱਥੇ ਕਿਤੇ ਲਾਲ ਬੱਤੀ ਉਪਰ ਟਾਈਮਰ ਲੱਗਿਆ ਹੋਵੇ ਅਤੇ 15 ਸਕਿੰਟ ਤੋਂ ਵੱਧ ਲਾਲ ਬੱਤੀ ਕਾਰਨ ਰੁਕਣਾ ਪਵੇ ਤਾਂ ਇੰਜਨ ਬੰਦ ਕਰਕੇ ਹਰੀ ਬੱਤੀ ਹੋਣ ਦੀ ਇੰਤਜ਼ਾਰ ਕਰੋ।

6. ਖਾਣਾ ਪਕਾਉਣ ਲਈ ਖਾਣਾ ਜਿਥੋਂ ਤਕ ਹੋ ਸਕੇ, ਪ੍ਰੈਸ਼ਰਕ ਕੁਕਰ ਦੀ ਵਰਤੋਂ ਕਰੋ ਅਤੇ ਖਾਣਾ ਪਕਾਉਂਦੇ ਸਮੇਂ ਬਰਤਨ ਢਕ ਕੇ ਰੱਖੋ।

7. ਗੈਸ ਬਰਨਰ ਦੀ ਸਮੇਂ-ਸਮੇਂ ਸਫ਼ਾਈ ਕਰੋ ਅਤੇ ਖਾਣਾ ਪਕਾਉਣ ਲਈ ਛੋਟੇ ਬਰਨਰਾਂ ਦੀ ਵਰਤੋਂ ਕਰੋ।

8. ਫਰੋਜ਼ਨ ਵਸਤਾਂ ਅੱਗ 'ਤੇ ਚੜ੍ਹਾਉਣ ਤੋਂ ਕੁਝ ਦੇਰ ਪਹਿਲਾਂ ਫਰੀਜ਼ਰ ਵਿਚੋਂ ਬਾਹਰ ਕੱਢ ਕੇ ਰੱਖੋ ਤਾਂ ਜੋ ਉਹ ਪਕਾਉਣ ਸਮੇਂ ਤਕ ਆਮ ਤਾਪਮਾਨ 'ਤੇ ਆ ਜਾਣ।

9. ਆਈ ਐਸ ਆਈ ਮਾਰਕਾ ਮਿੱਟੀ ਦੇ ਤੇਲ ਦੇ ਸਟੋਵ ਜਾਂ ਨੂਤਨ ਸਟੋਵ ਦੀ ਵਰਤੋਂ ਕਰੋ ਜੋ ਲਗਭਗ 50 ਪ੍ਰਤਿਸ਼ਤ ਤੇਲ ਖਪਤ ਵਿਚ ਬੱਚਤ ਕਰਦੇ ਹਨ।

10. ਖੇਤੀਬਾੜੀ ਸਿੰਜਾਈ ਲਈ ਆਈ ਐਸ ਆਈ ਮਾਰਕਾ ਪੰਪ ਸੈੱਟਾਂ ਦੀ ਵਰਤੋਂ ਕਰੋ ਅਤੇ ਸਮੇਂ-ਸਮੇਂ ਉਨ੍ਹਾਂ ਦੇ ਵਾਲਵਾਂ ਨੂੰ ਚੈੱਕ ਕਰੋ ਅਤੇ ਲੋੜ ਹੋਣ 'ਤੇ ਬਦਲੋ।

11. ਸਿੰਜਾਈ ਲਈ ਪਾਈਪ ਲਾਈਨ ਦਾ ਸਹੀ ਚੌੜਾਈ ਅਤੇ ਵਰਤੋਂ ਦਾ ਸਹੀ ਪ੍ਰਬੰਧਨ ਕਰੋ ਤਾਂ ਜੋ ਸਿੰਜਾਈ ਵਾਲਾ ਪਾਣੀ ਇਕ ਬੂੰਦ ਵੀ ਅਜਾਈਂ ਨਾ ਜਾਵੇ ਅਤੇ ਉਸ ਦਾ ਸਹੀ ਵਰਤੋਂ ਹੋਵੇ।

12. ਉਦਯੋਗਿਕ ਖੇਤਰ ਵਿਚ ਵਰਤੋਂ ਹੋਣ ਵਾਲੀ ਮਸ਼ੀਨਰੀ ਦੀ ਸਮੇਂ-ਸਮੇਂ ਜਾਂਚ ਕਰੋ, ਸਹੀ ਈਂਧਨ ਤੇਲ ਦੀ ਵਰਤੋਂ ਕਰੋ ਅਤੇ ਇੰਜਨਾਂ ਦੀ ਸਮੇਂ-ਸਮੇਂ ਸਾਫ਼-ਸਫ਼ਾਈ ਕਰੋ। ਇਸ ਨਾਲ ਈਂਧਨ ਖਪਤ ਘੱਟ ਹੋਵੇਗੀ ਅਤੇ ਮਸ਼ੀਨਰੀ ਵੀ ਬਹੁਤ ਸਮਾਂ ਕੰਮ ਯੋਗ ਬਣੀ ਰਹੇਗੀ।

ਤੇਲ ਦੀ ਹਰ ਬੂੰਦ ਕੀਮਤੀ ਹੈ ਅਤੇ ਹਰ ਨਾਗਰਕਿ ਦਾ ਫ਼ਰਜ਼ ਬਣਦਾ ਹੈ ਕਿ ਤੇਲ ਦੀ ਸੰਭਾਲ ਕਰ ਕੇ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾਵੇ।

***(ਲੇਖਕ ਸਾਬਕਾ ਨਿਰਦੇਸ਼ਕ (ਖ਼ਬਰਾਂ), ਆਕਾਸ਼ਵਾਣੀ, ਦਿੱਲੀ ਤੇ ਸੁਤੰਤਰ ਪੱਤਰਕਾਰ ਹੈ।)***

***e-mail :rcsaldi@yahoo.com***

**ਯੋਜਨਾ (ਪੰਜਾਬੀ)**

- **ਫ਼ਰਵਰੀ 2014 – ਇਹ ਅੰਕ *ਲੋਕ ਸਿਹਤ* ਉੱਤੇ ਕੇਂਦਰਿਤ ਹੋਵੇਗਾ।**
- **ਮਾਰਚ 2014 – ਇਹ ਅੰਕ *ਪ੍ਰਸ਼ਾਸਨਿਕ ਸੁਧਾਰਾਂ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**East Block-IV, Level-VII, R.K. Puram**

**New Delhi-110066. (Tel.011-26100207)**

*email-pdjucir@gmail.com*

# ਨੌਜਵਾਨ ਕੁੜੀਆਂ ਦੇ ਸ਼ਕਤੀਕਰਨ ਤੇ ਸਵੈਮਾਣ ਦਾ ਰਸਤਾ

ਮਨੀਸ਼ਾ ਜੈਨ

ਕਿਸ਼ੋਰ ਅਵਸਥਾ ਜਾਂ ਚੜ੍ਹਦੀ ਜਵਾਨੀ ਉਹ ਪੜਾਅ ਹੈ ਜਿਸ ਦੌਰਾਨ ਬੱਚਿਆਂ ਵਿਚ ਸਮਾਜਿਕ ਨਜ਼ਰੀਏ ਅਤੇ ਆਸਾਂ-ਉਮਦਾਂ ਦੇ ਨਾਲ-ਨਾਲ ਅਹਿਮ ਸਰੀਰਕ ਅਤੇ ਮਨੋਵਿਗਿਆਨਿਕ ਬਦਲਾਅ ਆਉਂਦੇ ਹਨ। ਇਹ ਉਮਰ ਦੀ ਉਹ ਅਵਸਥਾ ਹੈ ਜਦੋਂ ਨੌਜਵਾਨ ਤਬਕਾ ਆਪਣੇ ਮਾਪਿਆਂ ਅਤੇ ਪਰਿਵਾਰ ਨਾਲ ਆਪਣੇ ਸੰਬੰਧਾਂ ਤੋਂ ਅਗੇਰੇ ਆਪਣੇ ਬਰਾਬਰ ਦੀ ਉਮਰ ਵਾਲਿਆਂ ਅਤੇ ਬਾਹਰੀ ਦੁਨੀਆਂ ਤੋਂ ਸ਼ਿੱਦਤ ਨਾਲ ਪ੍ਰਭਾਵਿਤ ਹੁੰਦਾ ਹੈ। ਇਹ ਉਹ ਸਮਾਂ ਹੈ ਜਦ ਉਨ੍ਹਾਂ ਨੂੰ ਸਮਝਣ ਦੇ ਵਧੇਰੇ ਜਤਨ ਅਤੇ ਖ਼ਿਆਲ ਕੀਤੇ ਜਾਣ ਦੀ ਲੋੜ ਹੁੰਦੀ ਹੈ।

ਦੁਨੀਆਂ ਵਿਚ 10 ਤੋਂ 19 ਵਰ੍ਹਿਆਂ ਦੀ ਉਮਰ ਵਾਲੇ 1.2 ਅਰਬ ਨੌਜਵਾਨ ਹਨ।

ਕਈ ਅਧਿਐਨ ਇਹ ਦਰਸਾਉਂਦੇ ਹਨ ਕਿ ਲੱਖਾਂ ਨੌਜਵਾਨ ਅਜਿਹੇ ਹਨ ਜੋ ਮਿਆਰੀ ਵਿੱਦਿਆ, ਮੁੱਢਲੀ ਲਿੰਗਕ ਅਤੇ ਪ੍ਰਜਨਕ ਸਿਹਤ ਸੰਭਾਲ, ਅਪਾਹਜਪੁਣੇ ਅਤੇ ਮਾਨਸਿਕ ਸਿਹਤ ਨਾਲ ਜੁੜੇ ਮੁੱਦਿਆਂ ਦੀ ਹਮਾਇਤ, ਹਿੰਸਾ, ਬਦਸਲੂਕੀ ਅਤੇ ਸ਼ੋਸ਼ਣ ਉਪਰ ਰੋਕ ਅਤੇ ਸਰਗਰਮ ਸ਼ਮੂਲੀਅਤ ਲਈ ਲੋੜੀਂਦੇ ਮੰਚਾਂ ਤੋਂ ਵਾਂਝੇ ਹਨ।

ਔਰਤਾਂ ਦੇਸ਼ ਦੀ ਕੁੱਲ ਵਸੋਂ ਦਾ ਕਰੀਬ ਅੱਧਾ ਹਿੱਸਾ ਹਨ ਪਰ ਸਮਾਜਿਕ ਸਭਿਆਚਾਰਕ ਹਲਕਿਆਂ ਵਿਚ ਲਿੰਗਿਕ ਪੱਖਪਾਤ ਕਾਰਨ ਉਨ੍ਹਾਂ ਦਾ ਸਾਵਾਂ ਵਿਕਾਸ ਨਹੀਂ ਹੋ ਸਕਿਆ। ਇਹ ਭੇਦਭਾਵ ਸਿਹਤ, ਪੌਸ਼ਟਿਕਤਾ, ਸਾਖਰਤਾ, ਵਿੱਦਿਅਕ ਸਫਲਤਾ, ਮੁਹਾਰਤ ਦੇ ਪੱਧਰ ਕਿੱਤਿਆਂ ਦੇ ਪੱਧਰ ਆਦਿ ਜਿਹੇ ਸਮਾਜਿਕ ਵਿਕਾਸ ਦੇ ਸੰਕੇਤਕਾਂ ਵਿਚ ਨਜ਼ਰ ਆਉਂਦਾ ਹੈ। ਅਜਿਹੀ ਹੀ ਸਥਿਤੀ ਨੌਜਵਾਨ ਕੁੜੀਆਂ ਦੀ ਸਥਿਤੀ ਵਿਚ ਵੀ ਨਜ਼ਰ ਆਉਂਦੀ ਹੈ।

10 ਤੋਂ 19 ਵਰ੍ਹਿਆਂ ਦੀਆਂ ਨੌਜਵਾਨ ਕੁੜੀਆਂ ਦੇਸ਼ ਦੀ ਨੌਜਵਾਨ ਤਬਕੇ ਦੀ ਕੁੱਲ ਵਸੋਂ ਦਾ 47 ਪ੍ਰਤਿਸ਼ਤ ਹਨ ਪਰ ਉਨ੍ਹਾਂ ਦੇ ਵਿਕਾਸ ਵਿਚ ਕਈ ਮੁਸ਼ਕਿਲਾਂ ਹਨ। 10 ਪ੍ਰਤਿਸ਼ਤ ਲੜਕਿਆਂ ਦੇ ਮੁਕਾਬਲੇ 50 ਪ੍ਰਤਿਸ਼ਤ ਔਰਤਾਂ 18 ਵਰ੍ਹਿਆਂ ਦੀ ਕਾਨੂੰਨੀ ਤੌਰ ਤੇ ਤੈਸ਼ੁਦਾ ਉਮਰ ਤੋਂ ਪਹਿਲਾਂ ਵਿਆਹ ਕਰਾ ਲੈਂਦੀਆਂ ਹਨ। ਸਮੁੱਚੇ ਤੌਰ ਤੇ 15 ਤੋਂ 19 ਵਰ੍ਹਿਆਂ ਦੀਆਂ ਹਰ 6 ਔਰਤਾਂ ਵਿਚੋਂ ਇਕ ਮਾਂ ਬਣ ਜਾਂਦੀ ਹੈ। ਉਮਰ ਤੋਂ ਪਹਿਲਾਂ ਗਰਭ ਧਾਰਨ ਕਰਨਾ ਦਿਹਾਤੀ ਇਲਾਕਿਆਂ ਅਤੇ ਅਨਪੜ੍ਹ ਔਰਤਾਂ ਦਰਮਿਆਨ ਬਹੁਤ ਆਮ ਹੈ। ਗਰਭਵਤੀ ਔਰਤਾਂ ਦਰਮਿਆਨ ਮੌਤਾਂ ਦੀ ਗਿਣਤੀ ਵਿਚੋਂ 41 ਪ੍ਰਤਿਸ਼ਤ ਹਿੱਸਾ 15 ਤੋਂ 24 ਵਰ੍ਹਿਆਂ ਦੀਆਂ ਔਰਤਾਂ ਦਾ ਹੈ। 30 ਪ੍ਰਤਿਸ਼ਤ ਨੌਜਵਾਨ ਮੁੰਡਿਆਂ ਦੇ ਮੁਕਾਬਲੇ ਖ਼ੂਨ ਦੀ ਕਮੀ ਦੀਆਂ ਸ਼ਿਕਾਰ ਔਰਤਾਂ ਦੀ ਗਿਣਤੀ 56 ਪ੍ਰਤਿਸ਼ਤ ਹੈ। ਖ਼ੂਨ ਦੀ ਕਮੀ ਦੀਆਂ ਸ਼ਿਕਾਰ ਨੌਜਵਾਨ ਮਾਵਾਂ ਨੂੰ ਗਰਭਪਾਤ ਮਾਵਾਂ ਨੂੰ ਗਰਭਪਾਤ, ਮਾਂ ਦੀ ਮੌਤ ਅਤੇ ਘੱਟ ਵਜ਼ਨੀ ਜਾਂ ਮਰਿਆ ਬੱਚਾ ਪੈਦਾ ਹੋਣ ਦਾ ਕਿਤੇ ਵੱਧ ਜੋਖਮ ਹੁੰਦਾ ਹੈ। ਕੁੜੀਆਂ ਦਰਮਿਆਨ ਸਕੂਲ ਦੀ ਪੜ੍ਹਾਈ ਵਿਚੇ ਛੱਡ ਦੇਣ ਦੀ ਦਰ ਬਹੁਤ ਵੱਧ ਹੈ। 21 ਪ੍ਰਤਿਸ਼ਤ ਨੌਜਵਾਨ ਕੁੜੀਆਂ ਅਤੇ 8 ਪ੍ਰਤਿਸ਼ਤ ਨੌਜਵਾਨ ਮੁੰਡੇ ਅਨਪੜ੍ਹ ਹਨ। ਕੁੜੀਆਂ ਦੇ ਪੜ੍ਹਾਈ ਛੱਡ ਦੇਣ ਦੀ ਵੱਡੀ ਦਰ ਦੇ ਕਾਰਨ ਸਕੂਲਾਂ ਦਾ ਦੂਰ ਸਥਿਤ ਹੋਣਾ, ਮਰਦ ਅਧਿਆਪਕ, ਸਕੂਲਾਂ ਵਿਚ ਪਖਾਨਿਆਂ ਦੀ ਸਹੂਲਤ ਨਾ ਹੋਣਾ, ਛੇਤੀ ਵਿਆਹ ਹੋ ਜਾਣਾ ਅਤੇ ਘਰੇਲੂ ਜ਼ਿੰਮੇਵਾਰੀਆਂ ਨੂੰ ਛੇਤੀ ਸੰਭਾਲ ਲੈਣਾ ਹਨ।

ਨੌਜਵਾਨ ਕੁੜੀਆਂ ਰਾਸ਼ਟਰੀ ਵਿਕਾਸ ਲਈ ਮੁੱਖ ਵਸੀਲਾ ਹਨ। ਉਨ੍ਹਾਂ ਦੀ ਸਿਹਤ ਅਤੇ ਵਿਕਾਸ ਲਈ ਪੂੰਜੀਕਾਰੀ ਦੇਸ਼ ਦੀ ਵਧੇਰੇ ਬਿਹਤਰੀ ਲਈ ਕੀਤੀ ਜਾਣ ਵਾਲੀ ਪੂੰਜੀਕਾਰੀ ਹੈ। ਉਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਕੁੜੀਆਂ ਦੇ ਸਕੂਲੀ ਪੜ੍ਹਾਈ ਵਿਚ ਸ਼ਾਮਿਲ ਨਾ ਹੋਣ, ਛੇਤੀ ਵਿਆਹੇ ਜਾਣ, ਸਿਹਤ, ਵਿੱਦਿਆ ਅਤੇ ਹੋਰ ਸੇਵਾਵਾਂ ਵਿਚ ਪੱਖਪਾਤ ਦਾ ਸ਼ਿਕਾਰ ਹੋਣ, ਜੋਖਮ ਵਾਲੇ ਹਾਲਾਤ ਵਿਚ ਕੰਮ ਕਰਨ ਜਿਹੇ ਮੁੱਦਿਆਂ ਦੇ ਮੱਦੇ ਨਜ਼ਰ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ।

ਗਰਭ ਧਾਰਨ ਕਰਨ, ਮਾਂ ਜਾਂ ਬੱਚੇ ਦੀ ਮੌਤ, ਲਿੰਗਕ ਛੂਤ ਦੀਆਂ ਬੀਮਾਰੀਆਂ, ਬੱਚੇਦਾਨੀ ਨਾਲ ਜੁੜੀਆਂ ਲਾਗ ਦੀਆਂ ਬੀਮਾਰੀਆਂ ਅਤੇ ਏਡਜ਼ ਦੀ ਬੀਮਾਰੀ ਦਾ ਵਧਦੇ ਜਾਣ ਵਰਗੀਆਂ ਨੌਜਵਾਨਾਂ ਨੂੰ ਦਰਪੇਸ਼ ਜਨ ਸਿਹਤ ਵੰਗਾਰਾਂ ਨੌਜਵਾਨ ਕੁੜੀਆਂ ਦੀ ਜਾਣਕਾਰੀ ਵਿਚ ਲਿਆਏ ਜਾਣ ਦੀ ਲੋੜ ਹੈ। ਨੌਜਵਾਨ ਕੁੜੀਆਂ ਦੀਆਂ ਪੂਰੀਆਂ ਨਾ ਹੋਈਆਂ ਲੋੜਾਂ ਦੇ ਹਵਾਲੇ ਨਾਲ ਨੌਜਵਾਨ ਕੁੜੀਆਂ ਦੇ ਸ਼ਕਤੀਕਰਨ ਨਾਲ ਭਰਪੂਰ ਕਰਨ ਬਾਰੇ ਰਾਜੀਵ ਗਾਂਧੀ ਦੇ ਨਾਂ 'ਤੇ ਰੱਖੀ ਸਕੀਮ 'ਸਾਬਲਾ' ਨੂੰ 11 ਤੋਂ 18 ਵਰ੍ਹਿਆਂ ਦੀ ਉਮਰ ਦੀਆਂ ਕੁੜੀਆਂ ਲਈ ਸ਼ੁਰੂ ਕੀਤਾ ਗਿਆ ਜਿਸ ਵਿਚ ਸਕੂਲੀ ਲੜਕੀਆਂ ਨੂੰ ਖ਼ਾਸ ਕੇਂਦਰ ਵਿਚ ਰੱਖਿਆ ਗਿਆ ਹੈ। ਮੁੱਢਲੇ ਤੌਰ ਤੇ ਇਹ ਸਕੀਮ ਪੂਰੇ ਦੇਸ਼ ਦੇ 205 ਜ਼ਿਲ੍ਹਿਆਂ ਵਿਚ ਕੰਮ ਕਰ ਰਹੀ ਹੈ।

ਸਮੁਦਾਇਕ ਸ਼ਮੂਲੀਅਤ ਵਿਚ ਵੱਡੇ ਵਾਧੇ ਕਾਰਨ ਪਿਛਲੇ 2 ਵਰ੍ਹਿਆਂ ਤੋਂ *ਸਾਬਲਾ* ਸਕੀਮ ਨੇ ਚੰਗਾ ਜ਼ੋਰ ਫੜਿਆ ਹੈ। ਅਜਿਹਾ ਆਮ ਜਨਤਾ ਨੂੰ ਜਥੇਬੰਦ ਕਰਨ ਅਤੇ ਉਨ੍ਹਾਂ ਨੂੰ ਨੌਜਵਾਨ ਲੜਕੀਆਂ ਦੀਆਂ ਲੋੜਾਂ ਅਤੇ ਅਧਿਕਾਰਾਂ ਬਾਰੇ ਜਾਗਰੂਕ ਕਰਨ ਨਾਲ ਸੰਭਵ ਹੋਇਆ ਹੈ। ਆਈ ਸੀ ਡੀ ਐਸ ਮੰਚ ਦੀ ਵਰਤੋਂ ਕਰਦਿਆਂ

ਇਹ ਸਕੀਮ ਸੇਵਾਵਾਂ ਦੇ ਸੰਗਠਿਤ ਪੈਕੇਜ ਰਾਹੀਂ 11 ਤੋਂ 18 ਵਰ੍ਹਿਆਂ ਦੀ ਉਮਰ ਦੀਆਂ ਲਗਭਗ 1 ਕਰੋੜ ਨੌਜਵਾਨ ਲੜਕੀਆਂ ਤਕ ਪਹੁੰਚ ਰਹੀ ਹੈ।

***ਸਾਬਲਾ* ਦਾ ਉਦੇਸ਼ 11 ਤੋਂ 18 ਵਰ੍ਹਿਆਂ ਦੀਆਂ ਕੁੜੀਆਂ ਦਾ ਸਮੁੱਚਾ ਵਿਕਾਸ ਕਰਨਾ ਹੈ ਤਾਂ ਜੋ ਉਹ ਆਪਣੇ ਪੈਰੀਂ ਹੋ ਸਕਣ। ਇਸ ਵਿਚ ਮੁੱਖ ਤੌਰ ਤੇ ਸਾਰੀਆਂ ਸਕੂਲੀ ਪੜ੍ਹਾਈ ਤੋਂ ਬਾਹਰ ਰਹਿ ਗਈਆਂ ਕੁੜੀਆਂ ਉਪਰ ਧਿਆਨ ਕੇਂਦਰਤ ਕੀਤਾ ਗਿਆ ਹੈ। ਆਂਗਨਵਾੜੀ ਕੇਂਦਰ ਵਿਚ ਸਾਲ ਦੇ 300 ਦਿਨਾਂ ਲਈ ਸਕੂਲੋਂ ਬਾਹਰ ਵਾਲੀਆਂ 11 ਤੋਂ 14 ਵਰ੍ਹਿਆਂ ਦੀਆਂ ਅਤੇ ਸਾਰੀਆਂ 14 ਤੋਂ 18 ਵਰ੍ਹਿਆਂ ਦੀਆਂ ਕੁੜੀਆਂ ਨੂੰ ਗਰਮ ਤਿਆਰ ਭੋਜਨ ਜਾਂ ਘਰ ਲਿਜਾ ਕੇ ਪਕਾਉਣ ਲਈ ਰਾਸ਼ਨ ਰਾਹੀਂ, ਹਰ ਕੁੜੀ ਨੂੰ ਰੋਜ਼ਾਨਾ 600 ਕੈਲੋਰੀ ਭਰਪੂਰ ਪੌਸ਼ਟਿਕਤਾ ਵਾਲਾ ਅਤੇ 18-20 ਗ੍ਰਾਮ ਪਰੋਟੀਨ ਵਾਲਾ ਭੋਜਨ ਦਿਤਾ ਜਾਂਦਾ ਹੈ।**

ਇਸ ਤੋਂ ਇਲਾਵਾ, ਸਕੂਲੀ ਪੜ੍ਹਾਈ ਤੋਂ ਬਾਹਰ ਰਹਿ ਗਈਆਂ ਕੁੜੀਆਂ ਲਈ ਜੀਵਨ ਮੁਹਾਰਤ ਵਿੱਦਿਆ, ਹਫ਼ਤਾਵਾਰ ਲੋਹੇ ਅਤੇ ਫਾਲਿਕਏਸਿਡ ਦੀਆਂ ਗੋਲੀਆਂ, ਪੌਸ਼ਟਿਕਤਾ ਬਾਰੇ ਸਿੱਖਿਆ-ਸਲਾਹ ਅਤੇ ਲਿੰਗਕ ਤੇ ਗਰਭ ਸੰਬੰਧਿਤ ਸਿਹਤ ਸਿੱਖਿਆ ਸਲਾਹ, ਅਗਵਾਈ ਬਾਰੇ ਮੁਹਾਰਤ, ਮਸਲੇ ਹੱਲ ਕਰਨ, ਫ਼ੈਸਲੇ ਲੈਣ ਅਤੇ ਜਨ ਸੇਵਾਵਾਂ ਤਕ ਪਹੁੰਚ ਬਣਾਉਣ ਲਈ ਵੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

ਸਵੈ-ਇੱਛਕ ਅਦਾਰੇ ਵੀ *(ਅਰਸ਼)* ਦੀ ਸਲਾਹਕਾਰੀ ਸੇਵਾ ਤਹਿਤ ਨੌਜਵਾਨੀ ਵਿਚ ਗਰਭ ਅਤੇ ਲਿੰਗਕ ਸਿਹਤ ਨਾਲ ਸੰਬੰਧਿਤ ਸਿੱਖਿਆ ਸਲਾਹ ਦਿੰਦੇ ਹਨ। ਇਸ ਤੋਂ ਇਲਾਵਾ, 16 ਤੋਂ 18 ਵਰ੍ਹਿਆਂ ਦੀਆਂ ਕੁੜੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਕਿੱਤਾਮੁਖੀ ਸਿਖਲਾਈ ਦਿਤੀ ਜਾਂਦੀ ਹੈ। ਇਸ ਸਕੀਮ ਤਹਿਤ ਪ੍ਰੋਗਰਾਮ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਸਿਹਤ, ਵਿੱਦਿਆ, ਨੌਜਵਾਨ ਮਾਮਲਿਆਂ ਅਤੇ ਖੇਡਾਂ ਤੇ ਪੰਚਾਇਤੀ ਰਾਜ ਅਦਾਰਿਆਂ ਦੇ ਵੱਖ-ਵੱਖ ਪ੍ਰੋਗਰਾਮਾਂ ਨੂੰ ਜੋੜ ਦਿਤਾ ਜਾਂਦਾ ਹੈ।

ਸਮੁਦਾਇ ਆਧਾਰੀ ਅਗਲੇਰੇ ਕਾਰਜਕਰਤਾਵਾਂ (ਆਂਗਨਵਾੜੀ ਕਾਰਜਕਰਤਾਵਾਂ) ਅਤੇ ਸਿਵਲ ਸਮਾਜਿਕ ਸਮੂਹਾਂ ਦੀ ਹਮਾਇਤ ਨਾਲ ਨੌਜਵਾਨ ਕੁੜੀਆਂ 'ਕਿਸ਼ੋਰੀ ਸਮੂਹ' ਹੇਠ ਜਥੇਬੰਦਕ ਸਕੀਮਾਂ ਹਨ। ਹਰ ਸਮੂਹ ਦੀ ਅਗਵਾਈ 'ਕਿਸ਼ੋਰੀ ਸਖੀ' ਦੇ ਨਾਂ ਹੇਠ ਇਕ ਲੜਕੀ ਕੋਲ ਹੈ ਅਤੇ ਉਹ ਪ੍ਰੋਗਰਾਮ ਦੀਆਂ ਸੇਵਾਵਾਂ ਲਈ ਹਫ਼ਤੇ ਵਿਚ ਘੱਟੋ-ਘੱਟ ਪੰਜ ਤੋਂ ਛੇ ਘੰਟੇ ਆਪਸ ਵਿਚ ਮਿਲਦੇ ਹਨ।

ਆਂਗਨਵਾੜੀ ਵਰਕਰਾਂ ਅਤੇ ਕਿਸ਼ੋਰ/ਸਮੂਹਾਂ ਦਰਮਿਆਨ ਅਸਰਦਾਰ ਤਾਲਮੇਲ ਹੈ। ਆਂਗਨਵਾੜੀ ਵਰਕਰ ਇਕ ਜਾਂ ਦੋ ਕਿਸ਼ੋਰੀ ਸਮੂਹਾਂ ਨੂੰ ਆਪਣੀ ਸਰਪ੍ਰਸਤੀ ਵਿਚ ਲੈ ਸਕਦਾ ਹੈ।

ਸਾਬਲਾ ਵਿਚ ਦਾਖ਼ਲ ਹਰ ਕੁੜੀ ਨੂੰ ਇਕ ਕਿਸ਼ੋਰੀ ਕਾਰਡ ਦਿਤਾ ਜਾਂਦਾ ਹੈ ਜਿਸ ਤਹਿਤ ਕੁੜੀਆਂ ਦੀ ਸਾਬਲਾ ਤਹਿਤ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਨਿਗਰਾਨੀ ਵੀ ਹੋ ਸਕਦੀ ਹੈ।

ਸਾਬਲਾ ਦੀਆਂ ਗ਼ੈਰ ਪੌਸ਼ਟਿਕ ਸੇਵਾਵਾਂ ਕਿਸ਼ੋਰੀ ਸਮੂਹ ਦੀਆਂ ਬੈਠਕਾਂ ਰਾਹੀਂ ਗ਼ੈਰ ਸਕੂਲੀ ਨੌਜਵਾਨ ਕੁੜੀਆਂ ਤਕ ਵੀ ਪਹੁੰਚਦੀਆਂ ਹਨ। ਹਰ ਨੌਜਵਾਨ ਸਮੂਹ ਵਿਚ ਆਗੂ *ਸਖੀ* ਤੇ ਉਸ ਦੀ ਸਾਥੀ *ਸਹੇਲੀ* ਨੂੰ ਨੌਜਵਾਨ ਕੁੜੀਆਂ ਨੂੰ ਸਿੱਖਿਅਤ ਕਰਨ ਬਾਰੇ ਸਿਖਲਾਈ ਦਿਤੀ ਜਾਂਦੀ ਹੈ। ਇਹ ਇਕ ਸਾਲ ਤਕ ਸਮੂਹ ਦੀ ਇੰਝ ਸੇਵਾ ਕਰਦੇ ਹਨ ਅਤੇ ਹਰ *ਸਖੀ* ਨੂੰ ਚਾਰ ਮਹੀਨੇ ਤਕ ਇਸ ਅਹੁਦੇ 'ਤੇ ਰਖਿਆ ਜਾਂਦਾ ਹੈ।

ਨੌਜਵਾਨ ਕੁੜੀਆਂ ਵਿੱਦਿਆ, ਵਿਕਾਸ, ਨਿਗਰਾਨੀ ਅਤੇ ਐੱਸ ਐੱਨ ਪੀ ਸਹੂਲਤਾਂ ਵਰਗੀਆਂ ਨਿੱਤ ਦਿਨ ਦੀਆਂ ਸਰਗਰਮੀਆਂ ਵਿਚ ਵੀ ਹਿੱਸਾ ਲੈਂਦੀਆਂ ਹਨ ਅਤੇ ਹੋਰ ਸਰਗਰਮੀਆਂ ਵਿਚ ਵੀ ਆਂਗਨਵਾੜੀ ਵਰਕਰ ਦੀ ਮਦਦ ਕਰਦੀਆਂ ਹਨ। ਇਹ ਆਂਗਨਵਾੜੀ ਵਰਕਰ ਨਾਲ ਲੋਕਾਂ ਦੇ ਘਰਾਂ ਵਿਚ ਵੀ ਜਾਂਦੀਆਂ ਹਨ (ਦੋ ਜਾਂ ਤਿੰਨ ਕੁੜੀਆਂ) ਜਿਸ ਨਾਲ ਉਹ ਭਵਿੱਖ ਵਿਚ ਅਜਿਹੇ ਕੰਮਾਂ ਲਈ ਸਿਖਲਾਈ ਹਾਸਲ ਕਰਦੀਆਂ ਹਨ।

ਸਬੂਤਾਂ ਮੁਤਾਬਕ ਜਿਥੇ *ਸਾਬਲਾ* ਤਮਿਲਨਾਡੂ ਰਾਜ ਵਿਚ ਬਹੁਤ ਬਿਹਤਰ ਕਾਰਗੁਜ਼ਾਰੀ ਵਿਖਾ ਰਹੀ ਹੈ ਉਥੇ ਦਿੱਲੀ ਵਿਚ ਇਸ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਕੁਝ ਹੋਰ ਰਾਜਾਂ ਵਿਚ ਮਾਲੀ ਫ਼ੰਡ ਹਨ ਪਰ ਉਨ੍ਹਾਂ ਦੀ ਸਹੀ ਥਾਂ ਵਰਤੋਂ ਕਰ ਕੇ ਉਨ੍ਹਾਂ ਨੂੰ ਵਰਤਿਆ ਨਹੀਂ ਜਾ ਰਿਹਾ। ਐਡਮਨਿਸਟ੍ਰੇਟਿਵ ਸਟਾਫ ਟਰੇਨਿੰਗ ਕਾਲਜ ਇੰਸਟੀਚਿਊਟ (ਏ ਐੱਸ ਸੀ ਆਈ) ਵਲੋਂ ਇਸ ਸਕੀਮ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਰਾਜ ਸਰਕਾਰਾਂ ਵਲੋਂ ਵੀ ਹਰ ਤਿੰਨ ਮਹੀਨਿਆਂ ਵਿਚ ਇਕ ਰਿਪੋਰਟ ਭੇਜੀ ਜਾਂਦੀ ਹੈ, ਸਕੱਤਰ ਦੀ ਅਗਵਾਈ ਹੇਠ ਜਾਇਜ਼ਾ ਅਤੇ ਤਾਲਮੇਲ ਬਾਰੇ ਰਾਸ਼ਟਰੀ ਕਮੇਟੀ ਵਲੋਂ ਵੀ ਜਾਇਜ਼ਾ ਲਿਆ ਜਾਂਦਾ ਹੈ।

ਸਮੁਦਾਇ ਅਤੇ ਲੜਕੀਆਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਹੱਕਾਂ ਅਤੇ ਲਾਭਾਂ ਬਾਰੇ ਜਾਗਰੂਕ ਕਰਨ ਲਈ ਪੈਂਪਲੇਟ ਵੰਡੇ ਜਾਂਦੇ ਹਨ। ਮੀਡੀਆ ਅਤੇ ਰਾਜ ਸਰਕਾਰਾਂ ਰਾਹੀਂ ਇਸ਼ਤਿਹਾਰ ਵੀ ਦਿਤੇ ਜਾਂਦੇ ਹਨ। ਬੱਚਿਆਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਇਕ ਦੇਸ਼ ਤੋਂ ਦੂਜੇ ਦੇਸ਼ ਜਾਣ ਉਪਰ ਰੋਕ ਲਾਉਣ ਲਈ ਇਕ ਸਕੀਮ ਤਿਆਰ ਕੀਤੀ ਗਈ ਹੈ ਜਿਸ ਰਾਹੀਂ ਸਵੈ-ਇੱਛਕ ਅਦਾਰਿਆਂ ਅਤੇ ਆਂਗਨਵਾੜੀ ਕਾਰਜਕਰਤਾਵਾਂ ਰਾਹੀਂ ਕੁੜੀਆਂ ਨੂੰ ਇਸ ਤੋਂ ਜਾਗਰੂਕ ਕੀਤਾ ਜਾਂਦਾ ਹੈ।

*ਸਾਬਲਾ* ਦੀ ਕੋਸ਼ਿਸ਼ ਅਜਿਹੀਆਂ ਨੌਜਵਾਨ ਲੜਕੀਆਂ ਤਿਆਰ ਕਰਨਾ ਹੈ ਜੋ ਸਵੈ-ਮਾਣ ਨਾਲ ਭਰੀਆਂ ਹੋਣ, ਜਿਨ੍ਹਾਂ ਦੀ ਸਿਹਤ ਅਤੇ ਪੌਸ਼ਟਿਕਤਾ ਪੱਖੋਂ ਸੁਧਾਰ ਹੋਇਆ ਹੋਵੇ, ਜੋ ਵਧੇਰੇ ਮੁਹਾਰਤ ਨਾਲ ਭਰਪੂਰ ਹੋਣ ਅਤੇ ਸੁਚੱਜੀ ਚੋਣ ਕਰ ਸਕਣ ਦੇ ਸਮਰੱਥ ਹੋਣ। *ਸਾਬਲਾ* ਸਮੇਤ ਵੱਖ-ਵੱਖ ਸਕੀਮਾਂ ਰਾਹੀਂ ਸਰਕਾਰ ਨੌਜਵਾਨ ਕੁੜੀਆਂ ਦੀ ਸਿਹਤ, ਪੌਸ਼ਟਿਕਤਾ ਅਤੇ ਵਿਕਾਸ ਲੋੜਾਂ ਲਈ ਮਾਲੀ ਮਦਦ ਕਰ ਰਹੀ ਹੈ ਤਾਂ ਜੋ ਇਹ ਸਿੱਖਿਆ, ਸਿਹਤ ਅਤੇ ਸੁਰੱਖਿਆ ਬਾਰੇ ਆਪਣੇ ਹੱਕਾਂ ਦਾ ਲਾਹਾ ਲੈ ਸਕਣ। ਇਸ ਨਾਲ ਉਨ੍ਹਾਂ ਨੂੰ ਲਿੰਗਕ ਬਰਾਬਰੀ ਅਤੇ ਨਿਆਂ ਦੇ ਟੀਚਿਆਂ ਵਾਲਾ ਭਵਿੱਖ ਉਸਾਰਨ ਵਿਚ ਮਦਦ ਮਿਲੇਗੀ।

***e-mail :majain51@yahoo.com***

# 'ਕੱਠੀਆਂ ਹੋਣ ਵਾਲੀਆਂ ਕੁਰਸੀਆਂ ਵਾਲਾ ਯਾਤਰਾ ਬੈਗ

ਨਿਸ਼ਾ ਚੌਬੇ

ਅਜਿਹਾ ਕੌਣ ਹੋਵੇਗਾ ਜਿਸ ਨੂੰ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ 'ਤੇ ਬੈਠਣ ਦੀ ਸਮੱਸਿਆ ਪੇਸ਼ ਨਾ ਆਈ ਹੋਵੇ! ਬੱਸਾਂ, ਰੇਲ ਗੱਡੀਆਂ ਦੀ ਉਡੀਕ ਵਿਚ ਆਉਂਦੀਆਂ ਮੁਸ਼ਕਿਲਾਂ ਨੂੰ ਵੇਖਦਿਆਂ ਨਿਸ਼ਾ (19) ਵਲੋਂ ਯਾਤਰਾ ਬੈਗ ਵਿਚ ਹਲਕੇ ਵਜ਼ਨ ਦੀਆਂ ਇਕੱਠੀਆਂ ਹੋਣ ਵਾਲੀਆਂ ਕੁਰਸੀਆਂ ਲਾਉਣ ਦਾ ਸੁਝਾਅ ਪੇਸ਼ ਕੀਤਾ ਗਿਆ ਹੈ ਤਾਂ ਕਿ ਲੋੜ ਅਨੁਸਾਰ ਇਨ੍ਹਾਂ ਨੂੰ ਵਰਤਿਆ ਜਾ ਸਕੇ।

ਨਿਸ਼ਾ ਬਹੁਤ ਗੱਲਾਂ ਕਰਨ ਵਾਲੀ ਨੌਜਵਾਨ ਲੜਕੀ ਹੈ ਜਿਸ ਦਾ ਦਿਮਾਗ਼ ਹਰ ਵੇਲੇ ਵੱਖ-ਵੱਖ ਤਰ੍ਹਾਂ ਦੇ ਵਿਚਾਰਾਂ ਨਾਲ ਭਰਿਆ ਰਹਿੰਦਾ ਹੈ। ਉਹ ਇਕ ਚੰਗੀ ਵਿਦਿਆਰਥਣ ਰਹੀ ਹੈ ਜੋ ਪੜ੍ਹਾਈ ਅਤੇ ਸ਼ੌਕ ਵਿਚਾਲੇ ਆਪਣੇ ਸਮੇਂ ਦਾ ਠੀਕ ਇਸਤੇਮਾਲ ਕਰਨਾ ਜਾਣਦੀ ਹੈ। ਨਿਸ਼ਾ ਨੂੰ ਕਵਿਤਾ ਅਤੇ ਲੇਖ ਲਿਖਣ ਵਿਚ ਮਜ਼ਾ ਆਉਂਦਾ ਹੈ। ਉਸ ਨੇ ਇਕ ਲੇਖ ਮੁਕਾਬਲਾ ਜਿੱਤ ਕੇ ਵਜ਼ੀਫ਼ਾ ਹਾਸਲ ਕੀਤਾ। ਜਿਸ ਨਾਲ ਉਹ ਸਿੱਖਿਆ ਦੌਰੇ 'ਤੇ ਚੀਨ ਗਈ। ਉਸ ਨੇ ਇਕ ਹਫ਼ਤੇ ਲਈ *ਟਾਈਮਜ਼ ਆਫ਼ ਇੰਡੀਆ* ਦੀ ਸੰਪਾਦਕੀ ਟੀਮ ਵਿਚ ਇਕ ਵਿਦਿਆਰਥੀ ਵਜੋਂ ਕੰਮ ਕੀਤਾ ਜਿੱਥੇ ਉਸ ਨੇ ਵਿਦਿਆਰਥੀਆਂ ਪਾਸੋਂ ਛਪਾਈ ਦੇ ਗੁਰ ਪ੍ਰਾਪਤ ਕੀਤੇ ਅਤੇ ਆਪ ਵੀ ਛੋਟੇ-ਛੋਟੇ ਲੇਖ ਲਿਖੇ। ਉਹ ਇਕ ਵਧੀਆ ਕਲਾਕਾਰ ਹੈ ਅਤੇ ਜਦੋਂ ਵੀ ਸਮਾਂ ਮਿਲੇ, ਸਕੈਚ ਪੋਰਟਰੇਟ ਬਣਾਉਂਦੀ ਹੈ।

ਉਹ ਆਪਣੇ ਮਾਪਿਆਂ ਦੀ ਸ਼ੁਕਰਗੁਜ਼ਾਰ ਹੈ ਜਿਨ੍ਹਾਂ ਉਸ ਨੂੰ ਆਪਣੇ ਢੰਗ ਨਾਲ ਜ਼ਿੰਦਗੀ ਜਿਉਣ ਦੀ ਖੁੱਲ੍ਹ ਦਿਤੀ। "ਮੇਰੇ ਮਾਪੇ ਮੇਰੀ ਸਭ ਤੋਂ ਵੱਡੀ ਤਾਕਤ ਹਨ ਜੋ ਮੈਨੂੰ ਨਤੀਜੇ ਦੀ ਪਰਵਾਹ ਕੀਤੇ ਬਗ਼ੈਰ ਕੋਸ਼ਿਸ਼ ਕਰਨ ਲਈ ਪ੍ਰੇਰਦੇ ਹਨ। ਮੈਂ ਉਸ ਵੇਲੇ ਕੀ ਮਹਿਸੂਸ ਕਰਦੀ ਹਾਂ, ਮੇਰੇ ਮਾਪੇ ਇਸ ਬਾਰੇ ਮੈਨੂੰ ਸਲਾਹ, ਸੁਝਾਅ ਦਿੰਦੇ ਹਨ, ਸਵਾਲ ਕਰਦੇ ਹਨ ਅਤੇ ਦਿਲਾਸਾ ਦਿੰਦੇ ਹਨ।" ਉਹ ਦੱਸਦੀ ਹੈ। ਪਰ ਘਰ ਵਿਚ ਇਕ ਛੋਟਾ ਭਰਾ ਅਤੇ ਭੈਣ ਹੋਣ ਕਾਰਨ ਕਈ ਵਾਰ ਪ੍ਰਸਥਿਤੀਆਂ ਮੁਸ਼ਕਿਲ ਹੋ ਜਾਂਦੀਆਂ ਹਨ। ਉਹ ਮੰਨਦੀ ਹੈ, "ਮੇਰਾ ਛੋਟਾ ਭਰਾ ਚੌਥੀ ਜਮਾਤ ਵਿਚ ਹੈ ਅਤੇ ਉਹ ਠੀਕ ਹੈ ਪਰ ਮੇਰੀ ਭੈਣ ਜੋ ਦਸਵੀਂ ਦੀ ਵਿਦਿਆਰਥਣ ਹੈ, ਕਈ ਵਾਰੀ ਮੁਸ਼ਕਿਲ ਖੜ੍ਹੀ ਕਰ ਦਿੰਦੀ ਹੈ। ਅਸੀਂ ਹਮੇਸ਼ਾ ਸਭ ਕਾਸੇ ਲਈ ਝਗੜਦੇ ਰਹਿੰਦੇ ਹਾਂ, ਪਰ ਛੇਤੀ ਹੀ ਸਾਡੀ ਸੁਲਾਹ ਵੀ ਹੋ ਜਾਂਦੀ ਹੈ।"



## ਇਸ ਵਿਚਾਰ ਦੇ ਪੈਦਾ ਹੋਣ ਦੇ ਕਾਰਨ

ਇਸ ਵਿਚਾਰ ਪਿੱਛੇ ਪ੍ਰੇਰਨਾ ਵੀ ਵਿਚਾਰ ਜਿੰਨੀ ਹੀ ਦਿਲਚਸਪ ਹੈ। ਆਪਣੀ ਦਾਦੀ ਦੇ ਘਰ ਜਾਂਦਿਆਂ ਹੋਇਆਂ ਉਸ ਨੇ ਯਾਤਰੀ ਬੈਗਾਂ ਦਾ ਇਕ ਵੱਡਾ ਇਸ਼ਤਿਹਾਰ ਵੇਖਿਆ ਜਿਸ ਵਿਚ ਸ਼ਾਹਰੁਖ਼ ਖ਼ਾਨ ਨੂੰ ਬੈਗਾਂ ਦੇ ਕੋਲ ਭੁੰਜੇ ਬੈਠਿਆਂ ਵਿਖਾਇਆ ਗਿਆ ਸੀ। ਉਸ ਨੇ ਸੋਚਿਆ, "ਚੰਗਾ ਹੁੰਦਾ ਜੇ ਭੁੰਜੇ ਬੈਠਣ ਦੀ ਬਜਾਇ ਉਸ ਕੋਲ ਬੈਠਣ ਲਈ ਕੁਰਸੀ ਹੁੰਦੀ।" ਉਸ ਨੇ ਅੱਗੇ ਸੋਚਿਆ ਕਿ ਬੱਸ ਜਾਂ ਰੇਲ ਦੀ ਉਡੀਕ ਕਰਦਿਆਂ ਖੜ੍ਹੇ ਹੋਣਾ ਇਕ ਆਮ ਸਮੱਸਿਆ ਹੈ, ਜੇ ਨਾਲ ਜੁੜੀ ਕੁਰਸੀ ਹੋਵੇ ਤਾਂ ਕਿੰਨਾ ਚੰਗਾ ਹੋਵੇ।

ਉਸ ਨੇ ਆਪਣੇ ਵਿਚਾਰ ਅਨੁਸਾਰ ਇਕ ਮਾਡਲ ਤਿਆਰ ਕੀਤਾ। ਭਾਰਤੀ ਖੋਜ ਸੰਸਥਾਨ ਵਲੋਂ ਬਾਅਦ ਵਿਚ ਕਈ ਸਾਰੀਆਂ ਕੰਪਨੀਆਂ ਕੋਲੋਂ ਕਲਾਤਮਕ ਅਤੇ ਬਾਜ਼ਾਰ ਵਿਚ ਵਿਕਣ ਵਾਲੇ ਨਮੂਨਿਆਂ ਦੀ ਮੰਗ ਕੀਤੀ ਗਈ ਜੋ ਨਿਸ਼ਾ ਦੇ ਵਿਚਾਰ ਦੇ ਅਨੁਕੂਲ ਹੋਣ। ਤੇ ਨਮੂਨੇ ਬਣਾਉਣ ਉਪਰੰਤ, ਆਖ਼ਰੀ ਨਮੂਨਾ ਹੁਣ ਤਿਆਰ ਹੋ ਗਿਆ ਹੈ। ਭਾਰਤੀ ਖੋਜ ਸੰਸਥਾਨ ਵਲੋਂ ਉਸ ਦੇ ਨਾਮ ਹੇਠ ਨਮੂਨੇ ਨੂੰ ਪੰਜੀਕ੍ਰਿਤ ਕਰਵਾਉਣ ਲਈ ਅਰਜ਼ੀ ਵੀ ਦਿਤੀ ਗਈ ਹੈ। ਆਸ ਹੈ ਕਿ ਉਸ ਦੇ ਵਿਚਾਰਾਂ 'ਤੇ ਆਧਾਰਿਤ ਉਤਪਾਦ ਜਲਦੀ ਹੀ ਬਾਜ਼ਾਰ ਵਿਚ ਮਿਲ ਸਕੇਗਾ।

## ਆਸਾਂ ਅਤੇ ਸੁਪਨੇ

ਉਸ ਨੇ ਸਕੂਲ ਤੋਂ ਬਾਅਦ ਬੀ.ਟੈੱਕ ਕਰਨ ਦਾ ਫ਼ੈਸਲਾ ਲਿਆ ਹੈ। ਇਸ ਨਾਲ ਉਸ ਨੂੰ ਤਕਨੀਕੀ ਜਾਣਕਾਰੀ ਹਾਸਲ ਹੋਵੇਗੀ ਜਿਸ ਨਾਲ ਉਹ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾ ਸਕੇਗੀ। ਬੀ.ਟੈੱਕ ਕਰਨ ਉਪਰੰਤ ਉਸ ਦਾ ਇਰਾਦਾ ਭਾਰਤੀ ਖੋਜ ਸੰਸਥਾਨ ਵਿਚ ਸ਼ਾਮਿਲ ਹੋਣ ਦਾ ਹੈ ਕਿਉਂਕਿ, ਮੈਨੂੰ ਨਵੀਆਂ-ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਲੱਭਣ ਦਾ ਕੁਝ ਵੱਖਰਾ ਕਰਨ ਦਾ ਸ਼ੌਕ ਹੈ ਅਤੇ ਇਸ ਸਭ ਕਾਸੇ ਲਈ ਅਜਿਹੀ ਸੰਸਥਾ ਵਿਚ ਕੰਮ ਕਰਨ ਨਾਲੋਂ ਹੋਰ ਵਧੀਆ ਗੱਲ ਹੋਰ ਕੀ ਹੋ ਸਕਦੀ ਹੈ।" ਉਹ ਦੱਸਦੀ ਹੈ।❑❑

## ਕੀ ਤੁਸੀਂ ਜਾਣਦੇ ਹੋ?

### ਇਸਲਾਮਿਕ ਬੈਂਕਿੰਗ ਕੀ ਹੈ?

ਇਸਲਾਮਿਕ ਬੈਂਕਿੰਗ ਇਸਲਾਮ ਦੇ ਇਸ ਅਸੂਲ 'ਤੇ ਆਧਾਰਤ ਹੈ ਕਿ ਉਧਾਰ ਦਿਤੀ ਗਈ ਰਕਮ ਉਪਰ ਵਿਆਜ ਨਾ ਲਿਆ ਜਾਵੇ। ਇਥੇ ਜ਼ੋਰ-ਜੋਖਮ ਅਤੇ ਮੁਨਾਫ਼ਾ ਸਾਂਝਾ ਕਰਨ 'ਤੇ ਹੈ ਅਤੇ ਸੂਦ ਲਿਆ ਜਾਣਾ ਮਨ੍ਹਾ ਹੈ ਕਿਉਂਕਿ ਇਸ ਨਾਲ ਕਰਜ਼ਦਾਰ ਕਰਜ਼ਦਾਤਾ ਹੇਠ ਦਬਿਆ ਜਾਂਦਾ ਹੈ। ਕਰਜ਼ਦਾਰ ਆਮ ਤੌਰ ਤੇ ਕਰਜ਼ਦਾਤਾ ਦੇ ਹੱਥੋਂ ਲੁੱਟ-ਖਸੁੱਟ ਦਾ ਸ਼ਿਕਾਰ ਹੁੰਦਾ ਹੈ। ਇਸਲਾਮ ਧਨ ਨੂੰ ਇਕ ਅਸਾਸਾ ਨਾ ਮੰਨ ਕੇ ਜੀਵਨ ਦੀਆਂ ਕਦਰਾਂ-ਕੀਮਤਾਂ ਪਰਖਣ ਦਾ ਵਸੀਲਾ ਮੰਨਦਾ ਹੈ। ਇਸਲਾਮਿਕ ਬੈਂਕਿੰਗ ਨੂੰ ਸਮਾਜਿਕ ਜ਼ਿੰਮੇਦਾਰੀ ਵਾਲਾ ਕਾਰਜ ਮੰਨਿਆ ਜਾਂਦਾ ਹੈ।

ਸੂਦ ਲਏ ਜਾਣ ਨੂੰ ਗ਼ੈਰ-ਵਾਜਬ ਅਤੇ ਕਰਜ਼ਦਾਤਾ ਦੇ ਹੱਕ ਵਿਚ ਨਿੱਬੜਦਾ ਮੰਨਦਿਆਂ ਇਸਲਾਮ ਵਿਚ ਇਸ ਦੀ ਸਖ਼ਤ ਮਨਾਹੀ ਹੈ। ਸ਼ਰੀਆ (ਇਸਲਾਮਿਕ ਕਾਨੂੰਨ) ਜੂਆ, ਸ਼ਰਾਬ ਤਿਆਰ ਕਰਨ ਜਿਹੀਆਂ ਮਨਾਹੀ ਵਾਲੀਆਂ ਸਰਗਰਮੀਆਂ ਵਿਚ ਸ਼ਾਮਿਲ ਕੰਪਨੀਆਂ ਨੂੰ ਛੱਡ ਕੇ ਕੰਪਨੀਆਂ ਵਿਚ ਸ਼ਿਅਰਾਂ ਦੇ ਰੂਪ ਵਿਚ ਹਿੱਸਾ ਪੂੰਜੀ ਲਾਉਣ ਦੀ ਇਜਾਜ਼ਤ ਦਿੰਦਾ ਹੈ।

1960 ਦੇ ਦਹਾਕੇ ਦੌਰਾਨ ਇਸਲਾਮਿਕ ਮੁਲਕਾਂ ਵਿਚ ਇਸ ਭਾਂਤ ਦੀ ਬੈਂਕਿੰਗ ਨੇ ਜ਼ੋਰ ਫੜਿਆ। 1975 ਵਿਚ, ਇਸਲਾਮਿਕ ਵਿਕਾਸ ਬੈਂਕ (ਆਈ ਡੀ ਬੀ) ਕਾਇਮ ਕੀਤਾ ਗਿਆ ਜਿਸ ਦਾ ਉਦੇਸ਼ ਮੈਂਬਰ ਦੇਸ਼ਾਂ ਨੂੰ ਮਾਲੀ ਮਦਦ ਮੁਹੱਈਆ ਕਰਾਉਣਾ ਹੈ। ਇਸ ਦਾ ਸਦਰ ਮੁਕਾਮ ਜੇਂਦਾਹ (ਸਾਊਦੀ ਅਰਬ) ਅਤੇ ਖੇਤਰੀ ਦਫ਼ਤਰ ਮੋਰੱਕੋ, ਮਲੇਸ਼ੀਆ ਅਤੇ ਸੇਨੇਗਲ ਵਿਚ ਹਨ। ਇਸ ਦਾ ਮਾਲੀ ਸਾਲ ਚੰਦ ਵਾਲਾ ਹਿਜਰੀ ਸਾਲ ਹੈ। ਇਸ ਬੈਂਕ ਦਾ ਉਦੇਸ਼ ਇਸਲਾਮਿਕ ਨੇਮਾਂ ਤਹਿਤ ਸਮਾਜਿਕ, ਆਰਥਿਕ, ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਬੈਂਕ ਮੈਂਬਰ ਦੇਸ਼ਾਂ ਦੀ ਮਦਦ ਤੋਂ ਇਲਾਵਾ ਉਤਪਾਦਕ ਉਦੇਸ਼ਾਂ ਲਈ ਕਰਜ਼ੇ ਦਿੰਦਾ ਹੈ ਅਤੇ ਪੂੰਜੀ ਬਾਜ਼ਾਰ ਵਿਚ ਸ਼ਮੂਲੀਅਤ ਕਰਦਾ ਹੈ। ਇਹ ਲੋਕਾਂ ਤੋਂ ਧਨ ਲੈ ਕੇ ਜਮ੍ਹਾਂ ਕਰਦਾ ਹੈ ਅਤੇ ਸ਼ਰੀਅਤ ਮੁਖੀ ਢੰਗਾਂ ਰਾਹੀਂ ਸਰੋਤ ਇਕੱਤਰ ਕਰਦਾ ਹੈ। ਇਹ ਮੈਂਬਰ ਦੇਸ਼ਾਂ ਦੀ ਖ਼ਾਸ ਕਰਕੇ ਪੂੰਜੀ ਵਸਤਾਂ ਦੇ ਵਿਦੇਸ਼ੀ ਵਪਾਰ ਵਿਚ ਮਦਦ ਕਰਦਾ ਹੈ। ਇਸ ਵੇਲੇ 56 ਇਸਲਾਮਿਕ ਦੇਸ਼ ਇਸ ਦੇ ਮੈਂਬਰ ਹਨ। ਜੂਨ 1992 ਤਕ, ਬੈਂਕ ਦੀ ਅਧਿਕਰਿਤ ਪੂੰਜੀ 3 ਅਰਬ ਇਸਲਾਮਿਕ ਦੀਨਾਰ ਸੀ ਅਤੇ ਇਕ ਰਿਪੋਰਟ ਮੁਤਾਬਿਕ ਇਸ ਦੀ ਵਿਕਾਸ ਦਰ 10 ਤੋਂ 15 ਪ੍ਰਤਿਸ਼ਤ ਸਾਲਾਨਾ ਹੈ। ਇਸਲਾਮਿਕ ਬੈਂਕਾਂ ਦੇ ਦੁਨੀਆਂ ਦੇ 51 ਦੇਸ਼ਾਂ 'ਚ ਫੈਲੇ 300 ਤੋਂ ਵੱਧ ਅਦਾਰੇ ਹਨ। ਸ਼ਰੀਆ ਆਧਾਰੀ ਅਸਾਸੇ ਅੰਦਾਜ਼ਨ 822 ਅਰਬ ਅਮਰੀਕੀ ਡਾਲਰ ਦੇ ਬਰਾਬਰ ਦੱਸੇ ਗਏ ਹਨ ਜੋ ਕਿ 2005 ਵਿਚ ਦੁਨੀਆਂ ਦੇ ਕੁੱਲ ਅਸਾਸਿਆਂ ਦਾ 0.5 ਪ੍ਰਤਿਸ਼ਤ ਬਣਦਾ ਹੈ।

ਇਸਲਾਮਿਕ ਬੈਂਕਿੰਗ ਰਵਾਇਤੀ ਬੈਂਕਾਂ ਵਾਂਗ ਹੀ ਕੰਮ ਕਰਨ ਅਤੇ ਉਦੇਸ਼ ਵਾਲੀ ਪ੍ਰਣਾਲੀ ਹੈ ਸਿਵਾਇ ਇਸ ਦੇ ਕਿ ਇਹ ਇਨਸਾਫ਼ ਅਤੇ ਨਿਰਪੇਖਤਾ ਵਾਲੇ ਇਸਲਾਮਿਕ ਕਾਨੂੰਨ ਨੂੰ ਸਾਹਮਣੇ ਰੱਖ ਕੇ ਚਲਦੀ ਹੈ। ਕੁਝ ਇਸਲਾਮਿਕ ਬੈਂਕਾਂ ਬਾਰੇ 100 ਪ੍ਰਤਿਸ਼ਤ ਰਾਖਵਾਂ ਅਨੁਪਾਤ ਰੱਖਣ ਦੀ ਗੱਲ ਕਹੀ ਜਾਂਦੀ ਹੈ। ਇਸਲਾਮਿਕ ਬੈਂਕ ਇਖਲਾਕੀ ਪੂੰਜੀਕਾਰੀ ਅਤੇ ਨੇਕ-ਨੀਤੀ ਵਾਲੀ ਖਰੀਦਾਰੀ ਦਾ ਦਾਅਵਾ ਕਰਦੇ ਹਨ। ਇਸਲਾਮਿਕ ਬੈਂਕਾਂ ਨੂੰ ਚੁਨੌਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਅਤੇ ਕੁਝ ਇਸਲਾਮੀ ਦੇਸ਼ਾਂ ਵਿਚ ਇਨ੍ਹਾਂ ਦੀਆਂ ਸਰਗਰਮੀਆਂ ਕੁਝ ਗ਼ੈਰ ਤਰਜੀਹੀ ਖੇਤਰ ਤਕ ਹੀ ਮਹਿਦੂਦ ਰਹਿੰਦੀਆਂ ਹਨ।

### ਖੁੱਲ੍ਹਾ ਸਰੋਤ ਸਾਫ਼ਟਵੇਅਰ ਕੀ ਹੈ?

ਖੁੱਲ੍ਹਾ ਸਰੋਤ ਪਹਿਲਕਦਮੀ (ਓ ਐੱਸ ਆਈ), ਮੁਤਾਬਿਕ ਖੁੱਲ੍ਹਾ ਸਰੋਤ ਸਾਫ਼ਟਵੇਅਰ ਅਜਿਹਾ ਪ੍ਰੋਗਰਾਮ ਹੈ ਜਿਸ ਨੂੰ ਕਿਸੇ ਵਲੋਂ ਵੀ ਆਜ਼ਾਦੀ ਨਾਲ ਵਰਤਿਆ ਜਾਂ ਬਦਲਿਆ (ਬਦਲਵੇਂ ਜਾਂ ਗ਼ੈਰ-ਬਦਲਵੇਂ ਰੂਪ ਵਿਚ) ਜਾ ਸਕਦਾ ਹੈ। ਖੁੱਲ੍ਹਾ ਸਰੋਤ ਸਾਫ਼ਟਵੇਅਰ ਨੂੰ ਕਈ ਲੋਕਾਂ ਵਲੋਂ ਤਿਆਰ ਕੀਤਾ ਅਤੇ ਲਾਇਸੰਸ ਹੇਠ ਵੰਡਿਆ ਜਾਂਦਾ ਹੈ। ਇਹ ਅਜਿਹਾ ਕੰਪਿਊਟਰ ਪ੍ਰੋਗਰਾਮ ਹੈ ਜਿਸ ਵਿਚ ਕਾਪੀਰਾਈਟ ਰੱਖਣ ਵਾਲਾ ਕਿਸੇ ਨੂੰ ਵੀ ਲਾਇਸੰਸ ਨਾਲ ਇਸ ਪ੍ਰੋਗਰਾਮ ਦੇ ਅਧਿਐਨ, ਬਦਲਾਅ ਅਤੇ ਵੰਡ ਦਾ ਹੱਕ ਦੇ ਸਕਦਾ ਹੈ।

'ਓਪਨ ਸੋਰਸ' ਨੂੰ 3 ਫ਼ਰਵਰੀ 1998 ਵਿਚ ਅਮਰੀਕਾ, ਕੈਲੇਫੋਰਨੀਆ ਦੇ ਪਾਲੋ ਆਲਟੋ ਵਲੋਂ ਈਜ਼ਾਦ ਕੀਤਾ ਗਿਆ। ਅਕਤੂਬਰ 1991 ਤਕ ਓ.ਐਸ.ਆਈ. ਨੇ ਆਪਣੇ ਪ੍ਰਵਾਨਤ ਲਾਇਸੰਸਾਂ ਦੀ ਪਹਿਲੀ ਰਸਮੀ ਸੂਚੀ ਜਾਰੀ ਕਰ ਦਿਤੀ ਸੀ। ਸਰਕਾਰਾਂ ਸਮੇਤ ਕਈ ਉੱਚ ਅਦਾਰਿਆਂ ਵਲੋਂ ਤੀਜੀ ਧਿਰ ਵਜੋਂ ਇਸ ਦਾ ਹਵਾਲਾ ਦਿਤਾ ਜਾਂਦਾ ਹੈ। ਫ਼੍ਰੀ ਸਾਫ਼ਟਵੇਅਰ ਫਾਊਂਡੇਸ਼ਨ ਨਾਲ ਓ ਐਸ ਆਈ ਮੁਫ਼ਤ ਅਤੇ ਖੁੱਲ੍ਹੇ ਸਰੋਤ ਵਿਕਾਸ-ਕਰਤਾ ਵਜੋਂ ਵੱਡੇ ਮੁੱਖ ਅਦਾਰਿਆਂ ਵਿਚੋਂ ਇਕ ਹੈ। ਮਲਕੀਅਤ ਦੇ ਹੱਕਾਂ ਵਾਲੇ ਸਾਫ਼ਟਵੇਅਰ ਦੇ ਮੁਕਾਬਲੇ ਇਹ ਸਾਫ਼ਟਵੇਅਰ ਆਜ਼ਾਦੀ ਦਿੰਦਾ ਹੈ ਅਤੇ ਇਸ ਸਾਫ਼ਟਵੇਅਰ ਦੇ ਵਿਕਾਸ ਵਿਚ ਵੱਡੀ ਸ਼ਮੂਲੀਅਤ ਸੰਭਵ ਬਣਾਈ ਜਾਂਦੀ ਹੈ। ਇਕ ਬੰਦ ਸਰੋਤ ਵਾਲਾ ਸਾਫ਼ਟਵੇਅਰ ਜਨਤਾ ਵਿਚ ਆਪਣੇ ਸਰੋਤ ਕੋਡ ਨੂੰ ਜ਼ਾਹਿਰ ਨਹੀਂ ਕਰਦਾ। ਖੁੱਲ੍ਹੇ ਸਰੋਤ ਸਿਲਸਿਲੇ ਦੇ ਕਈ ਵਰਤੋਂ ਢੰਗ ਹਨ ਅਤੇ ਇਹ ਦੂਰ-ਸੰਚਾਰ ਉਤਪਾਦਾਂ ਅਤੇ ਅਕਾਦਮਿਕ ਖੋਜ ਦੇ ਖੇਤਰਾਂ ਵਿਚ ਲਾਹੇਵੰਦ ਹੋ ਰਿਹਾ ਹੈ।

ਖੁੱਲ੍ਹਾ ਸਰੋਤ ਸਾਫ਼ਟਵੇਅਰ ਦਾ ਟੀਚਾ ਸਮਾਜ ਦੀ ਬੇਹਤਰੀ ਲਈ ਖੁੱਲ੍ਹਾ ਸਰੋਤ ਭਾਈਚਾਰੇ ਵਿਚਲੇ ਵੱਖ-ਵੱਖ ਹਲਕਿਆਂ ਦਰਮਿਆਨ ਸੰਬੰਧ ਕਾਇਮ ਕਰਨਾ ਹੈ ਅਤੇ ਇਸ ਦੇ ਹਾਮੀਆਂ ਮੁਤਾਬਿਕ ਇਹ ਸਿਲਸਿਲਾ ਮਾਲੀ ਅਤੇ ਰਣਨੀਤਕ ਫਾਇਦੇ ਵਾਲਾ ਹੈ।

ਖੁੱਲ੍ਹਾ ਸਰੋਤ ਸਾਫ਼ਟਵੇਅਰ ਨੂੰ ਵਪਾਰਕ ਉਦੇਸ਼ਾਂ ਲਈ ਵੀ ਵਰਤਿਆ ਜਾ ਸਕਦਾ ਹੈ ਪਰ ਅਜਿਹਾ ਵਰਤੋਂਕਾਰ ਅੱਗੋਂ ਉਸ ਤੋਂ ਇਸ ਖੁੱਲ੍ਹਾ ਸਾਫ਼ਟਵੇਅਰ ਨੂੰ ਹਾਸਲ ਕਰਨ ਵਾਲੇ ਉਪਰ ਅੱਗੋਂ ਪਾਬੰਦੀਆਂ ਨਹੀਂ ਲਾ ਸਕਦਾ। ਇਸ ਪ੍ਰੋਗਰਾਮ ਤਹਿਤ ਕਿਸੇ ਵਿਅਕਤੀ ਜਾਂ ਸਮੂਹ ਨਾਲ ਪੱਖ-ਪਾਤ ਨਹੀਂ ਕੀਤਾ ਜਾ ਸਕਦਾ। ਖੁੱਲ੍ਹਾ ਸਰੋਤ ਸਾਫ਼ਟਵੇਅਰ ਦੇ ਹਾਮੀਆਂ ਵਲੋਂ ਮਹਿਸੂਸ ਕੀਤਾ ਗਿਆ ਕਿ ਅਜਿਹੀ ਸਾਫ਼ਟਵੇਅਰ ਆਜ਼ਾਦੀ ਆਦਰਸ਼ ਨਹੀਂ ਬਲਕਿ ਅਮਲੀ ਹੈ। ਪ੍ਰਵਾਨਿਤ ਲਾਇਸੰਸ ਦੀ ਵਰਤੋਂ ਤੋਂ ਬਿਨਾਂ ਕਿਸੇ ਪ੍ਰੋਗਰਾਮ ਨੂੰ ਖੁੱਲ੍ਹੇ ਸਰੋਤ ਵਾਲਾ ਨਹੀਂ ਕਿਹਾ ਜਾ ਸਕਦਾ। ਜਿਥੋਂ ਤਕ ਜਨਤਕ ਹਲਕੇ ਵਿਚ ਸਾਫ਼ਟਵੇਅਰ ਦਾ ਤਾਅਲੁਕ ਹੈ, ਇਸ ਨੂੰ ਵੀ ਇਕ ਤਰ੍ਹਾਂ ਦਾ ਖੁੱਲ੍ਹਾ ਸਰੋਤ ਹੀ ਮੰਨਿਆ ਜਾਵੇਗਾ ਫਿਰ ਵੀ ਇਸ ਮੁੱਦੇ ਦੇ ਅਜੇ ਕਈ ਉਲਝੇਵੇਂ ਵੀ ਹਨ। ਓ ਐਸ ਆਈ ਵਰਗੇ ਅਦਾਰਿਆਂ ਦਾ ਕਹਿਣਾ ਕਿ ਉਹ ਕਾਨੂੰਨੀ ਸੇਵਾ ਵਾਲੇ ਅਦਾਰੇ ਨਹੀਂ ਹਨ ਅਤੇ ਕਾਪੀਰਾਈਟ ਲਾਇਸੰਸ ਦੀ ਉਲੰਘਣਾ ਦੇ ਮਾਮਲੇ ਵਿਚ ਆਮ ਤੌਰ ਤੇ ਕੋਈ ਮਦਦ ਪੇਸ਼ ਨਹੀਂ ਕਰ ਸਕਦੇ। ❑❑

# ਭਾਰਤੀ ਸੈਰ-ਸਪਾਟੇ ਦਾ ਵਿਕਾਸ

ਬਲਵਿੰਦਰ ਅੱਤਰੀ

ਅਕਸਰ ਕਿਹਾ ਜਾਂਦਾ ਹੈ ਕਿ ਮੂਰਖ ਭੌਂਦੇ ਫਿਰਦੇ ਨੇ ਤੇ ਸਿਆਣੇ ਯਾਤਰਾ ਕਰਦੇ ਹਨ। ਯਾਤਰਾ ਆਦਮੀ ਨੂੰ ਸੂਝਵਾਨ ਤੇ ਗਿਆਨਸ਼ੀਲ ਬਣਾਉਂਦੀ ਹੈ। ਯਾਤਰਾ ਦਾ ਸੈਰ-ਸਪਾਟੇ ਨਾਲ ਚਿਰਕਾਲ ਤੋਂ ਗਹਿਰਾ ਸੰਬੰਧ ਰਿਹਾ ਹੈ। ਭਾਰਤ ਵਿਸ਼ਵ ਦੇ ਉਨ੍ਹਾਂ ਚੋਣਵੇਂ ਦੇਸ਼ਾਂ ਵਿਚੋਂ ਇਕ ਹੈ, ਜਿਸ ਦਾ ਸੈਰ-ਸਪਾਟਾ ਖੇਤਰ 5 ਪ੍ਰਤਿਸ਼ਤ ਤੋਂ ਵਧੇਰੇ ਦਰ ਨਾਲ ਵਧ ਰਿਹਾ ਹੈ। ਵਿਸ਼ਵ ਯਾਤਰਾ ਤੇ ਸੈਰ-ਸਪਾਟਾ ਕੌਂਸਿਲ ਮੁਤਾਬਿਕ ਸਭ ਤੋਂ ਵਧੇਰੇ 10 ਸਾਲਾ ਵਿਕਾਸ ਸਮਰੱਥਾ ਦੇ ਨਾਲ 2021 ਤਕ ਭਾਰਤ 8.8 ਪ੍ਰਤਿਸ਼ਤ ਵਿਕਾਸ ਦਰ ਨਾਲ ਸੈਰ-ਸਪਾਟੇ ਦੀ ਖਿੱਚ ਦਾ ਮੁੱਖ ਕੇਂਦਰ ਬਣ ਜਾਵੇਗਾ।

ਸੈਰ-ਸਪਾਟੇ ਨੂੰ ਹਮੇਸ਼ਾ ਠੋਸ ਤੇ ਨਿਰੰਤਰ ਵਿਕਾਸ, ਰੁਜ਼ਗਾਰ ਨੂੰ ਹੱਲਾਸ਼ੇਰੀ ਦੇਣ ਤੇ ਵਿਦੇਸ਼ੀ ਮੁਦਰਾ ਦੀ ਕਮਾਈ ਦਾ ਇਕ ਮੁੱਖ ਧੁਰਾ ਮੰਨਿਆ ਜਾਂਦਾ ਹੈ। ਪੂਰੇ ਵਿਸ਼ਵ ਵਿਚ ਅਜਿਹਾ ਮੰਨਿਆ ਜਾਂਦਾ ਹੈ ਕਿ ਸਫ਼ਰ ਤੇ ਸੈਰ-ਸਪਾਟਾ ਖੇਤਰ ਗਰੀਬੀ ਘੱਟ ਕਰਨ, ਮਹਿਲਾਵਾਂ ਦੇ ਸ਼ਕਤੀਕਰਨ, ਨੌਜਵਾਨਾਂ ਤੇ ਪ੍ਰਵਾਸੀ ਕਾਮਿਆਂ ਲਈ ਨਵੇਂ ਰੁਜ਼ਗਾਰ ਮੁਹੱਈਆ ਕਰਵਾਉਣ ਵਿਚ ਸਹਾਇਕ ਹੁੰਦਾ ਹੈ। ਸੈਰ-ਸਪਾਟਾ ਖੇਤਰ ਦੇ ਮਹੱਤਵ ਦਾ ਅੰਦਾਜ਼ਾ ਇਸ ਤੋਂ ਸਹਿਜ ਹੀ ਲਗਾਇਆ ਜਾ ਸਕਦਾ ਹੈ ਕਿ ਵਿਸ਼ਵ ਦੇ 150 ਦੇਸ਼ਾਂ ਵਿਚ ਵਿਦੇਸ਼ੀ ਮੁਦਰਾ ਦੀ ਕਮਾਈ ਕਰਨ ਵਾਲੇ 5 ਪ੍ਰਮੁੱਖ ਖੇਤਰਾਂ ਵਿਚ ਸੈਰ-ਸਪਾਟਾ ਵੀ ਸ਼ਾਮਿਲ ਹੈ। 60 ਦੇਸ਼ਾਂ ਵਿਚ ਸਭ ਤੋਂ ਵਧੇਰੇ ਵਿਦੇਸ਼ੀ ਮੁਦਰਾ ਸੈਲਾਨੀਆਂ ਤੋਂ ਹੀ ਕਮਾਈ ਜਾਂਦੀ ਹੈ। ਯੋਜਨਾ ਕਮਿਸ਼ਨ ਦਾ ਅਨੁਮਾਨ ਹੈ ਕਿ ਹਰੇਕ 10 ਲੱਖ ਰੁਪਏ ਦੇ ਨਿਵੇਸ਼ ਨਾਲ ਸੈਰ-ਸਪਾਟਾ ਖੇਤਰ ਵਿਚ 78 ਲੋਕਾਂ ਨੂੰ ਰੁਜ਼ਗਾਰ ਦਿਤਾ ਜਾ ਸਕਦਾ ਹੈ।

ਸੈਰ-ਸਪਾਟਾ ਦੇ ਵਿਕਾਸ ਦਾ ਪੈਮਾਨਾ ਵਿਦੇਸ਼ੀ ਸੈਲਾਨੀਆਂ ਦੀ ਆਮਦ ਤੇ ਉਨ੍ਹਾਂ ਤੋਂ ਕਮਾਈ ਗਈ ਵਿਦੇਸ਼ੀ ਮੁਦਰਾ ਹੁੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਭਾਰਤ ਵਿਦੇਸ਼ੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸਾਲ 2012 ਵਿਚ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿਚ 5.4 ਪ੍ਰਤਿਸ਼ਤ ਦਾ ਵਾਧਾ ਹੋਇਆ। ਇਸ ਸਮੇਂ ਦੌਰਾਨ ਕੁੱਲ 66 ਲੱਖ 48 ਹਜ਼ਾਰ ਵਿਦੇਸ਼ੀ ਸੈਲਾਨੀ ਭਾਰਤ ਆਏ, ਜਦਕਿ 2011 ਵਿਚ 63 ਲੱਖ 9 ਹਜ਼ਾਰ ਵਿਦੇਸ਼ੀ ਸੈਲਾਨੀਆਂ ਦੀ ਆਮਦ ਹੋਈ ਸੀ। 2010 ਵਿਚ ਤਕਰੀਬਨ 62 ਲੱਖ 20 ਹਜ਼ਾਰ ਵਿਦੇਸ਼ੀ ਸੈਲਾਨੀ ਭਾਰਤ ਆਏ ਸਨ। ਵਿਦੇਸ਼ੀ ਸੈਲਾਨੀਆਂ ਦੀ ਆਮਦ ਨਾਲ ਵਿਦੇਸ਼ੀ ਸਿੱਕੇ ਦੀ ਕਮਾਈ ਵੀ ਲਗਾਤਾਰ ਵਧ ਰਹੀ ਹੈ ਤੇ 2012 ਵਿਚ ਇਸ ਕਮਾਈ ਵਿਚ 21.8 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਬੀਤੇ ਸਾਲ ਦੌਰਾਨ ਵਿਦੇਸ਼ੀ ਸੈਲਾਨੀਆਂ ਦੀ ਆਮਦ ਨਾਲ ਦੇਸ਼ ਨੂੰ ਕੁੱਲ 94 ਹਜ਼ਾਰ 487 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਹਾਸਿਲ ਹੋਈ ਜਦ ਕਿ 2011 ਵਿਚ ਇਹ ਕਮਾਈ 77 ਹਜ਼ਾਰ 591 ਕਰੋੜ ਰੁਪਏ ਸੀ। ਸਾਲ 2010 ਦੌਰਾਨ ਵਿਦੇਸ਼ੀ ਸੈਲਾਨੀਆਂ ਦੀ ਆਮਦ ਨਾਲ 64 ਹਜ਼ਾਰ 889 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਕਮਾਈ ਗਈ ਸੀ। 2010 ਤੋਂ ਚਲ ਰਹੀ ਆਮਦ ਉਪਰ ਵੀਜ਼ਾ ਯੋਜਨਾ ਨੂੰ ਚੰਗਾ ਹੁੰਗਾਰਾ ਮਿਲਿਆ ਹੈ ਤੇ 2012 ਵਿਚ ਇਸ ਯੋਜਨਾ ਹੇਠ 16 ਹਜ਼ਾਰ 84 ਵੀਜ਼ੇ ਜਾਰੀ ਕੀਤੇ ਗਏ ਜਿਹੜੇ 2011 ਨਾਲੋਂ 26 ਪ੍ਰਤਿਸ਼ਤ ਵਧੇਰੇ ਹਨ।

ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿਚ ਵਾਧੇ ਦੇ ਨਾਲ-ਨਾਲ ਘਰੇਲੂ ਸੈਰ-ਸਪਾਟੇ ਵਿਚ ਵੀ ਲਗਾਤਾਰ ਵਾਧੇ ਦਾ ਰੁਝਾਨ ਚਲ ਰਿਹਾ ਹੈ। ਮੁੱਢਲੇ ਅੰਕੜਿਆਂ ਅਨੁਸਾਰ ਸੈਲਾਨੀਆਂ ਦੀ ਗਿਣਤੀ 8 ਲੱਖ 50 ਹਜ਼ਾਰ ਤਕ ਪਹੁੰਚ ਗਈ ਹੈ ਜੋ 2009 ਵਿਚ 6 ਹਜ਼ਾਰ 688 ਲੱਖ ਤੇ 2010 ਵਿਚ 7 ਹਜ਼ਾਰ 442 ਲੱਖ ਸੀ। ਭਾਰਤ ਵਿਚ ਸੈਰ-ਸਪਾਟਾ ਸਭ ਤੋਂ ਵੱਡੇ ਸੇਵਾ ਉਦਯੋਗ ਵਜੋਂ ਵਿਕਸਤ ਹੋ ਰਿਹਾ ਹੈ ਜਿਹੜਾ ਕੁੱਲ ਰਾਸ਼ਟਰੀ ਉਤਪਾਦ ਵਿਚ 6.23 ਪ੍ਰਤਿਸ਼ਤ ਤੇ ਦੇਸ਼ ਦੇ ਰੁਜ਼ਗਾਰ ਵਿਚ 8.78 ਪ੍ਰਤਿਸ਼ਤ ਦਾ ਯੋਗਦਾਨ ਪਾ ਰਿਹਾ ਹੈ। ਪਰ ਅਜੇ ਵੀ ਇਸ ਖੇਤਰ ਦੇ ਵਿਕਾਸ ਦੀਆਂ ਅਪਾਰ ਸੰਭਾਵਨਾਵਾਂ ਹਨ। ਜਿਨ੍ਹਾਂ ਨੂੰ ਹਕੀਕਤ ਵਿਚ ਢਾਲਣ ਲਈ ਸੈਰ-ਸਪਾਟਾ ਦੇ ਵਿਕਾਸ ਲਈ ਰਾਸ਼ਟਰੀ ਨੀਤੀਆਂ ਤੇ ਪ੍ਰੋਗਰਾਮ ਬਣਾਉਣ ਵਿਚ ਨੋਡਲ ਏਜੰਸੀ ਦੇ ਤੌਰ ਤੇ ਕੰਮ ਕਰ ਰਿਹਾ ਹੈ। ਪਿਛਲੇ 3 ਮਾਲੀ ਵਰ੍ਹਿਆਂ ਵਿਚ ਸੈਰ-ਸਪਾਟਾ ਮੰਤਰਾਲਾ ਵੱਲੋਂ 698 ਪ੍ਰਾਜੈਕਟ ਮਨਜ਼ੂਰ ਕੀਤੇ ਗਏ ਹਨ ਜਿਸ ਹੇਠ 2 ਹਜ਼ਾਰ 378 ਕਰੋੜ ਰੁਪਏ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਦਿਤੇ ਗਏ ਹਨ। ਇਸ ਰਕਮ ਨਾਲ ਪ੍ਰਮੁੱਖ ਸੈਲਾਨੀ ਥਾਵਾਂ 'ਤੇ ਸਰਕਟਾਂ ਦਾ ਵਿਕਾਸ ਕੀਤਾ ਜਾਵੇਗਾ। ਅਤੁੱਲ ਭਾਰਤ ਮੁਹਿੰਮ ਨੇ ਵਿਦੇਸ਼ੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸੈਲਾਨੀਆਂ ਨੂੰ ਬਿਹਤਰ ਸੇਵਾਵਾਂ ਦੇਣ ਦੇ ਮਨੋਰਥ ਨਾਲ ਪ੍ਰਾਹੁਣਚਾਰੀ ਦੇ ਖੇਤਰ ਵਿਚ ਵਧੀਆ ਤੇ ਪ੍ਰਭਾਵੀ ਢੰਗ ਨਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਹੁਨਰ ਤੇ ਰੁਜ਼ਗਾਰ ਸਕੀਮ ਨਾ ਸਿਰਫ਼ ਸੈਲਾਨੀਆਂ ਲਈ ਸਗੋਂ ਰੁਜ਼ਗਾਰ ਦੀ ਤਲਾਸ਼ ਕਰ ਰਹੇ ਨੌਜਵਾਨਾਂ ਲਈ ਵੀ ਲਾਹੇਵੰਦ ਸਾਬਤ ਹੋ ਰਹੀ ਹੈ।

ਸੈਰ-ਸਪਾਟਾ ਮੰਤਰਾਲਾ ਦੇਸ਼ ਵਿਚ ਸੈਰ-ਸਪਾਟੇ ਨੂੰ ਇਸ ਢੰਗ ਨਾਲ ਵਿਕਸਤ ਕਰਨ ਲਈ ਵਚਨਬੱਧ ਹੈ ਤਾਂ ਜੋ ਇਸ ਵਿਕਾਸ ਦਾ ਫ਼ਾਇਦਾ ਆਮ ਆਦਮ ਨੂੰ ਪਹੁੰਚੇ। ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿਚ ਨਿੱਜੀ ਤੇ ਸਰਕਾਰੀ ਖੇਤਰ ਦੇ ਸਾਂਝੇ ਯਤਨਾਂ ਨਾਲ ਭਾਰਤ ਨੂੰ ਅੰਤਰਰਾਸ਼ਟਰੀ ਸੈਰ-ਸਪਾਟਾ ਖੇਤਰ ਵਿਚ ਇਕ ਅਹਿਮ ਦੇਸ਼ ਵਜੋਂ ਸਥਾਪਿਤ ਹੋਣ ਵਿਚ ਮਦਦ ਮਿਲੇਗੀ। ਇਸ ਨਾਲ ਇਕ ਪਾਸੇ ਦੇਸ਼ ਦੀ ਅੰਤਰਰਾਸ਼ਟਰੀ ਤਸਵੀਰ ਵਧੀਆ ਬਣੇਗੀ ਤੇ ਦੂਜੇ ਪਾਸੇ ਇਸ ਨਾਲ ਆਰਥਿਕ ਵਿਕਾਸ ਤੇ ਰੁਜ਼ਗਾਰ ਸਿਰਜਨ ਨੂੰ ਹੱਲਾਸ਼ੇਰੀ ਮਿਲੇਗੀ।

***– ਪੀ ਆਈ ਬੀ, ਜਲੰਧਰ***

# ਬਲੱਡ ਕੈਂਸਰ : ਕਾਰਨ, ਲੱਛਣ ਤੇ ਉਪਾਅ

ਡਾ. ਅਜੀਤਪਾਲ ਸਿੰਘ ਐਮ ਡੀ

ਲੱਖਾਂ ਸਾਲ ਪਹਿਲਾਂ ਜਦ ਧਰਤੀ 'ਤੇ ਮਨੁੱਖ ਬਣਿਆ ਤਾਂ ਉਹ ਵੀ ਇਕ ਜੰਗਲੀ ਜਾਨਵਰ ਸੀ। ਹੋਰਾਂ ਪਸ਼ੂਆਂ ਵਾਂਗ ਉਹ ਵੀ ਭੋਜਨ ਦੀ ਤਲਾਸ਼ 'ਚ ਭਟਕਦਾ ਰਹਿੰਦਾ ਸੀ। ਜੋ ਮਿਲਦਾ ਖਾ ਲੈਂਦਾ, ਕੁਦਰਤੀ ਆਸਰਿਆਂ 'ਚ ਸ਼ਰਨ ਲੈਂਦਾ, ਦਰਖ਼ੱਤਾਂ 'ਤੇ ਸੌਂਦਾ ਸੀ। ਜੀਵਨ ਅਣਘੜ, ਬੇਤਰਤੀਬਾ ਤੇ ਗ਼ੈਰ-ਹੁਨਰਮੰਦ ਸੀ। ਇਸ ਲਈ ਉਸ ਆਦਿਮ ਯੁੱਗ 'ਚ ਮਨੁੱਖ ਇੰਨਾ ਹੀ ਇਲਾਜ ਜਾਣਦਾ ਸੀ ਜਿੰਨਾ ਸਹਿਜ ਸੁਭਾਅ ਪਸ਼ੂ ਜਾਣਦੇ ਸਨ, ਜਿਵੇਂ ਜ਼ਖ਼ਮ ਹੋਣ 'ਤੇ ਕੁੱਤੇ ਉਸ ਨੂੰ ਚਟਦੇ ਹਨ, ਬੀਮਾਰ ਹੋਣ 'ਤੇ ਕਿਸੇ ਖੱਡੇ 'ਚ ਲੇਟੇ ਰਹਿੰਦੇ ਹਨ। ਸਰੀਰ ਉਤੇ ਜੀਭ ਮਾਰਨ ਦੀ ਕੋਸ਼ਿਸ਼ ਕਰਦੇ ਹਨ। ਆਰਾਮ ਕਰਦੇ ਹਨ, ਧੁੱਪ ਵਿਚ ਲੇਟਦੇ ਹਨ ਤੇ ਇਲਾਜ ਲਈ ਜੜੀਆਂ ਬੂਟੀਆਂ ਲੱਭਦੇ ਹਨ। ਹਜ਼ਾਰਾਂ ਸਾਲਾਂ ਤਕ ਇਹੀ ਚਲਦਾ ਰਿਹਾ। ਫਿਰ ਹੌਲੀ-ਹੌਲੀ ਦਿਮਾਗ ਦਾ ਵਿਕਾਸ ਹੋਇਆ, ਉਸ ਨੇ ਪੱਥਰ ਦੇ ਤਿੱਖੇ ਟੁਕੜਿਆਂ ਦੀ ਵਰਤੋਂ ਕਰਨੀ ਸਿੱਖੀ। ਸ਼ੁਰੂ ਵਿਚ ਉਸ ਨੇ ਪੱਥਰ ਦੇ ਅਜਿਹੇ ਹਥੌੜੇ ਤੇ ਕੁਹਾੜੀਆਂ ਬਣਾਈਆਂ ਜੋ ਉਸ ਦੀ ਮੁੱਠੀ ਵਿਚ ਆ ਜਾਣ, ਇਨ੍ਹਾਂ ਪੱਥਰਾਂ ਨਾਲ ਉਸ ਦੀ ਸ਼ਕਤੀ ਵਧੀ। ਹੁਣ ਉਹ ਇਨ੍ਹਾਂ ਦੀ ਮਦਦ ਨਾਲ ਸ਼ਿਕਾਰ ਕਰ ਸਕਦਾ ਸੀ, ਆਪਣੇ ਦੁਸ਼ਮਣਾਂ ਨੂੰ ਮਾਰ ਸਕਦਾ ਸੀ। ਪੱਥਰ ਯੁਗ ਦਾ ਮਾਨਵ ਵੱਧ ਬੁੱਧੀਮਾਨ ਤੇ ਕੁਸ਼ਲ ਪ੍ਰਾਣੀ ਸੀ।

ਇਲਾਜ ਦੀ ਸ਼ੁਰੂਆਤ ਪੂਰਵ-ਪਾਸ਼ਾਣ ਕਾਲ ਵਿਚ ਹੋਈ ਜੋ ਈਸਾ ਤੋਂ 3000 ਸਾਲ ਪਹਿਲਾਂ ਮੰਨਿਆ ਜਾ ਸਕਦਾ ਹੈ। ਪਿੰਡਰ ਖੋਹ 'ਚ ਮੈਮਥ (ਇਕ ਜਾਨਵਰ) ਦਾ ਇਕ ਅਜਿਹਾ ਚਿੱਤਰ ਮਿਲਿਆ ਹੈ ਜਿਸ ਵਿਚ ਦਿਲ ਵਿਖਾਇਆ ਗਿਆ ਹੈ। ਸਰੀਰ ਰਚਨਾ ਸ਼ਾਸਤਰ ਦਾ ਸ਼ਾਇਦ ਇਹ ਸਭ ਤੋਂ ਪਹਿਲਾ ਚਿੱਤਰ ਹੈ। ਉਸ ਸਮੇਂ ਦਾ ਮਾਨਵ ਇਹ ਜਾਣਨ ਲੱਗਿਆ ਸੀ ਮਨੁੱਖ ਤੇ ਪਸ਼ੂ ਦੀ ਛਾਤੀ 'ਚ ਇਕ ਅਜਿਹੀ ਥਾਂ ਹੈ ਜਿਥੇ ਹਮਲਾ ਕਰਕੇ ਸੱਟ ਮਾਰਨ ਨਾਲ ਉਹ ਫੌਰਨ ਮਰ ਜਾਂਦਾ ਹੈ। ਖ਼ੂਨ ਦੀ ਮਹੱਤਤਾ ਵੀ ਉਸ ਵੇਲੇ ਦਾ ਮਨੁੱਖ ਜਾਣ ਗਿਆ ਸੀ। ਇਸ ਲਈ ਉਸ ਦੇ ਪ੍ਰਤਿਰੂਪ ਵਜੋਂ ਉਸ ਨੇ ਗੇਰੂ ਦਾ ਰੰਗ ਚੁਣਿਆ ਜਿਸ ਨਾਲ ਉਹ ਮੁਰਦੇ ਨੂੰ ਰੰਗ ਲਾ ਕੇ ਜੀਵਨ ਦੇਣਾ ਚਾਹੁੰਦਾ ਸੀ।

ਮਾਨਵ ਦੀ ਵਿਕਾਸ ਯਾਤਰਾ ਨਾਲ ਜੁੜੀਆਂ ਇਹ ਗੱਲਾਂ ਭਾਵੇਂ ਹੀ ਸਾਨੂੰ ਰੌਚਕ ਲੱਗਣ ਪਰ ਦੇਖਿਆ ਜਾਵੇ ਤਾਂ ਉਸ ਆਦਿ ਤੇ ਪੂਰਵ ਪਾਸ਼ਾਣ ਯੁਗ ਮਾਨਵ ਦਾ ਜੀਵਨ ਨਿਸ਼ਚੇ ਹੀ ਬਹੁਤ ਕਠਿਨ ਤੇ ਸੰਘਰਸ਼ਮਈ ਸੀ। ਚਾਰੋਂ ਪਾਸੇ ਉਲਟੀਆਂ ਹਾਲਤਾਂ ਸਨ। ਸਮਝ 'ਚ ਨਾ ਆਉਣ ਵਾਲੀ ਕੁਦਰਤ ਦਾ ਇਕ ਗੋਰਖ ਧੰਦਾ ਸੀ। ਨਵ-ਪਾਸ਼ਾਣ ਯੁਗ ਦਾ ਮਨੁੱਖ ਕੁਸ਼ਲ ਹੋ ਗਿਆ ਸੀ। ਉਹ ਤੀਰ ਚਲਾਉਣਾ ਵੀ ਜਾਣਦਾ ਸੀ ਤੇ ਸਰੀਰ ਵਿਚ ਖੁੱਭੇ ਤੀਰ ਨੂੰ ਕੱਢਣਾ ਵੀ ਉਸ ਨੇ ਸਿੱਖ ਲਿਆ ਸੀ। ਯਾਨਿ ਅਪ੍ਰੇਸ਼ਨ ਦੀ ਨੀਂਹ ਧਰੀ ਜਾ ਚੁੱਕੀ ਸੀ। ਮਿਸਰ ਦੇ ਪੰਚਮਵੰਸ਼ ਦੀਆਂ ਸਮਾਧੀਆਂ 'ਚ ਅਜਿਹੇ 'ਸਿਪਲਿੰਟ' ਮਿਲੇ ਹਨ, ਜਿਨ੍ਹਾਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਾਸ਼ਾਣਕਾਲੀਨ ਮਾਨਵ ਹੱਡੀਆਂ ਟੁੱਟਣ 'ਤੇ ਖਲੋੜੀਆਂ ਦੀ ਵਰਤੋਂ ਕਰਦਾ ਸੀ। ਅੱਜ ਮਨੁੱਖ ਜਿਸ ਪੜਾਅ 'ਤੇ ਪਹੁੰਚ ਗਿਆ ਹੈ, ਲੱਖਾਂ ਸਾਲਾਂ ਦੀ ਵਿਕਾਸ ਪ੍ਰਕਿਰਿਆ ਦਾ ਹੀ ਇਹ ਸਿੱਟਾ ਹੈ।

ਅੱਜ ਇਲਾਜ ਬੇਹੱਦ ਉੱਨਤ ਹੈ ਪਰ ਪ੍ਰਾਚੀਨ ਕਾਲ ਦੇ ਇਲਾਜ ਨੂੰ 'ਬੇਕਾਰ' ਮੰਨ ਲੈਣਾ ਵੀ ਸਾਡੀ ਭੁੱਲ ਹੋਵੇਗੀ। ਵੱਖ-ਵੱਖ ਕਾਲਾਂ ਵਿਚ ਵੱਖ-ਵੱਖ ਸਭਿਅਤਾਵਾਂ 'ਚ ਰੋਗਾਂ ਨੂੰ ਕਿਸ ਨਜ਼ਰੀਏ ਨਾਲ ਵੇਖਿਆ ਜਾਂਦਾ ਸੀ ਤੇ ਉਨ੍ਹਾਂ ਨੂੰ ਦੂਰ ਕਰਨ ਲਈ ਕਿਹੜੇ-ਕਿਹੜੇ ਉਪਾਅ ਕੀਤੇ ਜਾਂਦੇ ਸਨ ਇਸ ਦੀ ਚਰਚਾ ਫੇਰ ਕਰਦੇ ਰਹਾਂਗੇ, ਫਿਲਹਾਲ ਇਕ ਨਵੀਂ ਚਰਚਾ ਦੀ ਨੀਂਹ ਰਖੀਏ ਜੋ ਕੈਂਸਰ ਨਾਮਕ ਰੋਗ ਨਾਲ ਜੁੜੀ ਹੋਈ ਹੈ।

ਕੈਂਸਰ ਸਾਰੇ ਸੰਸਾਰ ਨੂੰ ਭੈ-ਭੀਤ ਕਰੀ ਬੈਠਾ ਹੈ। ਸਾਲਾਂ ਤੋਂ ਇਲਾਜ-ਵਿਗਿਆਨੀ ਇਸ ਦੇ ਇਲਾਜ 'ਚ ਤਹਿ ਦਿਲੋਂ ਜੁਟੇ ਹੋਏ ਹਨ ਪਰ ਪੂਰੀ ਸਫਲਤਾ ਅਜੇ ਦੂਰ ਹੈ। ਸਾਡੇ ਦੇਸ਼ ਵਿਚ ਕੈਂਸਰ ਪੀੜਤਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਭਾਰਤ ਸਰਕਾਰ ਦੇ ਸਿਹਤ ਮੰਤਰਾਲਾ ਨੇ ਇਸ ਰੋਗ ਨਾਲ ਸੰਬੰਧਿਤ ਜੋ ਅੰਕੜੇ ਜਾਰੀ ਕੀਤੇ ਹਨ ਉਹ ਦਿਲ ਦਹਿਲਾ ਦੇਣ ਲਈ ਕਾਫ਼ੀ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਜਿਸ ਰਫ਼ਤਾਰ ਨਾਲ ਕੈਂਸਰ ਆਪਣੇ ਪੈਰ ਪਸਾਰ ਰਿਹਾ ਹੈ ਉਸ ਤੋਂ ਲਗਦਾ ਹੈ ਕਿ ਸੰਨ 2025 ਤਕ ਭਾਰਤ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 500 ਗੁਣਾ ਤਕ ਵਧ ਜਾਵੇਗੀ। ਇਨ੍ਹਾਂ ਵਿਚੋਂ 220 ਪ੍ਰਤਿਸ਼ਤ ਨੂੰ ਇਹ ਰੋਗ ਤੰਬਾਕੂ ਕਾਰਨ ਹੋਵੇਗਾ। ਹਾਲਾਂ ਕਿ ਤੰਬਾਕੂ ਦੀ ਵਰਤੋਂ ਵਿਚ ਕਮੀ ਵੀ ਹੋਈ ਹੈ ਪਰ ਉਸ ਦੀ ਥਾਂ ਵਾਤਾਵਰਨ ਪ੍ਰਦੂਸ਼ਨ ਨੇ ਲੈ ਲਈ ਹੈ ਜੋ ਕਿ ਖ਼ਾਸ ਕਰਕੇ ਸ਼ਹਿਰਾਂ ਵਿਚ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਹਰ ਸਾਲ ਕੈਂਸਰ ਦੇ 10 ਲੱਖ ਮਾਮਲੇ ਸਾਹਮਣੇ ਆਉਂਦੇ ਹਨ। ਉਨ੍ਹਾਂ ਵਿਚੋਂ 65 ਤੋਂ 80 ਪ੍ਰਤਿਸ਼ਤ ਰੋਗੀਆਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਆਧੁਨਿਕ ਜੀਵਨ ਸ਼ੈਲੀ ਕਾਰਨ ਇਹ ਰੋਗ ਹੋਇਆ।

ਮਰਦਾਂ ਵਿਚ ਕੈਂਸਰ ਦੀ ਮੁੱਖ ਵਜਹ ਤੰਬਾਕੂ ਦੀ ਵਰਤੋਂ ਹੈ, ਜਿਸ ਨਾਲ ਉਨ੍ਹਾਂ ਨੂੰ ਬ੍ਰੇਨ ਟਿਊਮਰ, ਮੂੰਹ, ਗਲ਼ੇ ਤੇ ਫੇਫੜਿਆਂ ਦਾ ਕੈਂਸਰ ਜ਼ਿਆਦਾ ਹੁੰਦਾ ਹੈ। ਮਰਦ ਗ੍ਰੰਥੀ (ਪ੍ਰੋਸਟੇਟ) ਦਾ ਕੈਂਸਰ ਵੀ ਮਰਦਾਂ ਵਿਚ ਕਾਫੀ ਹੁੰਦਾ ਹੈ। ਔਰਤਾਂ ਵਿਚ ਜ਼ਿਆਦਾਤਰ ਛਾਤੀ ਦੇ

ਕੈਂਸਰ ਦੇ ਮਾਮਲੇ ਵੇਖੇ ਜਾਂਦੇ ਹਨ। ਇਸ ਪਿੱਛੋਂ ਗਰਦਨ ਤੇ ਬੱਚੇਦਾਨੀ ਦੇ ਕੈਂਸਰ ਦਾ ਨੰਬਰ ਹੈ। ਬਲੱਡ ਕੈਂਸਰ ਵੀ ਅਣਗਿਣਤ ਲੋਕਾਂ ਦੇ ਖ਼ੂਨ 'ਚ ਫੈਲ ਕੇ ਹਰ ਪਲ ਮੌਤ ਦੇ ਮੂੰਹ ਵੱਲ ਵਧ ਰਿਹਾ ਹੈ। ਬੱਚਿਆਂ 'ਚ ਕੈਂਸਰ ਰੋਗਾਂ ਵਿਚ ਬਲੱਡ ਕੈਂਸਰ ਪਹਿਲੇ ਨੰਬਰ 'ਤੇ ਹੈ। ਇਥੇ ਸਾਡੀ ਚਰਚਾ ਦਾ ਵਿਸ਼ਾ ਖ਼ੂਨ 'ਚ ਘੁਲੇ ਇਸ ਜ਼ਹਿਰ 'ਤੇ ਹੀ ਹੈ, ਜਿਸ ਨੂੰ ਆਧੁਨਿਕ ਡਾਕਟਰੀ ਵਿਗਿਆਨ ਨੇ ਲਿਊਕੀਮੀਆ ਦਾ ਨਾਂ ਦਿਤਾ ਹੈ।

ਖ਼ੂਨ ਜੋ ਜੀਵਨ ਦਾ ਆਧਾਰ ਹੈ, ਉਸ ਵਿਚ ਜਦ ਕੈਂਸਰ ਦਾ ਜ਼ਹਿਰ ਘੁਲ ਜਾਂਦਾ ਹੈ ਤਾਂ ਇਹ ਖ਼ੂਨ ਜਾਨ ਦਾ ਦੁਸ਼ਮਣ ਬਣ ਜਾਂਦਾ ਹੈ। ਸਰੀਰ ਦੀ ਬੋਨ ਮੈਰੋ ਦੀ ਲਸਿਕਾ ਵਹਿਣੀ ਅਤੇ ਜਲੀ ਅੰਤਰਕਲਾ ਦਾ ਤੰਤਰ ਪ੍ਰਭਾਵਤ ਹੋਣ ਨਾਲ ਖ਼ੂਨ 'ਚ ਚਿੱਟੇ ਕਣਾਂ ਦਾ ਨਿਰਮਾਣ ਬਹੁਤ ਵੱਧ ਮਾਤਰਾ ਵਿਚ ਹੋਣ ਲਗਦਾ ਹੈ ਜਦ ਕਿ ਲਾਲ ਕਣਾਂ ਦਾ ਨਿਰਮਾਣ ਬਹੁਤ ਘੱਟ ਹੋ ਜਾਂਦਾ ਹੈ ਜਿਸ ਨਾਲ ਸਰੀਰ ਦੇ ਖ਼ੂਨ ਵਿਚ ਸਫੈਦ ਕਣਾਂ ਦੀ ਕੱਚ-ਘਰੜ ਹਾਲਤ ਵਾਲੇ ਕਣਾਂ ਦੀ ਗਿਣਤੀ ਇੰਨੀ ਜ਼ਿਆਦਾ ਵਧ ਜਾਂਦੀ ਹੈ ਕਿ ਕੈਂਸਰ ਬਣ ਜਾਂਦਾ ਹੈ। ਆਮ ਸਿਹਤਮੰਦ ਬੰਦੇ ਦੇ ਖ਼ੂਨ ਵਿਚ ਸਫੈਦ ਕਣਾਂ ਦੀ ਗਿਣਤੀ 6000 ਤੋਂ 4000 ਪ੍ਰਤਿ ਕਿਊਬਿਕ ਮਿ.ਮੀ. ਦੇ ਅਨੁਸਾਰ ਰਹਿੰਦੀ ਹੈ ਪਰ ਬਲੱਡ ਕੈਂਸਰ ਵਿਚ ਇਸ ਦੀ ਗਿਣਤੀ ਲੱਖਾਂ ਵਿਚ ਪਹੁੰਚ ਜਾਂਦੀ ਹੈ। ਲਹੂ ਵਿਚ ਚਿੱਟੇ ਕਣਾਂ ਦਾ ਇਹ ਬੇਲਗਾਮ ਵਾਧਾ ਕੈਂਸਰ ਦੀ ਵਜਹ ਹੁੰਦੀ ਹੈ। ਸਫੈਦ ਕਣਾਂ ਨੂੰ ਲਿਊਕੋਸਾਈਟ ਕਹਿੰਦੇ ਹਨ ਤੇ ਨਿਊਕੀਮੀਆ ਵੀ।

ਬਲੱਡ ਕੈਂਸਰ ਦੋ ਤਰ੍ਹਾਂ ਦਾ ਹੁੰਦਾ ਹੈ (1) ਲਿਮਫੈਟਿਕ (2) ਮਾਈਲੋਇਡ।

***ਲਿਮਫੈਟਿਕ ਕੈਂਸਰ*** – ਇਸ ਵਿਚ ਲਿੰਫ ਗ੍ਰੰਥੀਆਂ ਆਕਾਰ ਤੇ ਗਿਣਤੀ ਵਿਚ ਬੇਲਗਾਮ ਵਾਧਾ ਕਰਦੀਆਂ ਹਨ। ਸਿੱਟੇ ਵਜੋਂ, ਖ਼ੂਨ ਵਿਚ ਲਸੀਕਾ ਕਣਿਕਾ ਦੀ ਮਾਤਰਾ ਜ਼ਿਆਦਾ ਵਧ ਜਾਂਦੀ ਹੈ ਤੇ ਬਲੱਡ ਕੈਂਸਰ ਹੋ ਜਾਂਦਾ ਹੈ।

***ਬੋਨ ਮੈਰੋ ਬਲੱਡ ਕੈਂਸਰ*** – ਇਸ ਵਿਚ ਬੋਨ ਮੈਰੋ ਦਾ ਵਾਧਾ ਹੋ ਕੇ ਉਸ ਦੇ ਰਕਤਾਣੂ 'ਚ ਤਬਦੀਲੀ ਹੋ ਜਾਂਦੀ ਹੈ। ਇਸ ਦੇ ਨਾਲ ਰੋਗੀ ਦੀ ਪਲੀਗ ਵੀ ਵਧਦੀ ਹੈ ਤੇ ਖ਼ੂਨ ਵਿਚ ਮਾਈਲੋਸਾਈਟਸ ਦੇ ਬੇਲਗਾਮ ਵਾਧੇ ਨਾਲ ਬਲੱਡ ਕੈਂਸਰ ਪੈਦਾ ਹੁੰਦਾ ਹੈ। ਇਸ ਨੂੰ ਇਉਂ ਸਮਝੋ ਸਰੀਰਕ ਕਿਰਿਆ ਵਿਗਿਆਨ ਦੇ ਨਜ਼ਰੀਏ ਤੋਂ ਬਲੱਡ ਕੈਂਸਰ ਵਿਚ ਖ਼ੂਨ ਅੰਦਰ ਕੱਚੇ ਤੇ ਨਿਕੰਮੇ ਜਾਂ ਗ਼ੈਰ ਜ਼ਰੂਰੀ ਰਕਤਾਣੂ ਬੇਲਗਾਮ ਤੌਰ ਤੇ ਬਹੁਤ ਜ਼ਿਆਦਾ ਵਧ ਜਾਂਦੇ ਹਨ। ਇਸ ਨਾਲ ਲਹੂ ਨਿਰਮਾਣ ਕਰਨ ਵਾਲੀ ਬੋਨ ਮੈਰੋ ਨੂੰ ਖੋਰਾ ਲੱਗਣ ਲਗਦਾ ਹੈ, ਨਾਲ ਹੀ ਲਸਿਕਾ ਗ੍ਰੰਥੀਆਂ, ਪਲੀਗ, ਲਿਵਰ (ਜਿਗਰ), ਥਾਈਮਸ (ਕੰਠ) ਗ੍ਰੰਥੀਆਂ ਬੇਹੱਦ ਤੇਜ਼ੀ ਨਾਲ ਵਧਣ ਲਗਦੀਆਂ ਹਨ। ਨਵੇਂ ਪੈਦਾ ਹੋਏ ਇਨ੍ਹਾਂ ਸੈੱਲਾਂ ਕਾਰਨ ਫੈਲ ਕੇ ਆਕਾਰ ਵਿਚ ਵਧ ਕੇ ਬਲੱਡ ਕੈਂਸਰ ਦਾ ਸੰਕੇਤ ਦਿੰਦੀਆਂ ਹਨ।

## ਕਿਉਂ ਹੁੰਦਾ ਹੈ ਬਲੱਡ ਕੈਂਸਰ?

ਰਕਤ ਕੈਂਸਰ ਹੋਣ ਦਾ ਕੋਈ ਇਕ ਆਮ ਕਾਰਨ ਨਹੀਂ ਹੈ। ਬਹੁਤੇ ਵਿਦਵਾਨਾਂ ਅਨੁਸਾਰ ਜੋ ਬੰਦਾ ਲੰਮੇ ਸਮੇਂ ਤਕ ਵਾਰ-ਵਾਰ ਬੁਖਾਰ ਦਾ ਸ਼ਿਕਾਰ ਹੁੰਦਾ ਹੈ ਤੇ ਉਸ ਨੂੰ ਜੜ੍ਹ ਤੋਂ ਖਤਮ ਕਰਨ ਲਈ ਉਸ ਨੂੰ ਦਬਾਉਣ ਦਾ ਇਲਾਜ ਲੈਂਦੇ ਰਹਿੰਦੇ ਹਨ ਤੇ ਨਾਲ ਹੀ ਸਹੀ ਹਦਾਇਤਾਂ ਦੀ ਪਾਲਣਾ ਨਹੀਂ ਕਰਦੇ, ਇਸ ਨਾਲ ਬਲੱਡ ਕੈਂਸਰ ਦਾ ਆਧਾਰ ਤਿਆਰ ਹੋ ਜਾਂਦਾ ਹੈ ਤੇ ਸਰੀਰ ਵਿਚ ਕਮਜ਼ੋਰੀ ਆ ਜਾਂਦੀ ਹੈ। ਇਸ ਤੋਂ ਇਲਾਵਾ, ਜਲਵਾਯੂ ਪ੍ਰਦੂਸ਼ਣ ਵੀ ਬਲੱਡ ਕੈਂਸਰ ਲਈ ਉੱਤਰਦਾਈ ਮੰਨਿਆ ਜਾ ਸਕਦਾ ਹੈ। ਈ ਐਸ ਆਰ ਵਧ ਜਾਂਦਾ ਹੈ। ਹਵਾ ਵਿਚ ਘੁਲੇ-ਮਿਲੇ ਘਾਤਕ ਅਣੂ-ਪ੍ਰਮਾਣੂ ਸਾਹ ਰਾਹੀਂ ਸਰੀਰ ਵਿਚ ਜਾ ਕੇ ਉਸ ਨੂੰ ਦੂਸ਼ਿਤ ਕਰਨ ਲਗਦੇ ਹਨ। ਜਿਸ ਤਰ੍ਹਾਂ ਹਵਾ ਵਿਚ ਮੌਜੂਦ ਆਕਸੀਜਨ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ ਉਸ ਦੀ ਅਸ਼ੁੱਧੀ ਦੂਰ ਹੋ ਜਾਂਦੀ ਹੈ, ਇਸੇ ਤਰ੍ਹਾਂ ਦੂਸ਼ਿਤ ਹਵਾ ਖ਼ੂਨ ਨੂੰ ਦੂਸ਼ਿਤ ਤਾਂ ਕਰੇਗੀ ਹੀ, ਇਸ ਵਿਚ ਕੋਈ ਸ਼ੱਕ ਨਹੀਂ। ਕੁਝ ਅਜਿਹੀਆਂ ਅੰਗਰੇਜ਼ੀ ਦਵਾਈਆਂ ਵੀ ਬਲੱਡ ਕੈਂਸਰ ਦੀ ਵਜਹ ਬਣ ਸਕਦੀਆਂ ਹਨ ਜਿਨ੍ਹਾਂ ਦੇ ਘਟਕ ਦਰੱਵ ਬੇਹੱਦ ਤੇਜ਼ ਤੇ ਖ਼ੂਨ 'ਚ ਘੁਲ ਕੇ ਘਾਤਕ ਪ੍ਰਭਾਵ ਰਖਦੇ ਹਨ। ਮਾਤਾ-ਪਿਤਾ ਦੇ ਖ਼ੂਨ ਦੇ ਵਿਗਾੜ ਔਲਾਦ ਵਿਚ ਬਲੱਡ ਕੈਂਸਰ ਦਾ ਕਾਰਨ ਬਣ ਸਕਦੇ ਹਨ। ਅਣਜਾਣੇ 'ਚ ਜੇ ਕੋਈ ਔਰਤ ਗਰਭ ਦੌਰਾਨ ਅਜਿਹੇ ਆਹਾਰ-ਵਿਹਾਰ ਵਰਤੇ ਜੋ ਖ਼ੂਨ ਨੂੰ ਦੂਸ਼ਿਤ ਕਰਨ, ਤਦ ਵੀ ਕੈਂਸਰ ਹੋ ਸਕਦਾ ਹੈ। ਬਿਜਲੀ ਉਪਕਰਨਾਂ ਨੇੜੇ ਲੰਮੇ ਸਮੇਂ ਤਕ ਰਹਿਣ ਕਾਰਨ ਵੀ ਕੈਂਸਰ ਹੋ ਸਕਦਾ ਹੈ। ਮੋਬਾਇਲ ਟਾਵਰ ਦੇ ਨੇੜੇ ਰਹਿਣਾ ਵੀ ਕੈਂਸਰ ਪੈਦਾ ਕਰ ਸਕਦਾ ਹੈ। ਐਕਸਰੇ ਦਾ ਲਗਾਤਾਰ ਸੰਪਰਕ ਵੀ ਬਲੱਡ ਕੈਂਸਰ ਦੀ ਸੰਭਾਵਨਾ ਵਧਾ ਦਿੰਦਾ ਹੈ।

## ਬਲੱਡ ਕੈਂਸਰ ਦੇ ਲੱਛਣ

**ਬਲੱਡ ਕੈਂਸਰ 'ਚ ਬੁਖਾਰ, ਖ਼ੂਨ ਦੀ ਕਮੀ, ਕਿਸੇ ਵੀ ਅੰਗ ਵਿਚ ਖ਼ੂਨ ਦਾ ਵਗਣਾ, ਚਮੜੀ, ਹੱਡੀ ਜਾਂ ਦਿਮਾਗ 'ਚ ਰਸੌਲੀ ਹੋਣੀ, ਕੋਈ ਤੇਜ਼ ਬੁਖਾਰ ਆਉਣਾ, ਗਲੇ ਵਿਚ ਖੁਸ਼ਕੀ ਬਣੀ ਰਹਿਣੀ, ਬੇਹੱਦ ਕਮਜ਼ੋਰੀ ਲਿਮਫੈਟਿਕ ਗ੍ਰੰਥੀਆਂ ਦਾ ਵੱਡਾ ਹੋ ਕੇ ਫੁੱਲ ਜਾਣਾ। ਬੱਚੇ ਦਾ ਕਮਜ਼ੋਰ ਸਰੀਰ ਪਰ ਪੇਟ ਵਧਿਆ ਹੋਇਆ, ਅੰਦਰ ਖ਼ੂਨ ਵਗਣਾ, ਹੱਡੀਆਂ ਵਿਚ ਦਰਦ ਹੋਣਾ, ਸਰੀਰ ਦਾ ਵਜ਼ਨ ਵਧਣਾ। ਜਦ ਰੋਗ ਪੁਰਾਣਾ ਹੋ ਜਾਵੇ ਤਾਂ ਸਪਲੀਨ ਸਖ਼ਤ ਤੇ ਵੱਡੀ ਲਗਦੀ ਹੈ। ਬਲੱਡ ਕੈਂਸਰ ਦਾ ਰੋਗੀ ਧੁੱਪ ਸਹਿਣ ਨਹੀਂ ਕਰ ਸਕਦਾ। ਉਸ ਨੂੰ ਪਸੀਨਾ ਵੱਧ ਆਉਂਦਾ ਹੈ। ਥੋੜ੍ਹਾ ਕੰਮ ਕਰਨ ਨਾਲ ਸਾਹ ਚੜ੍ਹਨ ਲਗਦਾ ਹੈ। ਰੋਗ ਜਦੋਂ ਗੰਭੀਰ ਹੋ ਜਾਵੇ ਤਾਂ ਬ੍ਰੇਨ ਹੈਮਰੇਜ, ਅੱਖਾਂ ਦਾ ਅੰਨ੍ਹਾਪਣ, ਪਲਕਾਂ 'ਤੇ ਸੋਜ, ਪੇਟ ਦਰਦ, ਚਮੜੀ ਦਾ ਫਿੱਕਾ ਰੰਗ ਆਦਿ ਲੱਛਣ ਹੁੰਦੇ ਹਨ।**

ਕੈਂਸਰ ਦੀ ਆਖਰੀ ਸਟੇਜ ਵਿਚ ਮੂੰਹ, ਨੱਕ, ਗੁਦਾ ਆਦਿ 'ਚੋ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ। ਗਲ਼ੇ 'ਚ ਜਖਮ, ਸਾਹ ਫੁਲਣ ਲਗਦਾ ਹੈ, ਬੁਖ਼ਾਰ, ਮਸੂੜੇ ਫੁਲਣਾ, ਆਂਤਾਂ 'ਚ ਜਖਮ ਆਦਿ। ਉੱਕਤ ਲੱਛਣ ਕੈਂਸਰ ਦੇ ਹਨ ਜਾਂ ਨਹੀਂ, ਇਹ ਨਿਸ਼ਚਤ ਕਰਨ ਲਈ ਰੋਗੀ ਦੀ ਛਾਤੀ ਦਾ ਐਕਸਰੇ ਲਿਆ ਜਾਂਦਾ ਹੈ। ਖ਼ੂਨ ਦੀ ਖੁਰਦਬੀਨੀ ਜਾਂਚ। ਤਿਲੀ ਵਧੀ ਹੋਈ। ਕਦੇ ਦੰਦ ਕੱਢਣ ਵੇਲੇ ਖ਼ੂਨ ਵਗਣੋਂ ਨਾ ਹਟਣਾ। ਰੋਗੀ ਦੀ ਅੱਖ, ਚਿਹਰਾ, ਨਹੁੰ ਤੇ ਚਮੜੀ 'ਤੇ ਲਾਲ ਧੱਬੇ ਪੈਣ ਦੀ ਵਜਹ ਬਲੱਡ ਕੈਂਸਰ ਹੋ ਸਕਦੀ ਹੈ। ਖ਼ੂਨ ਵਿਚ ਚਿੱਟੇ ਕਣਾਂ ਦੀ ਗਿਣਤੀ ਲੱਖਾਂ ਵਿਚ ਪੁੱਜ ਜਾਂਦੀ ਹੈ। ਬਲੱਡ ਕੈਂਸਰ ਦਾ ਕੋਈ ਅਸਰਦਾਇਕ ਇਲਾਜ ਨਹੀਂ ਹੈ। ਰੇਡੀਓਥੇਰੈਪੀ ਤੇ ਬੋਨ ਮੈਰੋ ਟਰਾਂਸਪਲਾਂਟ ਨਾਲ ਜੀਵਨ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

***(ਲੇਖਕ ਉੱਘਾ ਫਿਜੀਸ਼ੀਅਨ ਹੈ।)***

## ਇਤਿਹਾਸਕ ਤੇ ਕ੍ਰਾਂਤੀਕਾਰੀ ਲੋਕਪਾਲ ਅਤੇ ਲੋਕਾਯੁਕਤ ਬਿਲ 2011

ਸੰਸਦ ਵਲੋਂ ਇਤਿਹਾਸਕ ਤੇ ਕ੍ਰਾਂਤੀਕਾਰੀ ਲੋਕਪਾਲ ਅਤੇ ਲੋਕਾਯੁਕਤ ਬਿਲ 2011 ਨੂੰ ਆਪਣੀ ਮਨਜ਼ੂਰੀ ਦਿਤੀ ਗਈ ਹੈ। ਇਸ ਬਿਲ ਨੂੰ ਰਾਜ ਸਭਾ ਨੇ ਤਰਮੀਮਾਂ ਨਾਲ ਪੇਸ਼ ਕੀਤਾ ਸੀ ਤੇ ਲੋਕ ਸਭਾ ਨੇ ਰਾਜ ਸਭਾ ਵਲੋਂ ਪਾਸ ਕੀਤੇ ਗਏ ਬਿਲ ਨੂੰ ਜਿਉਂ ਦੀ ਤਿਉਂ ਆਪਣੀ ਪ੍ਰਵਾਨਗੀ ਦੇ ਦਿਤੀ ਹੈ। ਕਾਨੂੰਨ ਤੇ ਨਿਆਂ ਮੰਤਰੀ ਸ੍ਰੀ ਕਪਿਲ ਸਿੱਬਲ ਨੇ ਕਿਹਾ ਕਿ ਇਸ ਬਿਲ ਉੱਪਰ 2011 ਵਿਚ ਕਾਫ਼ੀ ਵਿਚਾਰ-ਵਟਾਂਦਰਾ ਹੋ ਚੁੱਕਾ ਤੇ ਹੁਣ ਰਾਜ ਸਭਾ ਨੇ ਵੀ ਇਸ ਉੱਪਰ ਵਿਚਾਰ ਕੀਤਾ ਹੈ। ਸਿੱਬਲ ਨੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਸਭਾ ਵਲੋਂ ਸੋਧੇ ਤੇ ਪਾਸ ਕੀਤੇ ਗਏ ਬਿਲ ਨੂੰ ਆਪਣੀ ਮਨਜ਼ੂਰੀ ਦੇਣ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਸ ਸੈਸ਼ਨ ਦੌਰਾਨ ਸਦਨ ਇਕ ਦਿਨ ਵੀ ਚੰਗੀ ਤਰ੍ਹਾਂ ਕੰਮ ਨਹੀਂ ਕਰ ਸਕਿਆ ਤੇ ਜੇ ਸਦਨ ਇਸ ਬਿਲ ਨੂੰ ਪਾਸ ਕਰ ਦਿੰਦਾ ਹੈ ਤਾਂ ਇਹ ਇਕ ਯਾਦਗਾਰੀ ਸੈਸ਼ਨ ਬਣ ਜਾਵੇਗਾ। ਬਿਲ 'ਤੇ ਹੋਈ ਬਹਿਸ ਵਿਚ ਹਿੱਸਾ ਲੈਂਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਇਕ ਇਤਿਹਾਸਕ ਮੌਕਾ ਹੈ ਜਦ ਇਹ ਸਦਨ ਇਸ ਬਿਲ ਨੂੰ ਆਪਣੀ ਮਨਜ਼ੂਰੀ ਦੇ ਰਿਹਾ ਹੈ ਕਿਉਂਕਿ ਇਹ ਬਿਲ ਪਿਛਲੇ 45 ਸਾਲਾਂ ਵਿਚ ਪਾਸ ਨਹੀਂ ਹੋ ਸਕਿਆ। ਭਾਵੇਂ ਕੁਝ ਧਿਰਾਂ ਵਲੋਂ ਇਸ ਬਿਲ ਦਾ ਵਿਰੋਧ ਕੀਤਾ ਜਾ ਰਿਹਾ ਹੈ ਪਰ ਸਭ ਇਹ ਸਵੀਕਾਰ ਕਰਦੇ ਹਨ ਕਿ ਇਸ ਬਿਲ ਦੇ ਪਾਸ ਹੋਣ ਨਾਲ ਭ੍ਰਿਸ਼ਟਾਚਾਰ ਦੇ ਖਾਤਮੇ ਤੇ ਵਧੀਆ ਪ੍ਰਸ਼ਾਸਨ ਵੱਲ ਇਕ ਇਤਿਹਾਸਕ ਤੇ ਕ੍ਰਾਂਤੀਕਾਰੀ ਕਦਮ ਪੁੱਟਿਆ ਗਿਆ ਹੈ।

ਆਓ, ਲੋਕਪਾਲ ਅਤੇ ਲੋਕਾਯੁਕਤ ਬਿਲ 2011 ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ 'ਤੇ ਇਕ ਝਾਤੀ ਮਾਰੀਏ :-

- ਕੇਂਦਰੀ ਪੱਧਰ 'ਤੇ ਲੋਕਪਾਲ ਤੇ ਰਾਜਾਂ ਦੇ ਪੱਧਰ 'ਤੇ ਲੋਕਾਯੁਕਤ ਦਾ ਗਠਨ ਹੋਵੇਗਾ।
- ਲੋਕਪਾਲ ਦਾ ਇਕ ਚੇਅਰਪਰਸਨ ਹੋਵੇਗਾ ਤੇ ਇਸ ਦੇ ਵੱਧ ਤੋਂ ਵੱਧ 8 ਮੈਂਬਰ ਹੋਣਗੇ ਜਿਸ ਵਿਚੋਂ 50 ਪ੍ਰਤਿਸ਼ਤ ਮੈਂਬਰ ਨਿਆਂ ਖੇਤਰ ਨਾਲ ਜੁੜੇ ਹੋਣਗੇ।
- ਲੋਕਪਾਲ ਦੇ 50 ਪ੍ਰਤਿਸ਼ਤ ਮੈਂਬਰ ਅਨੁਸੂਚਿਤ ਜਾਤੀ, ਜਨਜਾਤੀ, ਹੋਰਨਾਂ ਪੱਛੜੇ ਵਰਗਾਂ, ਘੱਟ ਗਿਣਤੀਆਂ ਤੇ ਮਹਿਲਾਵਾਂ ਵਿਚੋਂ ਲਏ ਜਾਣਗੇ।
- ਲੋਕਪਾਲ ਦੇ ਚੇਅਰਪਰਸਨ ਤੇ ਮੈਂਬਰਾਂ ਦੀ ਚੋਣ ਵਾਸਤੇ ਪ੍ਰਧਾਨ ਮੰਤਰੀ, ਲੋਕ ਸਭਾ ਸਪੀਕਰ, ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ, ਭਾਰਤ ਦੇ ਚੀਫ ਜਸਟਿਸ ਜਾਂ ਚੀਫ ਜਸਟਿਸ ਵਲੋਂ ਮਨੋਨੀਤ ਸੁਪਰੀਮ ਕੋਰਟ ਦੇ ਜੱਜ ਤੇ ਚੋਣ ਕਮੇਟੀ ਦੇ ਪਹਿਲੇ 4 ਮੈਂਬਰਾਂ ਵਲੋਂ ਕੀਤੀ ਗਈ ਸਿਫ਼ਾਰਸ਼ ਦੇ ਆਧਾਰ 'ਤੇ ਰਾਸ਼ਟਰਪਤੀ ਵਲੋਂ ਮਨੋਨੀਤ ਪ੍ਰਮੁੱਖ ਨਿਆਇਕ ਵਿਅਕਤੀ 'ਤੇ ਆਧਾਰਤ ਕਮੇਟੀ ਵਲੋਂ ਕੀਤੀ ਜਾਵੇਗੀ।
- ਪ੍ਰਧਾਨ ਮੰਤਰੀ ਨੂੰ ਵੀ ਲੋਕਪਾਲ ਦੇ ਘੇਰੇ ਵਿਚ ਲਿਆਂਦਾ ਗਿਆ ਹੈ।
- ਲੋਕਪਾਲ ਦੇ ਦਾਇਰੇ ਅੰਦਰ ਸਭ ਵਰਗਾਂ ਦੇ ਜਨਤਕ ਸੇਵਕ ਅਰਥਾਤ ਵਰਗ ਏ, ਬੀ, ਸੀ, ਡੀ ਕਰਮਚਾਰੀ ਵੀ ਆਉਣਗੇ।
- ਕੋਈ ਵੀ ਅਜਿਹੀ ਸੰਸਥਾ ਜਿਸ ਨੂੰ ਸਾਲ ਵਿਚ 10 ਲੱਖ ਤੋਂ ਵਧੇਰੇ ਵਿਦੇਸ਼ੀ ਸਰੋਤਾਂ ਰਾਹੀਂ ਦਾਨ ਹਾਸਲ ਹੋਵੇਗਾ, ਉਹ ਵੀ ਲੋਕਪਾਲ ਦੇ ਦਾਇਰੇ ਅੰਦਰ ਆਵੇਗੀ।
- ਬਿਲ ਵਿਚ ਈਮਾਨਦਾਰ ਤੇ ਹੋਣਹਾਰ ਜਨਤਕ ਸੇਵਕਾਂ ਦੀ ਸੁਰੱਖਿਆ ਦਾ ਲੋੜੀਂਦਾ ਪ੍ਰਬੰਧ ਕੀਤਾ ਗਿਆ ਹੈ। ਲੋਕਪਾਲ ਵਲੋਂ ਜਾਂਚ ਏਜੰਸੀਆਂ ਨੂੰ ਦਿਤੇ ਗਏ ਮਾਮਲਿਆਂ ਸੰਬੰਧੀ ਸੀ ਬੀ ਆਈ ਸਮੇਤ ਸਾਰੀਆਂ ਜਾਂਚ ਏਜੰਸੀਆਂ ਨੂੰ ਹਦਾਇਤ ਦੇਣ ਦੀ ਲੋਕਪਾਲ ਕੋਲ ਸ਼ਕਤੀ ਹੋਵੇਗੀ।
- ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਉੱਚ ਪੱਧਰੀ ਕਮੇਟੀ ਵਲੋਂ ਸੀ ਬੀ ਆਈ ਦੇ ਨਿਰਦੇਸ਼ਕ ਦੀ ਚੋਣ ਬਾਰੇ ਸਿਫ਼ਾਰਸ਼ ਕੀਤੀ ਜਾਵੇਗੀ।
- ਬਿਲ ਵਿਚ ਵਿਸ਼ੇਸ਼ ਅਦਾਲਤਾਂ ਦੇ ਗਠਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ।
- ਇਸ ਕਾਨੂੰਨ ਦੇ ਅਮਲ ਵਿਚ ਆਉਣ ਦੀ ਤਾਰੀਖ ਦੇ 365 ਦਿਨਾਂ ਦੇ ਅੰਦਰ ਰਾਜ ਵਿਧਾਨ ਸਭਾਵਾਂ ਵਲੋਂ ਇਕ ਕਾਨੂੰਨ ਬਣਾ ਕੇ ਲੋਕਯੁਕਤ ਸੰਸਥਾ ਦੇ ਗਠਨ ਨੂੰ ਜ਼ਰੂਰੀ ਬਣਾਇਆ ਗਿਆ ਹੈ।

## ਰਾਸ਼ਟਰੀ ਡੇਅਰੀ ਯੋਜਨਾ ਪੜਾਅ ਇਕ ਹੇਠ 133 ਪ੍ਰਾਜੈਕਟਾਂ ਨੂੰ ਮਨਜ਼ੂਰੀ

ਦੇਸ਼ ਵਿਚ ਦੁੱਧ ਉਤਪਾਦਨ ਵਧਾਉਣ, ਪਸ਼ੂ ਧਨ ਦੀ ਬੇਹਤਰੀ ਲਈ ਤੇ ਪੇਂਡੂ ਦੁੱਧ ਉਤਪਾਦਕਾਂ ਦੀ ਸਹਾਇਤਾ ਵਾਸਤੇ ਰਾਸ਼ਟਰੀ ਡੇਅਰੀ ਯੋਜਨਾ ਦਾ ਪਹਿਲਾ ਪੜਾਅ ਲਗਭਗ ਦੋ ਸਾਲ ਪਹਿਲਾਂ 16 ਮਾਰਚ ਨੂੰ ਕੀਤਾ ਗਿਆ ਸੀ। ਸਾਲ 2011-12 ਤੋਂ 2016-17 ਤਕ ਦੇ ਇਸ ਦੇ ਪਹਿਲੇ ਪੜਾਅ ਹੇਠ ਹੁਣ ਤਕ 133 ਪ੍ਰਾਜੈਕਟ ਮਨਜ਼ੂਰ ਕੀਤੇ ਗਏ ਹਨ। ਪਹਿਲੇ ਪੜਾਅ ਹੇਠ ਪੰਜਾਬ, ਹਰਿਆਣਾ, ਰਾਜਸਥਾਨ ਸਮੇਤ 14 ਮੁੱਖ ਦੁੱਧ ਉਤਪਾਦਕ ਰਾਜਾਂ ਉਪਰ ਜ਼ੋਰ ਦਿਤਾ ਜਾ ਰਿਹਾ ਹੈ। ਖੇਤੀਬਾੜੀ ਤੇ ਡੱਬਾਬੰਦ ਸੱਨਅਤ ਬਾਰੇ ਰਾਜ ਮੰਤਰੀ ਸ੍ਰੀ ਚਰਨ ਦਾਸ ਮਹੰਤਾ ਨੇ ਰਾਜ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦੱਸਿਆ ਕਿ ਇਨ੍ਹਾਂ 133 ਪ੍ਰਾਜੈਕਟਾਂ ਵਾਸਤੇ 91 ਹਜ਼ਾਰ 445 ਲੱਖ ਰੁਪਏ ਦਾ ਬਜਟ ਮਨਜ਼ੂਰ ਕੀਤਾ ਗਿਆ ਹੈ। ਪੰਜਾਬ ਵਿਚ ਅਜਿਹੇ 9 ਪ੍ਰਾਜੈਕਟ ਦਿਤੇ ਗਏ ਹਨ ਜਿਨ੍ਹਾਂ ਦੀ ਲਾਗਤ 4 ਹਜ਼ਾਰ 996 ਲੱਖ ਰੁਪਏ ਹੈ।

## ਭਾਰਤ ਵਿਚ 24 ਪੁਲਾੜ ਖੋਜ ਕੇਂਦਰ

ਅਮਲਾ, ਲੋਕ ਸ਼ਿਕਾਇਤ ਨਿਵਾਰਣ ਅਤੇ ਪੈਨਸ਼ਨ ਰਾਜ ਮੰਤਰੀ ਸ੍ਰੀ ਵੀ. ਨਰਾਇਣਸਾਮੀ ਨੇ ਲੋਕ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦੱਸਿਆ ਕਿ ਦੇਸ਼ ਭਰ ਵਿਚ ਇਸ ਸਮੇਂ 15 ਜ਼ਿਲ੍ਹਿਆਂ ਵਿਚ 24 ਪੁਲਾੜ ਖੋਜ ਕੇਂਦਰ ਹਨ। 12ਵੀਂ ਪੰਜ ਸਾਲਾ ਯੋਜਨਾ ਦੌਰਾਨ ਪੁਲਾੜ ਖੋਜ ਲਈ 39 ਹਜ਼ਾਰ 750 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। 11ਵੀਂ ਪੰਜ ਸਾਲਾ ਯੋਜਨਾ ਦੌਰਾਨ 15 ਹਜ਼ਾਰ 195 ਕਰੋੜ ਰੁਪਏ ਖਰਚ ਹੋਏ ਹਨ।

**– ਪੀ.ਆਈ.ਬੀ. ਜਲੰਧਰ**

# ਪੁਸਤਕ ਪੜਚੋਲ

**ਪੁਸਤਕ : ਧੁਖਦੇ ਮਸਲੇ-ਭਖਦਾ ਪੰਜਾਬ**
**ਲੇਖਕ : ਕੁਲਬੀਰ ਸਿੰਘ ਸਿੱਧੂ**
**ਪ੍ਰਕਾਸ਼ਕ: ਖੁਦ ਲੇਖਕ, 1374, ਸੈਕਟਰ-68, ਮੋਹਾਲੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਪੰਨੇ : 504, ਮੁੱਲ : 300 ਰੁਪਏ**

'ਧੁਖਦੇ ਮਸਲੇ – ਭਖਦਾ ਪੰਜਾਬ' ਕੁਲਬੀਰ ਸਿੰਘ ਸਿੱਧੂ ਦੀ ਪੰਜਾਬੀ ਰਹਿਤਲ ਬਾਰੇ ਚਿੰਤਾ ਤੇ ਚਿੰਤਨ ਵਿਚੋਂ ਉਦੈ ਹੋਈ ਵਿਸਤ੍ਰਿਤ ਵਾਰਤਕ-ਕ੍ਰਿਤੀ ਹੈ। ਇਸ ਪੁਸਤਕ ਦੇ ਮੁੱਢਲੇ ਪੰਨਿਆਂ 'ਤੇ ਮਿਲਦੇ ਸਮਰਪਣੀ ਸ਼ਬਦ, ਸੁਆਗਤ ਤੇ ਸੁਗਾਤ, ਤਤਕਰਾ, ਪਦਮਸ੍ਰੀ ਗੁਰਦਿਆਲ ਸਿੰਘ ਅਤੇ ਕੁਲਵਿੰਦਰ ਸਿੰਘ ਸਰਾਇ ਦੇ ਭੂਮਿਕਾ ਮੁਖੀ ਸ਼ਬਦ ਅਤੇ ਇਸ ਪੁਸਤਕ ਦੀ ਰਚਨਾ ਪਿੱਛੇ ਕਾਰਜਸ਼ੀਲ ਲੇਖਕ ਦੀ ਆਪਣੀ ਭਾਵਨਾ ਪ੍ਰਗਟ ਕਰਦੇ ਸ਼ਬਦ 'ਖ਼ਿਆਲਾਂ ਦਾ ਤਾਣਾਬਾਣਾ' ਇਸ ਪੁਸਤਕ ਦੀ ਮੂਲ ਸੁਰ ਸਮਝਾ ਦਿੰਦੇ ਹਨ। ਜਦੋਂ ਪੁਸਤਕ ਦੇ ਪਾਠ ਵਿਚੋਂ ਗੁਜ਼ਰਦੇ ਹਾਂ ਤਾਂ ਇਹ ਸੁਰ ਪਕਿਆਈ ਗ੍ਰਹਿਣ ਕਰਦੀ ਹੋਈ ਜਿਹੜਾ ਸੂਝ-ਸੂਤਰ ਸਾਡੇ ਹੱਥੀ ਪਕੜਾਉਂਦੀ ਹੈ, ਉਹ ਹੈ – ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗ਼ੈਰਤ ਤੇ ਗੌਰਵਤਾ ਦੀ ਬੁਲੰਦੀ ਲਈ ਹਰ ਤਰ੍ਹਾਂ ਦੀਆਂ ਸੂਖ਼ਮ ਤੇ ਸਥੂਲ ਸਮਾਜੀ ਕਿਰਿਆਵਾਂ ਦੀ ਸ਼ਨਾਖ਼ਤ ਕਰਵਾ ਕੇ ਉਨ੍ਹਾਂ ਖ਼ਿਲਾਫ਼ ਜ਼ਿਹਾਦ ਛੇੜਨ ਦੀ ਜਾਗ ਲਾਉਣੀ।

ਕੁਲਬੀਰ ਸਿੰਘ ਸਿੱਧੂ ਆਈ ਏ ਐਸ ਅਧਿਕਾਰੀ ਵਜੋਂ ਉੱਚ ਪ੍ਰਸ਼ਾਸ਼ਨੀ ਅਹੁਦਿਆਂ ਉੱਪਰ ਕਰਮਸ਼ੀਲ ਰਿਹਾ ਹੈ। ਉਸ ਦੀ ਖ਼ੂਬਸੂਰਤੀ ਤੇ ਵਿਲੱਖਣਤਾ ਇਹ ਰਹੀ ਕਿ ਉਸ ਨੇ ਅਫ਼ਸਰਸ਼ਾਹੀ ਦੇ ਸਭ ਕਾਰਜ ਕਰਦਿਆਂ ਇਕ ਚੇਤੰਨ ਵਿਸ਼ਲੇਸ਼ਣੀ ਬੋਧ ਨਿਰੰਤਰ ਆਪਣੀ ਚੇਤਨਾ ਦੇ ਅੰਗ-ਸੰਗ ਰੱਖਿਆ। ਇੰਜ ਬੋਧ ਪ੍ਰਤਿ ਉਸ ਦੀ ਹਲਫ਼ੀਆ ਬਿਆਨੀ ਵਿਚੋਂ ਗੁਜ਼ਰ ਕੇ ਵਧੀਕ ਸਪੱਸ਼ਟ ਹੋਇਆ ਜਾ ਸਕਦਾ ਹੈ :

''ਪ੍ਰਸ਼ਾਸਨਿਕ ਵਿਵਸਥਾ ਤੇ ਅਫ਼ਸਰਸ਼ਾਹੀ ਬਾਰੇ ਮੈਂ ਇਸ ਪੁਸਤਕ ਵਿਚ ਜੋ ਵੀ ਲਿਖਿਆ ਹੈ, ਉਸ ਨੂੰ ਬਾਹਰ ਬੈਠੇ ਆਲੋਚਕਾਂ ਜਾਂ ਭਾਨੀਮਾਰਾਂ ਵਾਂਗੂ ਨਹੀਂ ਲਿਖਿਆ, ਸਗੋਂ ਮੈਂ ਹਮੇਸ਼ਾਂ ਵਾਂਗੂ ਪਹਿਲਾਂ ਖ਼ੁਦ ਆਪਣੇ ਆਪ ਨੂੰ ਆਪਣੀ ਅਫ਼ਸਰ ਬਰਾਦਰੀ ਵਿਚ ਸ਼ਾਮਿਲ ਵੇਖਿਆ ਹੈ ਤੇ ਫਿਰ ਉਸ ਤੋਂ ਬਾਅਦ ਹੀ ਮੈਂ ਸਰਕਾਰਾਂ ਤੇ ਅਫ਼ਸਰਸ਼ਾਹੀ ਦੇ ਲੈਣੇ-ਦੇਣੇ ਦੇ ਭੁਗਤਾਨ ਦਾ ਸੰਤਾਪ ਭੋਗ ਰਹੇ ਸੈਂਕੜੇ ਹਜ਼ਾਰਾਂ ਸਮਾਜਿਕ ਜੀਆਂ ਦੇ ਨਜ਼ਰੀਏ ਤੋਂ ਕੁੱਝ ਲਿਖਿਆ ਹੈ।" (ਪੰਨਾ-19)

ਸਮੁੱਚੀ ਪੁਸਤਕ ਵਿਚ ਜੋ ਵਿਸ਼ਲੇਸ਼ਣੀ ਤੱਥਾਂ ਦੀ ਅਹਿਮੀਅਤ ਹੈ ਉਹ ਲੇਖਕ ਦੀ ਇਸੇ ਦ੍ਰਿਸ਼ਟੀ ਵਿਚ ਹੀ ਆਪਣੀ ਹਕੀਕੀ ਹੋਂਦ ਗ੍ਰਹਿਣ ਕਰਦੀ ਹੈ। ਇਸੇ ਦ੍ਰਿਸ਼ਟੀ ਵਿਚੋਂ ਹੀ ਉਹ ਆਪਣਾ ਮਕਸਦੀ ਭਾਵ ਅਭਿਵਿਅਕਤ ਕਰਦਾ ਹੈ :

''ਸਾਡੀ ਜੀਵਨ ਸ਼ੈਲੀ ਤੇ ਸਭਿਆਚਾਰ ਮੁੱਖ ਤੌਰ ਤੇ ਵਪਾਰੀ ਤੇ ਤਿਜਾਰਤੀ ਅਸਰ ਤਹਿਤ ਆਪਣੇ ਪੁਰਖਿਆਂ ਦੇ ਸਿਦਕੀ ਤੇ ਸਬਰ-ਸਬੂਰੀ ਵਾਲੀਆਂ ਕਦਰਾਂ-ਕੀਮਤਾਂ ਦੀ ਧੁਰੀ ਤੋਂ ਹੁਣ ਹਿੱਲ ਚੁੱਕਾ ਹੈ। ਇਸ ਵਾਸਤੇ ਪੰਜਾਬੀ ਜੀਵਨ-ਸ਼ੈਲੀ ਤੇ ਆਪਣੇ ਸਭਿਆਚਾਰ ਦੇ ਇਸ ਕੇਂਦਰ ਬਿੰਦੂ ਨੂੰ ਹੀ ਆਪਣੀ ਜਗਹ 'ਤੇ ਸਾਵੇਂ-ਥਾਵੇਂ ਕਰਨ ਦੀ ਲੋੜ ਹੈ।" (ਪੰਨਾ-25)

ਬੈਂਜਾਮਿਨ ਨੇ ਗਿਆਨ ਤੋਂ ਮੁੱਲੰਕਣ ਤਕ ਦੇ ਛੇ ਪੜਾਵਾਂ (ਗਿਆਨ, ਸਮਝ, ਪ੍ਰਯੋਗ, ਵਿਸ਼ਲੇਸ਼ਣ, ਸੰਸਲੇਸ਼ਣ, ਮੁੱਲੰਕਣ) ਦੀ ਗੱਲ ਕਰਦਿਆਂ ਗਿਆਨ ਨੂੰ ਕਾਰਜ-ਮੁਕੰਮਲਤਾ ਦੀ ਸਭ ਤੋਂ ਹੇਠਲੀ ਪੌੜੀ ਤੇ ਰੱਖਿਆ ਹੈ। ਸਾਡੀ ਬਹੁਤੀ ਵਾਰਤਕ ਵੀ ਇਸੇ ਪੌੜੀ 'ਤੇ ਨਜ਼ਰ ਆਉਂਦੀ ਹੈ। ਪਰ ਕੁਲਬੀਰ ਸਿੰਘ ਸਿੱਧੂ ਦੀ ਕਰਮਸ਼ੀਲਤਾ ਅਤੇ ਬੋਧ-ਦ੍ਰਿਸ਼ਟੀ ਉਸ ਨੂੰ ਵਿਸ਼ਲੇਸ਼ਣੀ ਸੰਸਲੇਸ਼ਣੀ ਤੇ ਮੁੱਲਾਂਕਣੀ ਪੜਾਵਾਂ ਤਕ ਲੈ ਜਾਂਦੀ ਹੈ।

ਸਮਾਨਾਂਤਰੀ ਪਾਠ ਸਿਰਜਣਾ ਸਿੱਧੂ-ਵਾਰਤਕ ਪਾਠਾਂ ਦੀ ਅਹਿਮ ਜੁਗਤ ਹੈ। ਹਰ ਵਾਰਤਕ ਪਾਠ ਵਿਚ ਉਹ ਦੋ-ਮੁਖੀ ਵਰਤਾਰੇ ਸਿਰਜਦਾ ਹੈ। ਇਕ ਪਾਸੇ ਪੰਜਾਬ ਅੰਦਰਲੇ ਪ੍ਰਸ਼ਾਸ਼ਨਿਕ ਕੁਹਜ, ਰਾਜਨੀਤਕ ਭ੍ਰਿਸ਼ਟਤਾ, ਮਾਨਸਿਕ ਵਿਕਰਤੀਆਂ, ਬੌਧਿਕ ਬੌਣੇਪਨ, ਨਸ਼ਿਆਂ ਦੀ ਲਾਹਣਤ, ਔਰਤ ਦੁਰਦਸ਼ਾ, ਮਹਿੰਗਾਈ-ਮਾਰਾਂ, ਕਿਰਤ ਸ਼ੋਸ਼ਣ, ਧਰਮ ਦੇ ਨਾਂ 'ਤੇ ਫੈਲੇ ਅਧਰਮ, ਸਭਿਆਚਾਰ ਦੇ ਨਾਂ 'ਤੇ ਫੈਲੇ ਅਸਭਿਆਚਾਰ ਅਤੇ ਵਿਭਿੰਨ ਕੂਟਨੀਤਕ ਕਾਲਖਾਂ ਦੀ ਤਸਵੀਰਕਸ਼ੀ ਕਰਦਾ ਹੈ ਤੇ ਦੂਜੇ ਪਾਸੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਉਚੇਰੇ ਗੌਰਵਸ਼ਾਲੀ ਮੁੱਲਾਂ ਦਾ ਆਦਰਸ਼ਕ ਖ਼ਾਕਾ ਚਿਤਰਦਾ ਹੈ। ਇਸ ਖ਼ਾਕੇ ਵਿਚ ਪੰਜਾਬੀ ਵਿਰਾਸਤ ਦੀਆਂ ਨੀਤੀਗਤ ਉੱਚਾਈਆਂ, ਰਿਸ਼ਤਾਗਤ ਸਾਂਝਾਂ, ਵਿਲੱਖਣ ਕੁਰਬਾਨੀਆਂ, ਧਾਰਮਿਕ ਉੱਚਤਾਵਾਂ ਅਤੇ ਚਰਿਤਰਗਤ ਸੁੱਚਤਾਵਾਂ ਦੇ ਚਿਤਰ ਉਲੀਕਦਾ ਹੈ। ਇਨ੍ਹਾਂ ਦੋਹਾਂ ਤਰ੍ਹਾਂ ਦੇ ਵਰਤਾਰਿਆਂ ਦੇ ਸਮਾਨਾਂਤਰੀ ਪਾਠਾਂ ਵਿਚ ਗੁਜ਼ਰਦੀ ਹੋਈ ਪਾਠਕ-ਚੇਤਨਾ ਸਹਿਜੇ ਹੀ ਜਾਗ੍ਰਿਤੀ ਮੁਹਿੰਮ ਨਾਲ ਆਤਮਸਾਤ ਕਰ ਲੈਂਦੀ ਹੈ।

ਤਿਜ਼ਾਰਤੀ ਚਮਕ ਤੇ ਵਪਾਰਕ ਮਾਨਸਿਕਤਾ ਨੇ ਪੰਜਾਬੀ ਜੀਵਨ ਨੂੰ ਪੁਰਖਿਆਂ ਦੇ ਸਿਦਕੀ ਧੁਰੇ ਨਾਲੋਂ ਤੋੜ ਦਿਤਾ ਹੈ। ਲੇਖਕ ਦੀ ਪੁਰਜ਼ੋਰ ਕੋਸ਼ਿਸ਼ ਪੰਜਾਬੀ ਜੀਵਨ ਨੂੰ ਮੁੜ ਤੋਂ ਉਹੀ ਪੁਰਖਿਆਂ ਵਾਲੀ ਹਕੀਕੀ ਜੀਵਨ-ਧਾਰਾ ਨਾਲ ਜੋੜਨ ਦੀ ਹੈ। ਇਸ ਕੋਸ਼ਿਸ਼ ਤਹਿਤ ਉਹ ਪੰਜਾਬੀ ਲੋਕਧਾਰਾ, ਮੱਧਕਾਲੀ ਕਾਵਿ, ਉਰਦੂ ਅਦਬ ਅਤੇ ਆਧੁਨਿਕ ਪੰਜਾਬੀ ਵਿਚੋਂ ਅਹਿਮ ਫੈਲਸੂਫ਼ੀਆਂ ਚੁਣ ਕੇ ਆਪਣੀ ਵਿਚਾਰਧਾਰਾ ਦੇ ਨਾਲ-ਨਾਲ ਸੰਚਾਰਤ ਕਰਦਾ ਰਹਿੰਦਾ ਹੈ। ਧਰਮ, ਨੀਤੀ, ਦਰਸ਼ਨ, ਸਭਿਆਚਾਰ ਵਿਚੋਂ ਜੋ ਕੁਝ ਵੀ ਪ੍ਰਭਾਵਸ਼ਾਲੀ ਲਹਿਜ਼ੇ ਵਿਚ ਉਸ ਦੇ ਮੱਤ ਦੀ ਪੁਖ਼ਤਗੀ ਕਰਨ ਵਿਚ ਸਹਾਈ ਹੋ ਸਕਦਾ ਹੈ ਉਸ ਨੂੰ ਸਹਿਜੇ ਹੀ ਆਪਣੇ ਵਿਚਾਰ-ਪ੍ਰਵਾਹ ਵਿਚ ਸ਼ਾਮਿਲ ਕਰ ਲੈਂਦਾ ਹੈ। ਕਈ ਦਫ਼ਾ ਉਸ ਦੇ ਵਿਚਾਰ ਅਤੇ ਲੋਕਧਾਰਾਈ ਤੱਥਾਂ ਵਿਚ ਅਜੋੜਤਾ ਵੀ ਸਾਹਮਣੇ ਆਈ ਹੈ। ਪਰ ਇਨ੍ਹਾਂ ਅਜੋੜਤਾ ਨੂੰ ਵੇਗਮਈ ਸਥਿਤੀ ਦਾ ਅਪਵਾਦ ਸਮਝਣਾ ਉੱਚਿਤ ਹੈ। ਇਹ ਵੇਗਮਈ ਸਥਿਤੀ ਉਸ ਦੀ ਵਾਰਤਕ ਨੂੰ ਵਧੀਕ ਵਿਸਥਾਰ ਵੱਲ ਵੀ ਲੈ ਜਾਂਦੀ ਹੈ।

ਪੁਸਤਕ ਦੇ ਅਖੀਰ ਵਿਚ ਪੰਜਾਬ ਦੀ ਧਰਤੀ 'ਤੇ ਪੈਦਾ ਹੋਏ ਧਾਰਮਿਕ ਅਧਿਆਤਮਕ ਪੁਰਸ਼ਾਂ, ਸੂਰਬੀਰਾਂ, ਕਲਾਕਾਰਾਂ, ਖਿਡਾਰੀਆਂ, ਸਿਖਿਆ ਸ਼ਾਸ਼ਤਰੀਆਂ, ਇਤਿਹਾਸਕਾਰਾਂ, ਖੋਜਕਾਰਾਂ ਦੀ

ਗੌਰਵਸ਼ਾਲੀ ਕਾਰਜਵਿਧੀ ਦਾ ਵਿਵਰਣ ਦਿਤਾ ਹੈ। ਸਮਾਜ, ਸਭਿਆਚਾਰ, ਧਰਮ, ਅਰਥ, ਸਾਹਿਤ, ਇਤਿਹਾਸ ਬਾਰੇ ਤਥਾਗਤ ਅੰਕੜੇ ਪੇਸ਼ ਕਰਦਾ ਲੇਖਕ ਇਕ ਖੋਜਕਾਰ ਵਜੋਂ ਵੀ ਸੁਚੱਜੀ ਛਾਪ ਛੱਡ ਜਾਂਦਾ ਹੈ। ਇਸ ਸਫ਼ਰ ਦੇ ਆਰਪਾਰ ਫ਼ੈਲਿਆ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪਸਾਰਾਂ ਪ੍ਰਤਿ ਇਹ ਚਿੰਤਕ ਚੇਤਨਾ ਦਾ ਕਾਰਜ ਮੁਬਾਰਕੀ ਸੁਆਗਤ ਦਾ ਹੱਕਦਾਰ ਹੈ।

**– ਦੇਵਿੰਦਰ ਸੈਫ਼ੀ (ਡਾ.)**

**ਪੁਸਤਕ : ਮੇਰਾ ਬੱਚਾ ਤੇ ਮੈਂ (ਨਾਟਕ)**
**ਲੇਖਕ : ਡਾ. ਚਰਨਦਾਸ ਸਿੱਧੂ**
**ਪੰਨੇ : 63, ਮੁੱਲ : 100 ਰੁਪਏ**
**ਪ੍ਰਕਾਸ਼ਕ: ਸ਼ਿਲਾਲੇਖ, ਸ਼ਾਹਦਰਾ, ਦਿੱਲੀ**

ਹਥਲਾ ਨਾਟਕ 'ਮੇਰਾ ਬੱਚਾ ਤੇ ਮੈਂ ਪੜ੍ਹਿਆ। ਪਹਿਲੀ ਬਾਰ ਪੜ੍ਹਨ 'ਤੇ ਲੱਗਾ ਕਿ ਸ਼ਾਇਦ ਇਸ ਨੂੰ ਕਈ ਹਿੱਸਿਆਂ ਵਿਚ ਮੈਂ ਪਹਿਲੋਂ ਵੀ ਪੜ੍ਹ ਚੁੱਕਾ ਹਾਂ। ਨਾਟਕ ਦੇ ਪਾਤਰਾਂ ਦੀ ਝਲਕ, ਟੁਕੜਿਆਂ ਵਿਚ, ਮੈਨੂੰ ਨਾਟਕ ਭਜਨੋ, ਚੰਨੋ, ਨੀਨਾ, ਪੂਨਮ, ਰੌਸ਼ਨੀ, ਪੂਰੋ, ਮਿੰਦੋ, ਛਿੰਦਾ, ਕਾਬਲ, ਮਾਸਟਰ, ਸਰਬਣ, ਲਾਲ ਕ੍ਰਿਸ਼ਣ, ਵਰਗੀ ਲੱਗੀ। ਬੇਸ਼ੱਕ ਪਹਿਲੇ ਨਾਟਕਾਂ ਦੇ ਪਾਤਰਾਂ ਨੂੰ ਵੇਖੀਏ ਤਾਂ ਉਹ ਸਾਡੇ ਆਸ ਪਾਸ ਦੇ ਤਾਂ ਹੁੰਦੇ ਹੀ ਹਨ, ਫਿਰ ਵੀ ਇਕ ਨਵੇਂ ਰੂਪ ਵਿਚ ਸਾਹਮਣੇ ਆਉਂਦੇ ਰਹਿੰਦੇ ਸਨ। ਦੂਜੀ ਬਾਰ ਪੜ੍ਹਨ 'ਤੇ ਲੱਗਾ ਕਿ ਉਨ੍ਹਾਂ ਪੁਰਾਣੇ ਪਾਤਰਾਂ ਨੂੰ ਆਧੁਨਿਕ ਢੰਗ ਅਤੇ ਅੱਜਕੱਲ੍ਹ ਦੀ ਬੋਲੀ ਤੇ ਮਾਹੌਲ ਦਾ ਰੂਪ ਦੇ ਦਿਤਾ ਹੈ। ਜਿਵੇਂ : ਭਜਨੋ ਦਾ ਕਰਮ ਸਿੰਘ, ਮੋਬਾਈਲ ਹੱਥਾਂ ਵਿਚ ਫੜੀ, ਸਰਪੰਚ ਤੋਂ ਬਾਅਦ, ਐੱਮ ਐੱਲ ਏ ਦੀਆਂ ਚੋਣਾਂ ਲੜਨ ਲੱਗਾ ਹੋਵੇ। ਰੇਸ਼ਮਾ ਰੂਪੀ ਮਿੰਦੋ, ਸਰਬਣ ਦੇ ਮੂੰਹ 'ਤੇ ਥੱਪੜ ਮਾਰ ਕੇ, ਆਪਣਾ ਬਦਲਾ ਕੱਢਦੀ ਹੋਈ ਦਿਸੀ। ਜਾਂ, ਛਿੰਦਾ ਆਪਣੀ ਭੈਣ ਜੀਤੋ ਦੇ ਨਾਲ, ਮੋਢੇ ਨਾਲ ਮੋਢਾ ਮਿਲਾ ਕੇ, ਉਸ ਦਾ ਸਾਥ ਦਿੰਦਾ ਹੋਵੇ। ਇਹ ਡਰਾਮਾ ਪਹਿਲੇ ਨਾਟਕ ਭਜਨੋ ਦੀ ਵਿਆਹ ਤੋਂ ਪਹਿਲਾਂ ਦੀ ਦਾਸਤਾਨ ਸੁਣਾਉਂਦਾ ਹੋਇਆ ਲਗਦਾ ਹੈ।

ਤਕਨੀਕ ਪੱਖੋਂ, *ਮੇਰਾ ਬੱਚਾ ਤੇ ਮੈਂ* ਡਰਾਮਾ *ਭਜਨੋ* ਵਾਂਗਰ ਭੱਜਦਾ ਹੈ। ਅੱਜਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਾਕਰ। ਘਟਨਾਵਾਂ, ਮੋਬਾਈਲ ਦੇ ਮਾਡਲਾਂ ਵਾਂਗ, ਫਟਾਫਟ ਬਦਲਦੀਆਂ ਹਨ। ਪਰ ਉਹ ਭਾਰ ਨਾ ਬਣ ਕੇ ਸਹਿਜ ਲਗਦੀਆਂ ਹਨ। ਜਿਸ ਪਾਠਕ ਨੇ ਡਾ. ਸਿੱਧੂ ਦੇ ਪਹਿਲੇ ਨਾਟਕ ਨਾ ਪੜ੍ਹੇ ਹੋਣ, ਨਾ ਦੇਖੇ ਹੋਣ, ਉਸ ਵਾਸਤੇ *ਮੇਰਾ ਬੱਚਾ ਤੇ ਮੈਂ* ਨਵਾਂ ਤੇ ਇਨਕਲਾਬੀ ਹੋਵੇਗਾ। ਔਰਤਾਂ ਦਾ ਪੱਖ ਪੂਰਦਾ ਨਾਟਕ ! ਔਰਤ ਜਿਹੜੀ ਆਧੁਨਿਕ ਹੈ। ਪੁਰਾਣੀ ਕੁੰਤੀ, ਦਰੋਪਦੀ, ਸੀਤਾ, ਸਵਿੱਤਰੀ ਨਹੀਂ। ਸਗੋਂ ਅੱਜ ਦੇ ਸਮਾਜ ਦੀ ਆਮ ਕੁੜੀ – ਜਿਸ ਨੂੰ ਆਪਣੀ ਮਦਦ ਵਾਸਤੇ, ਕੋਈ ਰਾਮ, ਅਰਜਣ, ਕ੍ਰਿਸ਼ਨ, ਨਹੀਂ ਮਿਲੂਗਾ। ਆਪਣੀ ਹਿੰਮਤ ਸਦਕਾ, ਉਹ ਆਪਣੀਆਂ ਮੁਸ਼ਕਲਾਂ ਨੂੰ ਡੇਗਦੀ ਹੋਈ ਆਪਣਾ ਰਾਹ ਖ਼ੁਦ ਭਾਲੇਗੀ।

'ਮੇਰਾ ਬੱਚਾ ਤੇ ਮੈਂ ਖੇਡਦੇ ਵੇਲੇ, ਦੇਬੋ ਦਾ ਰੋਲ ਖੇਡਣ ਵਾਲੀ ਚਰਣੀਤਾ ਦੇ ਲਫ਼ਜ਼ ਮੈਨੂੰ ਯਾਦ ਆਉਂਦੇ ਹਨ : "ਜਿਸ ਹਾਲਤ ਵਿਚ ਦੇਬੋ ਫਸ ਜਾਂਦੀ ਹੈ, ਮੈਂ ਉਸ ਦੇ ਕਾਰਨਾਂ ਨੂੰ ਗ਼ਲਤ ਨਹੀਂ ਆਖਦੀ।" ਸਗੋਂ, ਉਹ ਤੇ ਇਕ ਕੁੜੀ ਦੀ ਕੁਦਰਤੀ ਜ਼ਰੂਰਤ ਨੂੰ ਸਵੀਕਾਰਦੀ ਹੈ – ਜਿਹੜੀ ਕੁੜੀ ਆਪਣੇ ਵਿਆਹ ਦੇ ਇਕ ਹਫ਼ਤੇ ਬਾਅਦ ਹੀ ਖ਼ਸਮ ਨੂੰ ਨਪੁੰਸਕ ਜਾਣ ਕੇ, ਮੁੜ ਕੇ ਆਪਣੇ ਮਾਂ-ਪਿਉ ਘਰ ਆ ਜਾਂਦੀ ਹੈ। ਚਰਣੀਤਾ ਦੇ ਹਿਸਾਬ ਨਾਲ, ਹਿੰਦੁਸਤਾਨੀ ਸਮਾਜ ਦਾ ਕੋਈ ਵੀ ਮਰਦ, ਜ਼ਨਾਨੀ ਦੀ ਇਸ ਲੋੜ ਨੂੰ ਹਮੇਸ਼ਾ 'ਡਿਗਣਾ' ਹੀ ਕਹੇਗਾ। ਕਿਉਂਕਿ ਉਹ ਜ਼ਨਾਨੀ ਦੇ ਨਜ਼ਰੀਏ ਤੋਂ ਨਹੀਂ ਸੋਚ ਸਕਦਾ। ਉਹ ਔਰਤ ਵੀ ਨਹੀਂ ਬਣ ਸਕਦਾ। ਹਰ ਔਰਤ, ਇਕ ਸਮੇਂ ਤੋਂ ਬਾਅਦ, ਮਾਂ ਬਣਨਾ ਚਾਹਵੇਗੀ – ਜਿਹੜੀ ਉਸ ਨੂੰ ਪੂਰਨ ਨਾਰੀ ਰੂਪ ਬਣਾਉਂਦੀ ਹੈ। ਚਰਣੀਤਾ ਮੁਤਾਬਿਕ, ਦੇਬੋ ਭਟਕਣ ਵਾਲੀ ਜਾਂ ਡਿੱਗੀ ਹੋਈ ਔਰਤ ਨਹੀਂ ਹੈ। ਸਗੋਂ ਖ਼ੁਦਗਰਜ਼ ਮਰਦਾਂ ਦੇ ਬੁਣੇ ਹੋਏ ਚੱਕਰਵਿਊ ਤੋਂ ਬਾਹਰ ਨਿਕਲਣ ਵਾਲੀ ਯੋਧਾ ਹੈ।

ਹਥਲਾ ਨਾਟਕ ਸਟੇਜ ਦੀ ਨਜ਼ਰ ਤੋਂ, ਹਰ ਝਾਕੀ ਅਲੱਗ ਹੈ। ਚਾਰ ਜ਼ਨਾਨੀਆਂ। ਦੋ ਵਰਤਮਾਨ ਨੂੰ ਦਰਸਾ ਰਹੀਆਂ ਹਨ, ਜਿਨ੍ਹਾਂ ਦੀ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲੋਂ ਹੀ ਭੰਵਰ ਵਿਚ ਫਸ ਚੁੱਕੀ ਹੈ। ਦੋ ਔਰਤਾਂ ਜਿਹੜੀਆਂ ਸਮਾਜੀ ਚੱਕੀ ਅੰਦਰ ਫਸ ਕੇ, ਆਪਣੀ ਜ਼ਿਦਗੀ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਦੀਆਂ ਹੋਈਆਂ। ਸ਼ਾਇਦ ਔਰਤਾਂ ਦੇ ਇਸ ਦਰਦ ਦੀ ਤੇ ਇਸ ਭਾਂਤ ਦੀ ਗੱਲਬਾਤ, ਨਾਟਕੀ ਰੂਪ ਵਿਚ, ਪਹਿਲੀ ਵਾਰ ਸਾਹਮਣੇ ਆਈ ਹੈ।

ਤੀਜਾ ਦ੍ਰਿਸ਼ ਮਰਦਾਂ ਦੁਆਰਾ ਪਰਿਵਾਰਿਕ ਸਮੱਸਿਆ ਨੂੰ ਸਮਾਜੀ ਬਣਾ ਕੇ ਔਰਤ ਦੀਆਂ ਕੁਦਰਤੀ ਲੋੜਾਂ ਨੂੰ ਧਰਮ ਨਾਲ ਜੋੜ ਕੇ, ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਨੂੰ ਵੇਖਦਾ ਹੈ ਜਿਹੜਾ ਕਿ ਸਦੀਆਂ ਤੋਂ ਚਲਿਆ ਆ ਰਿਹਾ ਹੈ। ਜ਼ਨਾਨੀ ਵਿਧਵਾ ਹੋ ਗਈ ਹੈ, ਤਾਂ 'ਗੀਤਾ ਪੜ੍ਹ'। ਦੁਖੀ ਹੈ, ਤਾਂ 'ਸੱਤਨਾਰਾਇਣ ਦੀ ਕਥਾ ਕਰ' .. 'ਵੇਦ ਸ਼ਾਸਤਰ ਪੜ੍ਹ'। ਇਹ ਦ੍ਰਿਸ਼ ਧਾਰਮਿਕ ਪਖੰਡਾਂ ਨੂੰ, ਮਜ਼ਹਬੀ ਫਰੇਬਾਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਹੈ। ਅੱਜਕੱਲ੍ਹ ਦੇ ਸਮਾਜ ਵਿਚ ਜੋ ਕੁਝ ਵੀ ਵਾਪਰ ਰਿਹਾ ਹੈ, ਦੂਜੀ ਤੇ ਤੀਜੀ ਝਾਕੀ ਉਸ ਦਾ ਦਰਪਣ ਹੈ।

ਨਾਟਕ ਦੇ ਕਲਾਈਮੈਕਸ ਸੀਨ ਦੀ ਚਰਚਾ ਕਰਨਾ ਉੱਚਿਤ ਹੋਵੇਗਾ। ਪਹਿਲੀ ਬਾਰ ਪੜ੍ਹਦੇ ਵੇਲੇ, ਇਸ ਸੀਨ ਬਾਰੇ ਸਾਰੇ ਕਾਲਾਕਾਰ ਅਲੱਗ-ਅਲੱਗ ਵਿਚਾਰ ਦੇ ਦੇਖੇ। ਰਮੇਸ਼ ਖੰਨਾ (ਸਰਪੰਚ) ਇਸ ਰਾਏ ਦਾ ਸੀ ਕਿ ਦੇਬੋ ਚਰਿਤਰ ਤੋਂ ਡਿਗ ਗਈ ਹੈ ਅਤੇ ਸੁਆਮੀ ਨੂੰ ਫਸਾ ਰਹੀ ਹੈ। ਪਰ ਗੌਰਵ ਗਰੋਵਰ (ਸੁਆਮੀ) ਇਸ ਗੱਲ ਦੀ ਤਕੀਦ ਕਰ ਰਿਹਾ ਸੀ ਕਿ ਸੁਆਮੀ ਜੁਆਨ ਹੈ। ਬੇਸ਼ਕ ਉਹ ਵੇਦਾਂ ਸ਼ਾਸਤਰਾਂ ਦੀ ਸਿੱਖਿਆ ਦੇ ਰਿਹਾ ਹੈ, ਉਹ ਦੀਆਂ ਵੀ ਭਾਵਨਾਵਾਂ ਹਨ – ਜਿਹੜੀਆਂ ਕਿ ਝੂਠੇ ਭਾਸ਼ਣਾਂ ਨਾਲ ਦਬਾਈਆਂ ਨਹੀਂ ਜਾ ਸਕਦੀਆਂ। ਅਜਿਹੀਆਂ ਭਾਵਨਾਵਾਂ ਦੀ ਵੀ ਲੋੜ ਹੈ। ਸਾਰੀਆਂ ਕਲਾਕਾਰ ਕੁੜੀਆਂ ਇਕ ਜੁੱਟ ਹੋ ਕੇ, ਮੁੰਡਿਆਂ ਦਾ ਵਿਰੋਧ ਕਰ ਰਹੀਆਂ ਸਨ। ਚੋਖੇ ਬਹਿਸ ਮੁਬਾਹਿਸੇ ਤੋਂ ਬਾਅਦ ਸਭ ਇਸ ਨਤੀਜੇ ਉਤੇ ਪਹੁੰਚੇ : ਸੁਆਮੀ ਤੇ ਦੇਬੋ ਖਲਨਾਇਕ ਨਹੀਂ ਹਨ। ਅੰਤ ਵਿਚ, ਸਭਨਾਂ ਦੀ ਹਮਦਰਦੀ ਦੇਬੋ, ਸੁਆਮੀ ਅਤੇ ਉਨ੍ਹਾਂ ਦੇ ਹੋਣ ਵਾਲੇ ਬੱਚੇ ਦੇ ਨਾਲ ਸੀ।

ਅਖੀਰ ਵਿਚ, ਕਿਹਾ ਜਾ ਸਕਦਾ ਹੈ ਕਿ 'ਮੇਰਾ ਬੱਚਾ ਤੇ ਮੈਂ ਜ਼ਿੰਦਗੀ ਦੀ ਹਕੀਕਤ ਨੂੰ ਯਥਾਰਥਕ ਬੋਲੀ ਵਿਚ ਪੇਸ਼ ਕਰਦਾ ਹੈ ਤੇ ਸਰੋਤਿਆਂ/ਪਾਠਕਾਂ ਅੰਦਰ ਡੂੰਘੀ ਸੰਵੇਦਨਾ ਨੂੰ ਭਰਦਾ ਹੈ। ਇਸ ਨਾਟਕ ਦੇ ਨਿਰਦੇਸ਼ਕ ਵਜੋਂ ਮੈਂ ਕਹਿਣਾ ਚਾਹੁੰਦਾ ਹਾਂ ਇਹ ਨਾਟਕ ਮੰਚ ਉਤੇ ਪੂਰੀ ਤਰ੍ਹਾਂ ਸਫਲ ਰਿਹਾ ਹੈ।

**– ਰਵੀ ਤਨੇਜਾ**